ਸ਼ਨੀਵਾਰ, 4 ਨਵੰਬਰ, 2023
19 ਕੱਤਕ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 155

# ਨਵਾਂ ਜ਼ਮਾਨਾ

DAILY NAWAN ZAMANA • SATURDAY, 4 NOVEMBER, 2023 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕਿਰਤ ਭਵਨ ਦੇ ਸਾਹਮਣੇ ਕਿਰਤੀਆਂ ਦੀ ਲਲਕਾਰ

### ਦਿਹਾੜੀ 12 ਘੰਟੇ ਕਰਨ ਵਿਰੁੱਧ ਮੁਹਾਲੀ 'ਚ ਪੰਜਾਬ ਪੱਧਰੀ ਮੁਜ਼ਾਹਰਾ, ਮੰਗਾਂ ਨਾ ਮੰਨਣ 'ਤੇ ਤਿੱਖੇ ਸੰਘਰਸ਼ ਦਾ ਐਲਾਨ





ਮੋਹਾਲੀ : ਸ਼ੁੱਕਰਵਾਰ ਇੱਥੇ ਪੰਜਾਬ ਦੇ ਕੋਨੇ-ਕੋਨੇ ਤੋਂ ਆਏ ਵੱਖ-ਵੱਖ ਸਨਅਤਾਂ ਅਤੇ ਵਿਭਾਗਾਂ ਨਾਲ ਸੰਬੰਧਤ ਹਜ਼ਾਰਾਂ ਕਿਰਤੀਆਂ ਤੇ ਮੁਲਾਜ਼ਮਾਂ ਨੇ ਕਿਰਤ ਭਵਨ ਦੇ ਸਾਹਮਣੇ ਜ਼ਬਰਦਸਤ ਰੋਸ ਰੈਲੀ ਤੇ ਮੁਜ਼ਾਹਰਾ ਕਰਕੇ ਪੰਜਾਬ ਸਰਕਾਰ ਦੇ ਸਨਅਤੀ ਮਜ਼ਦੂਰਾਂ, ਭੱਠਾ ਮਜ਼ਦੂਰਾਂ ਅਤੇ ਮੁਲਾਜ਼ਮਾਂ ਉਪਰ ਕੰਮ ਦਿਹਾੜੀ 8 ਘੰਟੇ ਤੋਂ ਵਧਾ ਕੇ 12 ਘੰਟੇ ਠੋਸਣ ਦੇ ਨਾਦਰਸ਼ਾਹੀ ਫੈਸਲੇ ਨੂੰ ਵੰਗਾਰਿਆ ਅਤੇ ਸਭ ਕਿਰਤੀਆਂ ਅਤੇ ਮਿਹਨਤਕਸ਼ ਲੋਕਾਂ ਨੂੰ ਇਸ ਵਿਰੁੱਧ ਅਤੇ ਲੋਕਾਂ ਦੀਆਂ ਭਖਦੀਆਂ ਮੰਗਾਂ ਲਈ ਸਾਂਝੀ ਲਾਮਬੰਦੀ ਕਰਨ ਲਈ ਉਭਾਰਿਆ। ਰੈਲੀ 'ਚ ਐਲਾਨ ਕੀਤਾ ਗਿਆ ਕਿ ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਨਵੀਂ ਰਣਨੀਤੀ ਘੜ ਕੇ ਵਧੇਰੇ ਜੁਝਾਰੂ ਐਕਸ਼ਨ ਕੀਤੇ ਜਾਣਗੇ।

ਮਜ਼ਦੂਰਾਂ-ਮੁਲਾਜ਼ਮਾਂ ਦੀਆਂ ਚਾਰ ਪ੍ਰਮੁੱਖ ਜਥੇਬੰਦੀਆਂ-ਏਟਕ, ਇੰਟਕ, ਸੀ ਟੀ ਯੂ ਪੰਜਾਬ ਅਤੇ ਹਿੰਦ ਮਜ਼ਦੂਰ ਸਭਾ ਦੇ ਸੱਦੇ ਉਤੇ ਲਾਮਬੰਦ ਹੋਏ ਹਜ਼ਾਰਾਂ ਮਜ਼ਦੂਰਾਂ ਨੂੰ ਲੇਬਰ ਭਵਨ ਦੇ ਸਾਹਮਣੇ ਚੌਹਾਂ ਜਥੇਬੰਦੀਆਂ ਦੇ ਆਗੂਆਂ ਨੇ ਸੰਬੋਧਨ ਕੀਤਾ। ਉਨ੍ਹਾਂ ਮਜ਼ਦੂਰਾਂ ਦੀ ਕੰਮ ਦਿਹਾੜੀ ਦੇ ਘੰਟੇ ਵਧਾਉਣ ਦੇ ਫੈਸਲੇ ਦੀ ਸਖਤ ਨਿੰਦਿਆ ਕਰਨ ਅਤੇ ਇਸ ਨੂੰ ਵਾਪਸ ਲੈਣ ਉਤੇ ਜ਼ੋਰ ਦੇਣ ਤੋਂ ਇਲਾਵਾ ਮੰਗ ਕੀਤੀ ਕਿ ਘੱਟੋ-ਘੱਟ ਉਜਰਤ ਜੋ 2012 ਤੋਂ ਬਾਅਦ ਕਦੇ ਨਹੀਂ ਵਧਾਈ ਗਈ, ਵਿਚ ਫੌਰਨ ਵਾਧਾ ਕੀਤਾ ਜਾਵੇ। ਹੁਨਰਮੰਦ ਮਜ਼ਦੂਰ ਦੀ ਘੱਟੋ-ਘੱਟ ਤਨਖਾਹ 26,000 ਰੁਪਏ ਪ੍ਰਤੀ ਮਹੀਨਾ ਨਿਸ਼ਚਿਤ ਕੀਤੀ ਜਾਵੇ।

ਪੰਜਾਬ ਭਰ ਤੋਂ ਆਏ ਮਜ਼ਦੂਰਾਂ, ਮੁਲਾਜ਼ਮਾਂ, ਪੰਜਾਬ ਸਰਕਾਰ ਦੇ ਠੇਕਾ ਭਰਤੀ ਅਤੇ ਆਊਟ ਸੋਰਸ ਵਰਕਰਾਂ

● ਬਾਕੀ ਸਫ਼ਾ 2 'ਤੇ

## ਕੈਨੇਡਾ ਭੇਜਣ 'ਚ ਠੱਗੀ ਦੇ ਮੁਲਜ਼ਮ ਬ੍ਰਿਜੇਸ਼ ਮਿਸ਼ਰਾ ਨੇ ਦੋਸ਼ ਨਕਾਰੇ

ਟੋਰਾਂਟੋ : ਕੈਨੇਡਾ 'ਚ ਸਟੱਡੀ ਪਰਮਿਟ ਹਾਸਲ ਕਰਨ ਲਈ ਜਾਲ੍ਹੀ ਕਾਲਜ ਦਾਖਲਾ ਪੱਤਰ ਦੇ ਕੇ ਸੈਂਕੜੇ ਭਾਰਤੀ ਵਿਦਿਆਰਥੀਆਂ, ਜਿਨ੍ਹਾਂ 'ਚ ਬਹੁਤੇ ਪੰਜਾਬੀ ਹਨ, ਨਾਲ ਹਜ਼ਾਰਾਂ ਡਾਲਰਾਂ ਦੀ ਠੱਗੀ ਮਾਰਨ ਦੇ ਮੁਲਜ਼ਮ ਇਮੀਗ੍ਰੇਸ਼ਨ ਏਜੰਟ ਬ੍ਰਿਜੇਸ਼ ਮਿਸ਼ਰਾ ਨੇ ਆਪਣੇ ਖਿਲਾਫ ਲੱਗੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਮਿਸ਼ਰਾ, ਜੋ ਜੂਨ ਤੋਂ ਬ੍ਰਿਟਿਸ਼ ਕੋਲੰਬੀਆ ਦੀ ਜੇਲ੍ਹ 'ਚ ਹੈ, ਨੇ ਕਿਹਾ ਕਿ ਉਸ ਨੂੰ ਭਾਰਤ ਦੇ ਕੌਮਾਂਤਰੀ ਵਿਦਿਆਰਥੀਆਂ ਨੇ ਬਲੀ ਦਾ ਬੱਕਰਾ ਬਣਾਇਆ ਹੈ। ਵੀਡੀਓ ਲਿੰਕ ਰਾਹੀਂ ਟੋਰਾਂਟੋ 'ਚ ਇਮੀਗ੍ਰੇਸ਼ਨ ਟ੍ਰਿਬਿਊਨਲ ਦੇ ਸਾਹਮਣੇ ਆਪਣੀ ਪਹਿਲੀ ਜਨਤਕ ਪੇਸ਼ੀ ਦੌਰਾਨ ਮਿਸ਼ਰਾ ਨੇ ਕਿਹਾ-ਵਿਦਿਆਰਥੀ ਆਪਣੀਆਂ ਗਲਤੀਆਂ 'ਤੇ ਪਰਦਾ ਪਾਉਣ ਲਈ ਮੇਰੇ 'ਤੇ ਦੋਸ਼ ਲਗਾ ਰਹੇ ਹਨ।

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ (ਸੀ ਬੀ ਐੱਸ ਏ) ਨੇ ਮਿਸ਼ਰਾ 'ਤੇ ਬਿਨਾਂ ਲਾਇਸੈਂਸ ਦੇ ਇਮੀਗ੍ਰੇਸ਼ਨ ਸਲਾਹ ਦੇਣ ਅਤੇ ਕਿਸੇ ਵਿਅਕਤੀ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਗਲਤ ਜਾਣਕਾਰੀ ਦੇਣ ਜਾਂ ਅਧਿਕਾਰੀਆਂ ਤੋਂ ਜਾਣਕਾਰੀ ਲੁਕੋਣ ਲਈ ਸਲਾਹ ਦੇਣ ਦ ਾ

● ਬਾਕੀ ਸਫ਼ਾ 2 'ਤੇ

## ਇੱਕ ਸਾਲ 'ਚ ਗ਼ੈਰ-ਕਾਨੂੰਨੀ ਅਮਰੀਕਾ ਵੜਦੇ ਕਰੀਬ ਇੱਕ ਲੱਖ ਭਾਰਤੀ ਫੜੇ



ਮੈਕਸੀਕੋ ਵੱਲੋਂ ਅਮਰੀਕਾ ਵਿਚ ਦਾਖਲ ਹੋਣ ਲਈ ਨਿਕਲੇ ਲੋਕ ਸਰਹੱਦ ਨੇੜੇ ਦਮ ਲੈਂਦੇ ਹੋਏ।

ਵਾਸ਼ਿੰਗਟਨ : ਅਮਰੀਕੀ ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ (ਯੂ ਸੀ ਬੀ ਪੀ) ਦੇ ਤਾਜ਼ਾ ਅੰਕੜਿਆਂ ਅਨੁਸਾਰ ਅਕਤੂਬਰ 2022 ਤੋਂ ਸਤੰਬਰ 2023 ਦਰਮਿਆਨ ਗੈਰ-ਕਾਨੂੰਨੀ ਢੰਗ ਨਾਲ ਅਮਰੀਕਾ 'ਚ ਦਾਖਲ ਹੁੰਦੇ ਹੋਏ ਰਿਕਾਰਡ 96,917 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ। ਗੈਰ-ਕਾਨੂੰਨੀ ਢੰਗ ਨਾਲ ਅਮਰੀਕੀ ਸਰਹੱਦ ਪਾਰ ਕਰਦੇ ਫੜੇ ਭਾਰਤੀਆਂ ਦੀ ਗਿਣਤੀ ਪਿਛਲੇ ਸਾਲਾਂ 'ਚ ਪੰਜ ਗੁਣਾ ਵੱਧ ਗਈ ਹੈ। 2019-20 'ਚ, 19,883 ਭਾਰਤੀਆਂ ਨੂੰ ਫੜਿਆ ਗਿਆ ਸੀ। 2020-21 'ਚ 30662, ਜਦੋਂ ਕਿ 2021-22 'ਚ ਇਹ ਗਿਣਤੀ 63,927 ਸੀ। ਅਕਤੂਬਰ 2022 ਤੋਂ ਇਸ ਸਾਲ ਸਤੰਬਰ ਦਰਮਿਆਨ 96917 ਭਾਰਤੀਆਂ, ਜਿਨ੍ਹਾਂ 'ਚ ਜ਼ਿਆਦਾਤਰ ਪੰਜਾਬ ਅਤੇ ਗੁਜਰਾਤ ਤੋਂ ਹਨ, ਨੂੰ ਗ੍ਰਿਫਤਾਰ ਕੀਤਾ ਗਿਆ। ਇਨ੍ਹਾਂ ਵਿੱਚੋਂ 30,010 ਕੈਨੇਡੀਅਨ ਸਰਹੱਦ ਅਤੇ 41,770 ਮੈਕਸੀਕੋ ਸਰਹੱਦ 'ਤੇ ਫੜੇ ਗਏ। ਗ੍ਰਿਫਤਾਰ ਕੀਤੇ ਵਿਅਕਤੀਆਂ ਨੂੰ ਚਾਰ ਸ਼੍ਰੇਣੀਆਂ ' ਚ

● ਬਾਕੀ ਸਫ਼ਾ 2 'ਤੇ

## ਬਲਾਤਕਾਰ ਤੋਂ ਬਾਅਦ ਦਲਿਤ ਮਹਿਲਾ ਦੇ ਤਿੰਨ ਟੁਕੜੇ

**ਬਾਂਦਾ (ਯੂ ਪੀ) :** ਗਿਰਵਾਂ ਥਾਣੇ ਦੇ ਇਲਾਕੇ ਵਿਚ ਪੈਂਦੇ ਪਿੰਡ ਪਤੌਰਾ 'ਚ 40 ਸਾਲਾ ਦਲਿਤ ਔਰਤ ਦਾ ਬਲਾਤਕਾਰ ਤੋਂ ਬਾਅਦ ਕਤਲ ਕਰ ਦਿੱਤਾ ਗਿਆ ਅਤੇ ਉਸ ਦੀ ਲਾਸ਼ ਦੇ ਟੁਕੜੇ ਕਰ ਦਿੱਤੇ ਗਏ। ਔਰਤ ਰਾਜਕੁਮਾਰ ਸ਼ੁਕਲਾ ਦੇ ਘਰ ਆਟਾ ਚੱਕੀ ਦੀ ਸਫਾਈ ਕਰਨ ਗਈ ਸੀ। ਪੁਲਸ ਨੇ ਦੱਸਿਆ ਕਿ ਜਦੋਂ ਉਸ ਦੀ 20 ਸਾਲਾ ਧੀ ਉੱਥੇ ਪਹੁੰਚੀ ਤਾਂ ਉਸ ਨੇ ਕਮਰੇ ਵਿੱਚੋਂ ਆਪਣੀ ਮਾਂ ਦੀਆਂ ਚੀਕਾਂ ਸੁਣੀਆਂ, ਜਿਸ ਨੂੰ ਅੰਦਰੋਂ ਬੰਦ ਕੀਤਾ ਗਿਆ ਸੀ। ਕੁਝ ਸਮੇਂ ਬਾਅਦ ਜਦੋਂ ਕਮਰੇ ਦਾ ਦਰਵਾਜ਼ਾ ਖੋਲ੍ਹਿਆ ਤਾਂ ਕੁੜੀ ਨੇ ਮਾਂ ਦੀ ਲਾਸ਼ ਤਿੰਨ ਟੁਕੜਿਆਂ 'ਚ ਪਈ ਦੇਖੀ ਅਤੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਨੇ ਦੱਸਿਆ ਕਿ ਇਸ ਤੋਂ ਬਾਅਦ ਰਾਜਕੁਮਾਰ ਸ਼ੁਕਲਾ, ਉਸ ਦੇ ਭਰਾ ਬਾਵਾ ਸ਼ੁਕਲਾ ਅਤੇ ਰਾਮਕ੍ਰਿਸ਼ਨ ਸ਼ੁਕਲਾ ਵਿਰੁੱਧ ਐੱਫ ਆਈ ਆਰ ਦਰਜ ਕੀਤੀ ਗਈ। ਮੁਲਜ਼ਮ ਫਰਾਰ ਹਨ।

## ਰਾਘਵ ਚੱਢਾ ਨੂੰ ਚੇਅਰਮੈਨ ਤੋਂ ਮੁਆਫੀ ਮੰਗਣ ਦਾ ਮਸ਼ਵਰਾ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਮੁਅੱਤਲ ਰਾਜਸਭਾ ਮੈਂਬਰ ਰਾਘਵ ਚੱਢਾ ਨੂੰ ਉਪ ਰਾਸ਼ਟਰਪਤੀ ਜਗਦੀਪ ਧਨਖੜ, ਜਿਹੜੇ ਰਾਜਸਭਾ ਦੇ ਚੇਅਰਮੈਨ ਹਨ, ਨੂੰ ਮਿਲ ਕੇ ਸਿਲੈਕਟ ਕਮੇਟੀ ਦੇ ਮੁੱਦੇ 'ਤੇ ਬਿਨਾਂ ਸ਼ਰਤ ਮੁਆਫੀ ਮੰਗਣ ਲਈ ਕਿਹਾ ਹੈ।

ਕੋਰਟ ਨੇ ਕਿਹਾ ਕਿ ਚੇਅਰਮੈਨ 'ਆਪ' ਦੇ ਮੈਂਬਰ ਦੀ ਮੁਆਫੀ 'ਤੇ ਹਮਦਰਦੀ ਨਾਲ ਵਿਚਾਰ ਕਰਨਗੇ ਅਤੇ ਕੋਈ ਰਾਹ ਲੱਭਣ ਦੀ ਕੋਸ਼ਿਸ਼ ਕਰਨਗੇ।

ਅਦਾਲਤ ਨੇ ਦੀਵਾਲੀ ਦੀਆਂ ਛੁੱਟੀਆਂ ਤੋਂ ਬਾਅਦ ਚੱਢਾ ਦੀ ਪਟੀਸ਼ਨ 'ਤੇ ਸੁਣਵਾਈ ਦਾ ਸਮਾਂ ਤੈਅ ਕੀਤਾ ਤੇ ਅਟਾਰਨੀ ਜਨਰਲ ਨੂੰ ਮਾਮਲੇ 'ਚ ਹੋਈ ਪ੍ਰਗਤੀ ਬਾਰੇ ਜਾਣਕਾਰੀ ਦੇਣ ਲਈ ਕਿਹਾ।

## ਭਾਰਤੀ ਖੇਤ ਮਜ਼ਦੂਰ ਯੂਨੀਅਨ ਦੀ ਮਜ਼ਦੂਰ ਲਹਿਰ 'ਚ ਅਗਵਾਨੂੰ ਭੂਮਿਕਾ : ਡੀ ਰਾਜਾ





**ਕਾਮਰੇਡ ਭੋਲਾ ਮਾਂਝੀ ਨਗਰ, ਕਾਮਰੇਡ ਜੀ ਮਲੇਸ ਹਾਲ (ਪਟਨਾ)-(ਗਿਆਨ ਸੈਦਪੁਰੀ)**

ਵੀਰਵਾਰ ਸ਼ਾਮ ਭਾਰਤੀ ਖੇਤ ਮਜ਼ਦੂਰ ਯੂਨੀਅਨ ਦਾ ਰਾਸ਼ਟਰੀ ਸੰਮੇਲਨ ਯੂਨੀਅਨ ਦਾ ਲਾਲ ਫਰੇਰਾ ਲਹਿਰਾਉਣ ਨਾਲ ਵਿਧੀਵਤ ਤੌਰ 'ਤੇ ਆਰੰਭ ਹੋ ਗਿਆ। ਝੰਡਾ ਲਹਿਰਾਉਣ ਦੀ ਰਸਮ ਯੂਨੀਅਨ ਦੇ ਕੌਮੀ ਪ੍ਰਧਾਨ ਕਾਮਰੇਡ ਐੱਨ ਪੇਰੀਆਸਾਮੀ ਨੇ ਨਿਭਾਈ। ਉਪਰੰਤ ਮਜ਼ਦੂਰ ਲਹਿਰ ਦੇ ਸ਼ਹੀਦਾਂ ਨੂੰ ਪੁਸ਼ਪਾਂਜਲੀ ਭੇਟ ਕੀਤੀ ਗਈ। ਉਕਤ ਮੁੱਢਲੀਆਂ ਰਸਮਾਂ ਤੋਂ ਬਾਅਦ ਇਪਟਾ ਦੇ ਕਲਾਕਾਰਾਂ ਵੱਲੋਂ ਸੂਹੀ ਸਵੇਰ ਦੀ ਕਾਮਨਾ ਕਰਦਿਆਂ ਗੀਤ-ਸੰਗੀਤ ਪੇਸ਼ ਕੀਤਾ ਗਿਆ। ਇਨ੍ਹਾਂ ਗੀਤਾਂ ਵਿੱਚ ਸ਼ਹੀਦ-ਏ-ਆਜ਼ਮ ਭਗਤ ਸਿੰਘ ਪੇਸ਼ ਪੇਸ਼ ਰਹੇ। ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਨੇ ਅਗਲੇ ਤਿੰਨ ਦਿਨ ਚੱਲਣ ਵਾਲੇ ਸੰਮੇਲਨ ਦਾ ਏਜੰਡਾ ਪੇਸ਼ ਕਰਨ ਉਪਰੰਤ ਪ੍ਰਧਾਨਗੀ ਮੰਡਲ ਵਿੱਚ ਬਿਰਾਜਮਾਨ ਹੋਣ ਵਾਲੇ ਆਗੂਆਂ ਨੂੰ ਬੁਲਾਵਾ ਦਿੱਤਾ। ਯੂਨੀਅਨ ਦੇ ਸੀਨੀਅਰ ਆਗੂ ਕਾਮਰੇਡ ਦਰਿਓ ਸਿੰਘ ਕਸ਼ਯਪ ਨੇ ਪਿਛਲੇ ਸਮੇਂ ਵਿਛੋੜਾ ਦੇ ਗਏ ਸਾਥੀਆਂ ਸੰਬੰਧੀ ਸ਼ੋਕ-ਮਤਾ ਪੇਸ਼ ਕੀਤਾ। ਇਸ ਮਤੇ ਵਿੱਚ ਕਾਮਰੇਡ ਪਰਮਿਲਾ ਲੂੰਬਾ ਤੋਂ ਲੈ ਕੇ ਲਤਾ ਮੰਗੇਸ਼ਕਰ ਤੱਕ ਦੇ ਦਰਜਨਾਂ ਨਾਂਅ ਸ਼ਾਮਲ ਸਨ। ਵਿਛੋੜਾ ਦੇ ਗਏ ਸਾਥੀਆਂ ਨੂੰ ਦੋ ਮਿੰਟ

● ਬਾਕੀ ਸਫ਼ਾ 2 'ਤੇ

## ਬਠਿੰਡਾ 'ਚ ਗੋਲੀਬਾਰੀ, ਇੱਕ ਦੀ ਮੌਤ

**ਬਠਿੰਡਾ :** ਪਿਛਲੇ ਦਿਨੀਂ ਇਥੇ ਕੁਲਚਾ ਕਾਰੋਬਾਰੀ ਹਰਜਿੰਦਰ ਸਿੰਘ ਮੇਲਾ ਦੀ ਹੱਤਿਆ ਤੋਂ ਬਾਅਦ ਵੀਰਵਾਰ ਰਾਤ 9 ਵਜੇ ਮਾਲ ਰੋਡ 'ਤੇ ਹੀ ਸ਼ਹਿਰ ਦੇ ਬਾਹੀਆ ਫੋਰਟ ਨਜ਼ਦੀਕ ਦੋ ਵਿਅਕਤੀਆਂ ਐਡਵੋਕੇਟ ਰੇਸ਼ਮ ਸਿੰਘ (28) ਪੁੱਤਰ ਬਖਸ਼ੀਸ਼ ਸਿੰਘ ਵਾਸੀ ਪਿੰਡ ਰਾਜਗੜ੍ਹ ਅਤੇ ਸ਼ਿਵਮਪਾਲ (29) ਵਾਸੀ ਪਰਸ ਰਾਮ ਨਗਰ ਨੂੰ ਗੋਲੀਆਂ ਮਾਰ ਕੇ ਜ਼ਖਮੀ ਕਰ ਦਿੱਤਾ ਗਿਆ। ਸ਼ਿਵਮਪਾਲ ਦੀ ਇਲਾਜ ਦੌਰਾਨ ਮੌਤ ਹੋ ਗਈ। ਕੋਤਵਾਲੀ ਪੁਲਸ ਨੇ ਗਗਨਦੀਪ ਸਿੰਘ ਖਿਲਾਫ ਮਾਮਲਾ ਦਰਜ ਕੀਤਾ ਹੈ।

## ਸ਼ਾਹਰੁਖ ਨੂੰ ਵਧਾਈ ਦੇਣ ਗਏ ਖੀਸੇ ਕਟਵਾ ਬੈਠੇ

**ਮੁੰਬਈ :** ਸ਼ਾਹਰੁਖ ਖਾਨ ਨੂੰ 58ਵੇਂ ਜਨਮ ਦਿਨ ਦੀਆਂ ਵਧਾਈਆਂ ਦੇਣ ਪੁੱਜੇ ਉਸ ਦੇ 17 ਦੀਵਾਨੇ ਆਪਣੇ ਫੋਨ ਗੁਆ ਕੇ ਪਰਤੇ। ਇਨ੍ਹਾਂ ਵਿਚ ਇਕ ਕੌਮੀ ਅਖਬਾਰ ਦਾ ਫੋਟੋਗ੍ਰਾਫਰ ਵੀ ਹੈ।

## ਕੰਗਣਾ ਵੱਲੋਂ ਚੋਣ ਲੜਨ ਦਾ ਇਸ਼ਾਰਾ



**ਦੇਵਭੂਮੀ ਦਵਾਰਕਾ :** ਇੱਥੇ ਸ਼ੁੱਕਰਵਾਰ ਦਵਾਰਕਾਧੀਸ਼ ਮੰਦਰ 'ਚ ਮੱਥਾ ਟੇਕਣ ਆਈ ਅਭਿਨੇਤਰੀ ਕੰਗਣਾ ਰਣੌਤ ਨੇ ਕਿਹਾ—ਸ੍ਰੀ ਕ੍ਰਿਸ਼ਨ ਕੀ ਕ੍ਰਿਪਾ ਰਹੀ ਤੋ ਮੈਂ ਲੋਕਸਭਾ ਚੁਨਾਵ ਲੜੂੰਗੀ।


# ਅਪੀਲ

ਮੈਂ ਪੰਜਾਬ ਦੇ ਸਮੂਹ ਕਿਸਾਨ ਭਰਾਵਾਂ ਨੂੰ ਪੁਰਜ਼ੋਰ ਅਪੀਲ ਕਰਦਾ ਹਾਂ ਕਿ **ਉਹ ਪਰਾਲੀ ਨੂੰ ਅੱਗ ਨਾ ਲਾਉਣ, ਕਿਉਂਕਿ ਇਸ ਨਾਲ ਨਾ ਕੇਵਲ ਤੁਹਾਡੀ ਜ਼ਮੀਨ ਦੀ ਉਪਜਾਊ ਸ਼ਕਤੀ ਘਟਦੀ ਹੈ ਬਲਕਿ ਸਿਹਤ 'ਤੇ ਵੀ ਮਾੜੂ ਪ੍ਰਭਾਵ ਪੈਂਦਾ ਹੈ।** ਪੰਜਾਬ ਸਰਕਾਰ ਵੱਲੋਂ ਤੁਹਾਨੂੰ ਹਰ ਤਰ੍ਹਾਂ ਦੀ ਮਦਦ ਅਤੇ ਸਬਸਿਡੀ 'ਤੇ ਮਸ਼ੀਨਰੀ ਮੁਹੱਈਆ ਕਰਵਾਈ ਜਾ ਰਹੀ ਹੈ। ਜਿਸ ਨਾਲ ਤੁਸੀਂ ਪਰਾਲੀ ਦਾ ਸੁਚੱਜਾ ਪ੍ਰਬੰਧਨ ਆਪਣੇ ਖੇਤਾਂ ਵਿੱਚ ਹੀ ਕਰ ਸਕਦੇ ਹੋ। ਪੰਜਾਬ ਦੀ ਆਬੋ-ਹਵਾ ਨੂੰ ਬਚਾਉਣਾ ਸਾਡਾ ਸਾਰਿਆਂ ਦਾ ਇਖ਼ਲਾਕੀ ਫਰਜ਼ ਹੈ, ਸੋ ਮੇਰੀ ਕਿਸਾਨ ਭਰਾਵਾਂ ਨੂੰ ਬੇਨਤੀ ਹੈ ਕਿ ਆਓ, ਆਪਾਂ ਸਾਰੇ ਮਿਲ ਕੇ ਆਪਣੇ ਸੁਪਨਿਆਂ ਦਾ ਪੰਜਾਬ ਸਿਰਜੀਏ।



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ



## 24 ਹਜ਼ਾਰ ਮਸ਼ੀਨਾਂ 'ਤੇ ₹ 297 ਕਰੋੜ ਦੀ ਸਬਸਿਡੀ

ਸੁਪਰ ਐਸ.ਐਮ.ਐਸ, ਹੈਪੀ ਸੀਡਰ, ਪੈਡੀ ਸਟਰਾਅ ਚੌਪਰ, ਮਲਚਰ, ਸਮਾਰਟ ਸੀਡਰ, ਜ਼ੀਰੋ ਟਿੱਲ ਡਰਿੱਲ, ਸਰਫੇਸ ਸੀਡਰ, ਸੁਪਰ ਸੀਡਰ, ਕਰੌਪ ਰੀਪਰ ਟਰੈਕਟਰ ਮਾਊਂਟਿਡ, ਸ਼ਰੱਬ ਮਾਸਟਰ/ ਰੋਟਰੀ ਸ਼ੈਲਟਰ, ਰਿਵਰਸੀਬਲ ਐਮ.ਬੀ. ਪਲੌਅ, ਕਰੌਪ ਰੀਪਰ ਸੈਲਫ - ਪ੍ਰੋਪੈਲਡ, ਰੀਪਰ-ਕਮ-ਬਾਇੰਡਰ, ਸਟਰਾਅ ਰੇਕ ਅਤੇ ਬੇਲਰ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਪੰਜਾਬ

4-NOV-PAGE-1.qxd 11/3/2023 10:01 PM Page 2



## ਸਾਲਾਨਾ ਸ਼ਹੀਦੀ ਜੋੜ ਮੇਲ ਨੂੰ ਮਨਾਉਣ ਲਈ ਕੀਤੀਆਂ ਵਿਚਾਰਾਂ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਇਥੇ ਅਮਰ ਸ਼ਹੀਦ ਬਾਬਾ ਮੋਤੀ ਰਾਮ ਮਹਿਰਾ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਨਿਰਮਲ ਸਿੰਘ ਐੱਸ ਐੱਸ ਚੇਅਰਮੈਨ ਦੀ ਪ੍ਰਧਾਨਗੀ ਹੇਠ ਧੰਨ ਧੰਨ ਮਾਤਾ ਗੁਜਰੀ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦੋ ਛੋਟੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਤੇ ਬਾਬਾ ਮੋਤੀ ਰਾਮ ਮਹਿਰਾ ਜੀ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਤ ਹਰ ਸਾਲ ਦੀ ਤਰ੍ਹਾਂ ਇਹ ਸਾਲ ਵੀ ਧਾਰਮਿਕ ਰਹੁ-ਰੀਤਾਂ ਤੇ ਸ਼ਰਧਾਪੂਰਬਕ ਜੋੜ ਮੇਲ ਮਨਾਉਣ ਸਬੰਧੀ ਟਰੱਸਟ ਦੇ ਮੈਂਬਰਾਂ ਨਾਲ ਮੀਟਿੰਗ ਹੋਈ, ਜਿਸ ਵਿੱਚ ਪ੍ਰਬੰਧ ਸੁਧਾਰ ਲਈ ਵੱਖ-ਵੱਖ ਕਮੇਟੀਆਂ ਲੰਗਰ ਕਮੇਟੀ, ਜੋੜ ਮੇਲ ਮੌਕੇ ਮਾਇਆ ਇਕੱਠੀ ਕਰਨ ਵਾਲੀ ਕਮੇਟੀ, ਸ਼ਹਾਦਤ ਬਾਰੇ ਜਾਣੂ ਕਰਾਉਣ ਲਈ ਲਾਈਟ ਐਂਡ ਸਾਊਂਡ ਪ੍ਰੋਗਰਾਮ ਕਰਵਾਉਣ ਲਈ ਰਾਗੀ ਢਾਡੀ ਜਥੇ ਬੁੱਕ ਕਰਨ, ਜੋੜ ਮੇਲ ਮੌਕੇ ਆਉਣ ਵਾਲੀ ਸੰਗਤ ਲਈ ਰਾਤ ਠਹਿਰਣ ਦਾ ਇੰਤਜ਼ਾਮ ਕਰਨ ਵਾਲੀ ਕਮੇਟੀ ਤੇ ਪ੍ਰਚਾਰ ਕਮੇਟੀਆਂ ਦਾ ਗਠਨ ਕੀਤਾ ਗਿਆ। ਇਸ ਮੌਕੇ ਚੇਅਰਮੈਨ ਸ੍ਰੀ ਐੱਸ ਐੱਸ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਟਰੱਸਟ ਵੱਲੋਂ ਬਾਬਾ ਜੀ ਦੇ ਇਤਿਹਾਸ ਬਾਰੇ ਇਤਿਹਾਸਕ ਜੰਤਰੀ ਜੋ ਛਪਾਈ ਜਾ ਰਹੀ ਹੈ, ਉਸ ਵਿੱਚ ਸਾਰੀਆਂ ਸਭਾਵਾਂ ਨੂੰ ਬੇਨਤੀ ਕੀਤੀ ਕਿ ਵੱਧ ਤੋਂ ਵੱਧ ਇਸ਼ਤਿਹਾਰ ਦੇ ਕੇ ਆਪਣੇ ਕਾਰੋਬਾਰ ਬਾਰੇ ਜਾਣਕਾਰੀ ਤੇ ਬਾਬਾ ਜੀ ਨੂੰ ਅਤੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਦੇਣ ਸਬੰਧੀ ਮਟੀਰੀਅਲ ਭੇਜਿਆ ਜਾਵੇ।

## ਸ਼ਾਹ ਬਲਵੰਤ ਰਾਏ ਡੀ ਏ ਵੀ ਸਕੂਲ ਨੇ ਜਾਗਰੂਕਤਾ ਰੈਲੀ ਕੱਢੀ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਾਹ ਬਲਵੰਤ ਰਾਏ ਡੀਏਵੀ ਸਕੂਲ ਦੇ ਵਿਦਿਆਰਥੀਆਂ ਤੇ ਸਟਾਫ਼ ਨੇ ਪੰਜਾਬ ਵਾਸੀਆਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਸਕੂਲ ਦੇ ਪਿੰਸੀਪਲ ਵਿਜੇ ਕੁਮਾਰ ਮਿੱਤਲ ਦੀ ਪ੍ਰਧਾਨਗੀ ਹੇਠ ਜਾਗਰੂਕਤਾ ਰੈਲੀ ਕੱਢੀ, ਜਿਸ ਵਿੱਚ ਥਾਣਾ ਤਲਵੰਡੀ ਭਾਈ ਦੇ ਪੁਲਸ ਅਧਿਕਾਰੀਆਂ ਤੇ ਕਰਮਚਾਰੀਆਂ ਨੇ ਵਿਸ਼ੇਸ਼ ਯੋਗਦਾਨ ਪਾਇਆ, ਜਿਸ ਨੂੰ ਤਲਵੰਡੀ ਭਾਈ ਥਾਣਾ ਇੰਚਾਰਜ ਮੈਡਮ ਸ਼ਿਮਲਾ ਰਾਣੀ ਤੇ ਸਕੂਲ ਚੇਅਰਮੈਨ ਅੰਮ੍ਰਿਤ ਲਾਲ ਛਾਬੜਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਸ਼ਹਿਰ ਦੀ ਸਨਾਤਨ ਧਰਮਸ਼ਾਲਾ ਤੋਂ ਸ਼ੁਰੂ ਹੋ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕਰਨ ਵਾਲੀ ਇਹ ਜਾਗਰੂਕਤਾ ਰੈਲੀ ਨਗਰ ਕੌਂਸਲ ਦਫ਼ਤਰ ਵਿਖੇ ਸਮਾਪਤ ਹੋਈ, ਜਿੱਥੇ ਕਾਰਜਸਾਧਕ ਅਫ਼ਸਰ ਪਵਨ ਭਟਨਾਗਰ ਨੇ ਆਪਣੇ ਸਟਾਫ਼ ਸਮੇਤ ਰੈਲੀ ਦਾ ਸਵਾਗਤ ਕੀਤਾ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਵਿਜੇ ਕੁਮਾਰ, ਚੇਅਰਮੈਨ ਅੰਮ੍ਰਿਤਲਾਲ ਛਾਬੜਾ, ਤਲਵੰਡੀ ਭਾਈ ਥਾਣਾ ਇੰਚਾਰਜ ਸ਼ਿਮਲਾ ਰਾਣੀ ਤੇ ਕਾਰਜ ਸਾਧਕ ਅਫਸਰ ਪੂਨਮ ਭਟਨਾਕਰ ਨੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ ਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣ ਦਾ ਸੁਨੇਹਾ ਦਿੱਤਾ ਤਾਂ ਜੋ ਸਾਡਾ ਦੇਸ਼ ਨਸ਼ਾ ਮੁਕਤ ਹੋ ਸਕੇ।ਇਸ ਮੌਕੇ ਸਕੂਲ ਸਟਾਫ਼ ਦੇ ਨਾਲ-ਨਾਲ ਥਾਣਾ ਤਲਵੰਡੀ ਭਾਈ ਦਾ ਸਟਾਫ਼ ਵੀ ਹਾਜ਼ਰ ਸੀ।

## ਗੁਰੂ ਨਾਨਕ ਕਾਲਜ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਗੁਰੂ ਨਾਨਕ ਨੈਸ਼ਨਲ ਕਾਲਜ ਦੋਰਾਹਾ ਦੇ ਐੱਨ. ਐੱਸ. ਐੱਸ. ਤੇ ਐੱਨ. ਸੀ. ਸੀ. ਯੂਨਿਟਾਂ ਦੁਆਰਾ ਸਾਂਝੇ ਤੌਰ 'ਤੇ ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕੌਮੀ ਏਕਤਾ ਦਿਵਸ ਮਨਾਇਆ ਗਿਆ। ਇਹ ਜਾਣਕਾਰੀ ਦਿੰਦਿਆਂ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਰਦਾਰ ਵੱਲਭ ਭਾਈ ਪਟੇਲ ਦੇ ਜਨਮ-ਦਿਨ ਨੂੰ ਰਾਸ਼ਟਰੀ ਏਕਤਾ ਦਿਵਸ ਤੇ 30 ਅਕਤੂਬਰ ਤੋਂ 05 ਨਵੰਬਰ ਤੱਕ ਸਤਰਕਤਾ ਜਾਗਰੂਕਤਾ ਹਫ਼ਤੇ ਵਜੋਂ ਮਨਾਉਂਦਿਆਂ ਦੇਸ਼ ਦੀ ਏਕਤਾ, ਅਖੰਡਤਾ ਤੇ ਸੁਰੱਖਿਆ ਲਈ ਦੇਸ਼ ਦੀ ਪ੍ਰਸ਼ਾਸਨਕ ਵਿਵਸਥਾ ਵਿੱਚੋਂ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਦੇ ਮੰਤਵ ਨਾਲ਼ ਵਿਦਿਆਰਥੀਆਂ ਤੇ ਅਧਿਆਪਕਾਂ ਨੇ ਸਮੂਹਕ ਰੂਪ ਵਿੱਚ ਸਹੁੰ ਚੁੱਕੀ। ਇਸ ਮੌਕੇ ਇਤਿਹਾਸ ਵਿਭਾਗ ਦੇ ਮੁਖੀ ਪ੍ਰੋ. ਸਨਦੀਪ ਸਿੰਘ ਹੁੰਦਲ ਨੇ ਵਿਦਿਆਰਥੀਆਂ ਨੂੰ ਰਾਸ਼ਟਰੀ ਏਕਤਾ ਦਿਵਸ ਦੇ ਮਹੱਤਵ ਬਾਰੇ ਜਾਣਕਾਰੀ ਦਿੱਤੀ ਤੇ ਦੇਸ਼ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਡਾ. ਲਵਲੀਨ ਬੈਂਸ (ਡੀਨ ਵਿਸਤਾਰ ਗਤੀਵਿਧੀਆਂ), ਡਾ. ਗੁਰਪ੍ਰੀਤ ਸਿੰਘ (ਐੱਨ. ਐੱਸ. ਐੱਸ. ਪ੍ਰੋਗਰਾਮ ਅਫ਼ਸਰ), ਲੈਫ਼ਟੀਨੈਂਟ ਪ੍ਰੋ. ਸਨਦੀਪ ਸਿੰਘ ਹੁੰਦਲ (ਏ. ਐੱਨ. ਓ) ਤੇ ਪ੍ਰੋ. ਸ਼ਵੇਤਾ ਥਾਪਾ ਹਾਜ਼ਰ ਸਨ। ਇਸ ਗਤੀਵਿਧੀ ਦੇ ਸਫਲਤਾਪੂਰਵਕ ਆਯੋਜਨ ਲਈ ਕਾਲਜ ਪ੍ਰਬੰਧਕੀ ਕਮੇਟੀ ਦੇ ਅਹੁਦੇਦਾਰਾਂ, ਮੈਂਬਰ ਸਾਹਿਬਾਨ ਤੇ ਕਾਰਜਕਾਰੀ ਪ੍ਰਿੰਸੀਪਲ ਡਾ. ਨਿਰਲੇਪ ਕੌਰ ਨੇ ਸਮੁੱਚੀ ਟੀਮ ਨੂੰ ਮੁਬਾਰਕਬਾਦ ਦਿੱਤੀ।

## ਗੁਰੂ ਗੋਬਿੰਦ ਸਿੰਘ ਪਬਲਿਕ ਸਕੂਲ 'ਚ ਸਵਿੰਗ ਫੇਅਰ ਮਨਾਇਆ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਨਾਮਵਰ ਸੰਸਥਾ ਗੁਰੂ ਗੋਬਿੰਦ ਸਿੰਘ ਪਬਲਿਕ ਸੀਨੀਅਰ ਸੈਕੰਡਰੀ ਸਕੂਲ ਕੁਰੜ ਵਿਖੇ ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਦੀ ਅਗਵਾਈ ਹੇਠ ਸਵਿੰਗ ਫੇਅਰ ਬੜੇ ਚਾਅ-ਉਤਸ਼ਾਹ ਤੇ ਧੂਮਧਾਮ ਨਾਲ ਮਨਾਇਆ ਗਿਆ। ਬੱਚਿਆਂ ਦੇ ਮਨੋਰੰਜਨ ਲਈ ਸੰਸਥਾ ਦੇ ਚੇਅਰਮੈਨ ਕੌਰ ਸਿੰਘ ਧਾਲੀਵਾਲ, ਐੱਮ. ਡੀ. ਸੁਖਵਿੰਦਰ ਕੌਰ ਧਾਲੀਵਾਲ ਤੇ ਮੈਨੇਜਮੈਂਟ ਵੱਲੋਂ ਮਿੱਕੀ ਮਾਊਸ ਰਾਈਡਜ਼, ਜੰਪ, ਮਿਨੀ ਟਰੇਨ, ਮਿਨੀ ਕਾਰਾਂ ਤੇ ਰੀਫਰੈਸ਼ਮੈਂਟ ਦਾ ਪ੍ਰਬੰਧ ਕੀਤਾ ਗਿਆ। ਇਸ ਤੋਂ ਇਲਾਵਾ ਸੀਨੀਅਰ ਵਿਦਿਆਰਥੀਆਂ ਲਈ ਪੈਂਡੂਲਮ ਦਾ ਵੀ ਪ੍ਰਬੰਧ ਕੀਤਾ ਗਿਆ। ਬੱਚਿਆਂ ਦੇ ਨਾਲ-ਨਾਲ ਅਧਿਆਪਕਾਂ ਨੇ ਵੀ ਵੱਖ ਵੱਖ ਤਰ੍ਹਾਂ ਦੀਆਂ ਰਾਈਡਜ਼ ਦਾ ਆਨੰਦ ਮਾਣਿਆ। ਸੰਸਥਾ ਦੇ ਵਾਈਸ ਪ੍ਰਿੰਸੀਪਲ ਪ੍ਰਦੀਪ ਸਿੰਘ ਨੇ ਕਿਹਾ ਕਿ ਪੜ੍ਹਾਈ ਦੇ ਨਾਲ-ਨਾਲ ਅਜਿਹੀਆਂ ਸਹਿ- ਵਿੱਦਿਅਕ ਗਤੀਵਿਧੀਆਂ ਦਾ ਹੋਣਾ ਵੀ ਬਹੁਤ ਜ਼ਰੂਰੀ ਹੈ। ਇਸ ਨਾਲ ਵਿਦਿਆਰਥੀਆਂ ਦਾ ਸੰਪੂਰਨ ਮਨੋਵਿਗਿਆਨਕ ਵਿਕਾਸ ਹੁੰਦਾ ਹੈ। ਅਕਾਦਮਿਕ ਇੰਚਾਰਜ ਕੁਲਦੀਪ ਸਿੰਘ ਮੰਡ ਨੇ ਸਾਰੀਆਂ ਗਤੀਵਿਧੀਆਂ ਆਪਣੀ ਨਿਗਰਾਨੀ ਹੇਠ ਕਰਵਾਈਆਂ। ਸਾਰੇ ਬੱਚਿਆਂ ਨੇ ਰਾਈਡਜ਼ ਦਾ ਖੂਬ ਅਨੰਦ ਮਾਣਿਆ। ਪ੍ਰਿੰਸੀਪਲ ਰੁਪਿੰਦਰ ਕੌਰ ਚੀਮਾ ਨੇ ਕਿਹਾ ਕਿ ਬੱਚਿਆਂ ਨੂੰ ਪੜ੍ਹਾਈ ਦੇ ਨਾਲ ਨਾਲ ਮਨੋਰੰਜਨ ਮੰਚ ਦੇਣ ਦੀ ਲੋੜ ਹੁੰਦੀ ਹੈ। ਇਨ੍ਹਾਂ ਗਤੀਵਿਧੀਆਂ ਨਾਲ ਬੱਚਿਆਂ ਦੇ ਮਾਨਸਿਕ ਤਣਾਅ ਦੂਰ ਹੁੰਦੇ ਹਨ, ਤੇ ਬੱਚਿਆਂ ਵਿੱਚ ਫਿਰ ਤੋਂ ਉਤਸ਼ਾਹ ਦੇਖਣ ਨੂੰ ਮਿਲਦਾ ਹੈ। ਇਸ ਮੌਕੇ ਸਕੂਲ ਦਾ ਸਾਰੇ ਸਟਾਫ ਤੇ ਬੱਚਿਆਂ ਵਿਚਕਾਰ ਇੱਕ ਦੋਸਤਾਨਾ ਮਾਹੌਲ ਦੇਖਣ ਨੂੰ ਮਿਲਿਆ।

## ਸ਼ਰਧਾ ਨਾਲ ਮਨਾਇਆ ਗੁਰੂ ਰਾਮਦਾਸ ਜੀ ਦਾ ਗੁਰਪੁਰਬ



**ਮੋਗਾ (ਅਮਰਜੀਤ ਬੱਬਰੀ)**-ਐੱਸ ਐੱਫ ਸੀ ਕਾਨਵੈਂਟ ਸਕੂਲ ਜਲਾਲਾਬਾਦ ਮੋਗਾ ਵਿਖੇ ਸਿੱਖਾਂ ਦੇ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦਾ ਗੁਰਪੁਰਬ ਸਕੂਲ ਵਿੱਚ ਸ਼ਰਧਾ ਨਾਲ ਮਨਾਇਆ ਗਿਆ।ਇਸ ਮੌਕੇ ਸਭ ਤੋਂ ਪਹਿਲਾਂ ਬੱਚਿਆਂ ਤੇ ਅਧਿਆਪਕਾਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਤੋਂ ਜਾਣੂ ਕਰਵਾਇਆ ਗਿਆ। ਉਪਰੰਤ ਬੱਚਿਆਂ ਨੂੰ ਗੁਰੂ ਰਾਮਦਾਸ ਜੀ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ ਗਿਆ।ਇਸ ਮੌਕੇ ਬੱਚਿਆਂ ਨੂੰ ਗੁਰੂ ਰਾਮਦਾਸ ਜੀ ਦੇ ਜੀਵਨ ਨਾਲ ਸਬੰਧਤ ਪ੍ਰੋਜੈਕਟਰ 'ਤੇ ਵੀਡੀਓ ਵੀ ਦਿਖਾਈ ਗਈ।ਇਸ ਮੌਕੇ ਸਕੂਲ ਦੇ ਡਾਇਰੈਕਟਰ ਸੁਖਬੀਰ ਸਿੰਘ, ਸਕੂਲ ਪ੍ਰਿੰਸੀਪਲ ਪਵਨਦੀਪ ਕੌਰ ਚਾਹਲ ਨੇ ਵੀ ਬੱਚਿਆਂ ਨੂੰ ਸ੍ਰੀ ਗੁਰੂ ਰਾਮਦਾਸ ਜੀ ਦੇ ਜੀਵਨ ਬਾਰੇ ਜਾਣੂ ਕਰਵਾਇਆ।ਉਨ੍ਹਾ ਬੱਚਿਆਂ ਨੂੰ ਗੁਰੂ ਰਾਮਦਾਸ ਜੀ ਦੀ ਬਾਣੀ ਤੇ ਉਨ੍ਹਾਂ ਵੱਲੋਂ ਵਸਾਏ ਨਗਰਾਂ ਬਾਰੇ ਦੱਸਿਆ।ਇਸ ਮੌਕੇ ਬੱਚਿਆਂ ਨੂੰ ਪਾਠ ਵੀ ਕਰਵਾਏ ਗਏ।ਉਨ੍ਹਾ ਬੱਚਿਆਂ ਨੂੰ ਗੁਰੂ ਜੀ ਦੇ ਦਰਸਾਏ ਮਾਰਗ 'ਤੇ ਚੱਲਣ ਲਈ ਕਿਹਾ।ਇਸ ਮੌਕੇ ਸਕੂਲ ਦੇ ਸੀਈਓ ਅਭਿਸ਼ੇਕ ਜਿੰਦਲ, ਮੈਡਮ ਸ਼ੀਨਮ ਜਿੰਦਲ ਨੇ ਵੀ ਸਭ ਨੂੰ ਗੁਰਪੁਰਬ ਦੀ ਵਧਾਈ ਦਿੱਤੀ।

## ਰਾਮਲੀਲ੍ਹਾ ਕਮੇਟੀ ਵੱਲੋਂ ਐੱਸ ਐੱਸ ਪੀ ਦਾ ਸਨਮਾਨ



**ਤਪਾ ਮੰਡੀ (ਅਰੁਣ ਗੋਇਲ)**-ਸਥਾਨਕ ਸ਼ਹਿਰ ਦੀ ਰਾਮਲੀਲ੍ਹਾ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਐੱਸ ਐੱਸ ਪੀ ਬਰਨਾਲਾ ਸ੍ਰੀ ਸੰਦੀਪ ਕੁਮਾਰ ਮਲਿਕ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਰਾਮਲੀਲ੍ਹਾ ਕਮੇਟੀ ਦੇ ਪ੍ਰਧਾਨ ਅਸ਼ਵਨੀ ਕੁਮਾਰ ਬਹਾਵਲਪੁਰੀਆ ਨੇ ਕਿਹਾ ਕਿ ਇਸ ਵਾਰ ਰਾਮਲੀਲ੍ਹਾ ਮੌਕੇ ਪੁਲਸ ਪ੍ਰਸ਼ਾਸਨ ਵੱਲੋਂ ਆਪਣਾ ਫਰਜ਼ ਬੜੇ ਵਧੀਆ ਢੰਗ ਨਾਲ ਨਿਭਾਇਆ ਗਿਆ। ਉਨ੍ਹਾਂ ਬੀਤੇ ਕੁਝ ਸਮੇਂ ਤੋਂ ਪੰਜਾਬ ਵਿਖੇ ਵਾਪਰ ਰਹੀਆਂ ਅਣਸੁਖਾਵੀਆਂ ਘਟਨਾ ਨੂੰ ਦੇਖਦਿਆਂ ਪ੍ਰਸ਼ਾਸਨ ਨੂੰ ਪੁਖਤਾ ਪ੍ਰਬੰਧਾਂ ਦੀ ਅਪੀਲ ਕੀਤੀ ਸੀ, ਜਿਸ ਤੋਂ ਬਾਅਦ ਐੱਸ ਐੱਸ ਪੀ ਬਰਨਾਲਾ ਵੱਲੋਂ ਇਸ ਮਸਲੇ ਨੂੰ ਸਮਝਦਿਆਂ ਪੁਖਤਾ ਪ੍ਰਬੰਧਾਂ ਦਾ ਭਰੋਸਾ ਦਵਾਇਆ ਗਿਆ ਤੇ ਉਨ੍ਹਾਂ ਵੱਲੋਂ ਅਜਿਹੇ ਵਧੀਆ ਢੰਗ ਨਾਲ ਕੀਤੇ ਪ੍ਰਬੰਧਾਂ ਦੀ ਪ੍ਰਸ਼ੰਸਾ ਕਰਦਿਆਂ ਅੱਜ ਉਨ੍ਹਾਂ ਦਾ ਸਨਮਾਨ ਕਰਨ ਲਈ ਰਾਮਲੀਲ੍ਹਾ ਕਮੇਟੀ ਬਰਨਾਲਾ ਵਿਖੇ ਪਹੁੰਚੀ। ਇਸ ਮੌਕੇ ਪ੍ਰਵੀਨ ਕੁਮਾਰ ਗਰਗ, ਗੋਪਾਲ ਕ੍ਰਿਸ਼ਨ ਗਰਗ ਆਦਿ ਹਾਜ਼ਰ ਸਨ।

## ਐੱਸ ਜੀ ਪੀ ਸੀ ਦੀਆਂ ਜਨਰਲ ਚੋਣਾਂ ਦੀ ਮਿਤੀ ਦਾ ਤੁਰੰਤ ਐਲਾਨ ਕੀਤਾ ਜਾਵੇ : ਮਾਨ

**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-"ਜਦੋਂ ਬਹੁਤ ਲੰਮੇ ਸੰਘਰਸ਼ ਉਪਰੰਤ ਅਤੇ ਲੰਮੇ ਸਮੇ ਦੀਆਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਕੀਤੇ ਰੋਸ ਪ੍ਰਗਟਾਵਿਆਂ ਦੀ ਬਦੌਲਤ ਸਿੱਖ ਕੌਮ ਦੀ 13 ਸਾਲਾਂ ਬਾਅਦ ਜਮਹੂਰੀਅਤ ਬਹਾਲ ਕਰਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਜਿਸ ਨਾਲ ਸਿੱਖ ਮਰਦਾਂ-ਔਰਤਾਂ, ਨੌਜਵਾਨ ਬਾਲਗ ਬੱਚੇ-ਬੱਚੀਆਂ ਵਿਚ ਇਸ ਕਰਕੇ ਭਾਰੀ ਉਤਸ਼ਾਹ ਹੈ ਕਿਉਂਕਿ ਸਿੱਖ ਕੌਮ ਦੀ ਵੱਡੀ ਗਿਣਤੀ ਸ਼ਿੱਦਤ ਨਾਲ ਮਹਿਸੂਸ ਕਰਦੀ ਹੈ ਕਿ ਜਿਨ੍ਹਾਂ ਗੈਰ ਇਖਲਾਕੀ, ਗੈਰ-ਧਾਰਮਿਕ ਅਤੇ ਦਿਸ਼ਾਹੀਣ ਸਿੱਖਾਂ ਦਾ ਐਸ.ਜੀ.ਪੀ.ਸੀ ਸੰਸਥਾ ਉਤੇ ਲੰਮੇ ਸਮੇ ਤੋਂ ਜਬਰੀ ਕਬਜ਼ਾ ਕੀਤਾ ਹੋਇਆ ਹੈ, ਉਨ੍ਹਾਂ ਨੇ ਖਾਲਸਾ ਪੰਥ ਦੀਆਂ ਮਹਾਨ ਉੱਚ ਰਵਾਇਤਾਂ, ਮਰਯਾਦਾਵਾਂ, ਨਿਯਮਾਂ, ਅਸੂਲਾਂ ਦਾ ਆਪਣੇ ਸਵਾਰਥੀ ਅਤੇ ਮਾਲੀ ਹਿੱਤਾਂ ਲਈ ਵੱਡੇ ਪੱਧਰ 'ਤੇ ਘਾਣ ਕਰਕੇ ਸਿੱਖ ਕੌਮ ਦੇ ਮਾਣ-ਸਨਮਾਨ ਨੂੰ ਡੂੰਘੀ ਠੇਸ ਪਹੁੰਚਾਈ ਹੈ ਅਤੇ ਸਿੱਖ ਕੌਮ ਦੀ ਵੱਡੀ ਗਿਣਤੀ ਦੀ ਇਹ ਇੱਛਾ ਹੈ ਕਿ ਇਸ ਚੱਲਦੇ ਆ ਰਹੇ ਦੋਸ਼ਪੂਰਨ ਪ੍ਰਬੰਧ ਨੂੰ ਖਤਮ ਕਰਕੇ ਅੱਛੇ ਗੁਰਸਿੱਖ ਖਿਆਲਾਂ ਦੇ ਧਾਰਨੀ ਦ੍ਰਿੜ੍ਹ ਸਿੱਖਾਂ ਨੂੰ ਇਸ ਪ੍ਰਬੰਧ ਵਿਚ ਵੋਟਾਂ ਰਾਹੀ ਲਿਆਂਦਾ ਜਾਵੇ। ਇਸ ਲਈ ਇਹ ਵੀ ਜ਼ਰੂਰੀ ਹੈ ਕਿ ਗ੍ਰਹਿ ਵਿਭਾਗ ਇੰਡੀਆ ਅਤੇ ਗੁਰਦੁਆਰਾ ਚੋਣ ਕਮਿਸ਼ਨ ਆਪਸੀ ਸਲਾਹ ਮਸ਼ਵਰੇ ਰਾਹੀਂ ਤੁਰੰਤ ਐਸ.ਜੀ.ਪੀ.ਸੀ ਦੀਆਂ ਜਨਰਲ ਚੋਣਾਂ ਲਈ ਜਿੰਨੀ ਜਲਦੀ ਹੋ ਸਕੇ ਤਰੀਕ ਦਾ ਐਲਾਨ ਕਰਦੇ ਹੋਏ ਨੋਟੀਫਿਕੇਸ਼ਨ ਜਾਰੀ ਕਰਨ। ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਐਮ.ਪੀ ਅਤੇ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਅੱਜ ਪਾਰਟੀ ਮੁੱਖ ਦਫਤਰ ਤੋਂ ਆਪਣੇ ਦਸਤਖਤਾਂ ਹੇਠ ਐਸ.ਜੀ.ਪੀ.ਸੀ ਦੀਆਂ ਵੋਟਾਂ ਬਣਨ ਦੀ ਪ੍ਰਕਿਰਿਆ ਸ਼ੁਰੂ ਹੋਣ ਤੇ ਇਸ ਨੂੰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਸੰਘਰਸ਼ ਦੀ ਵੱਡੀ ਪ੍ਰਾਪਤੀ ਕਰਾਰ ਦਿੰਦੇ ਹੋਏ ਅਤੇ ਗ੍ਰਹਿ ਵਿਭਾਗ ਇੰਡੀਆ-ਚੋਣ ਕਮਿਸ਼ਨ ਗੁਰਦੁਆਰਾ ਨੂੰ ਇਸ ਗੰਭੀਰ ਵਿਸ਼ੇ ਉਤੇ ਤੁਰੰਤ ਵੋਟਾਂ ਬਣਾਉਣ ਲਈ ਬਣਦੀਆਂ ਸਹੂਲਤਾਂ ਪ੍ਰਦਾਨ ਕਰਨ ਅਤੇ ਵੋਟਾਂ ਪੈਣ ਦੀ ਮਿਤੀ ਸੰਬੰਧੀ ਐਲਾਨ ਕਰਦੇ ਹੋਏ ਨੋਟੀਫਿਕੇਸ਼ਨ ਜਾਰੀ ਕਰਨ ਦੀ ਜ਼ੋਰਦਾਰ ਅਪੀਲ ਕਰਦੇ ਹੋਏ ਪ੍ਰਗਟ ਕੀਤੇ।

## ਮਿਸ਼ਨ ਆਬਾਦ ਤਹਿਤ ਸਰਕਾਰੀ ਮਿਡਲ ਸਕੂਲ ਮੁੰਬੇਕੇ ਵਿਖੇ ਸੁਵਿਧਾ ਕੈਂਪ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਡਿਪਟੀ ਕਮਿਸ਼ਨਰ ਡਾ. ਸੇਨੂ ਦੁੱਗਲ ਆਈ.ਏ.ਐੱਸ ਦੇ ਦਿਸ਼ਾ ਨਿਰਦੇਸ਼ਾ ਹੇਠ ਮਿਸ਼ਨ ਆਬਾਦ 30 ਤਹਿਤ ਜ਼ਿਲ੍ਹਾ ਪ੍ਰਸ਼ਾਸਨ ਫਾਜ਼ਿਲਕਾ ਵੱਲੋਂ ਸਰਹੱਦੀ ਪਿੰਡਾਂ ਦੇ ਲੋਕਾਂ ਨੂੰ ਸੁਖਾਵੇਂ ਢੰਗ ਨਾਲ ਇਕੋ ਸਾਂਝੀ ਥਾਂ 'ਤੇ ਵੱਖ-ਵੱਖ ਸੇਵਾਵਾਂ ਦਾ ਲਾਹਾ ਮੁਹੱਈਆ ਕਰਵਾਉਣ ਦੀ ਲੜੀ ਤਹਿਤ ਫਾਜ਼ਿਲਕਾ ਦੇ ਪਿੰਡ ਮੁੰਬੇਕੇ ਦੇ ਸਰਕਾਰੀ ਮਿਡਲ ਸਕੂਲ ਵਿਖੇ ਆਬਾਦ ਸੁਵਿਧਾ ਕੈਂਪ ਲਗਾਇਆ ਗਿਆ। ਇਸ ਦੌਰਾਨ ਜਿੱਥੇ ਪ੍ਰਸ਼ਾਸਨਕ ਅਧਿਕਾਰੀਆਂ ਵੱਲੋਂ ਕੈਂਪ ਵਿੱਚ ਪਹੁੰਚੇ ਲੋਕਾਂ ਦੀਆਂ ਸ਼ਿਕਾਇਤਾਂ ਸੁਣੀਆਂ ਗਈਆਂ, ਉਥੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਵੀ ਆਪੋ-ਆਪਣੇ ਵਿਭਾਗ ਨਾਲ ਸਬੰਧਤ ਸਕੀਮਾਂ ਸਬੰਧੀ ਜਾਣੂੰ ਕਰਵਾਇਆ। ਕੈਂਪ ਵਿਖੇ ਪਹੁੰਚੇ ਨਾਇਬ ਤਹਿਸੀਲਦਾਰ ਫਾਜ਼ਿਲਕਾ ਸ. ਗੁਰਜੀਤ ਸਿੰਘ ਨੇ ਕਿਹਾ ਕਿ ਪਿੰਡਾਂ ਵਿਖੇ ਕੈਂਪ ਲਗਾਉਣ ਦਾ ਮੰਤਵ ਇੱਕ ਛੱਤ ਹੇਠ ਵੱਖ-ਵੱਖ ਸੇਵਾਵਾਂ ਦਾ ਲਾਹਾ ਤੱਕ ਪਹੁੰਚਾਉਣਾ ਹੈ ਤਾਂ ਜੋ ਲੋਕਾਂ ਨੂੰ ਆਪਣੇ ਕੰਮ ਲਈ ਦਫਤਰਾਂ ਦੇ ਗੇੜੇ ਨਾ ਮਾਰਨੇ ਪੈਣ। ਉਨ੍ਹਾਂ ਕਿਹਾ ਕਿ ਸਮੂਹ ਵਿਭਾਗਾਂ ਦੇ ਅਧਿਕਾਰੀ ਜਾਂ ਨੁਮਾਇੰਦੇ ਕੈਂਪ ਵਿੱਚ ਪੁੱਜ ਕੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰ ਰਹੇ ਹਨ। ਪਿੰਡ ਮੁੰਬੇਕੇ ਵਿਖੇ ਲਗਾਏ ਕੈਂਪ ਦੌਰਾਨ ਲੋਕਾਂ ਆਪਣੀਆਂ ਵੱਖ-ਵੱਖ ਸ਼ਿਕਾਇਤਾਂ ਪ੍ਰਸ਼ਾਸਨਕ ਅਧਿਕਾਰੀਆਂ ਅੱਗੇ ਰੱਖੀਆਂ ਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੇ ਸਮੱਸਿਆਵਾਂ ਸੁਣੀਆਂ ਤੇ ਕੁਝ ਦਾ ਮੌਕੇ 'ਤੇ ਹੱਲ ਕੀਤਾ ਤੇ ਕੁਝ ਦਾ ਯੋਗ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਪਲੇਸਮੈਂਟ ਅਫਸਰ ਰਾਜ ਸਿੰਘ, ਸੇਵਾ ਕੇਂਦਰ ਫਾਜ਼ਿਲਕਾ ਦੀ ਟੀਮ ਸਮੇਤ ਖੇਤੀਬਾੜੀ ਤੇ ਸਿਹਤ ਵਿਭਾਗ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਆਦਿ ਮੌਜੂਦ ਸਨ।

## ਅੱਜ-ਨਾਮਾ

ਬਦਲੇ ਵਕਤ ਤਾਂ ਬੜਾ ਕੁਝ ਬਦਲ ਜਾਂਦਾ,
ਪੁਰਾਣੀ ਸਾਂਝ ਵੀ ਜਾਂਦੀ ਬਈ ਭੁੱਲ ਮੀਆਂ।
ਜੀਹਨੇ ਪਰਖਣਾ, ਪਾਕਿ ਵਿੱਚ ਹਾਲ ਪਰਖੇ,
ਤੁਰਿਆ ਕੱਢਣ ਅਫਗਾਨੀ ਹੈ ਕੁੱਲ ਮੀਆਂ।
ਚੱਲਣ ਗੋਲੀਆਂ, ਮਰਨ ਪਏ ਲੋਕ ਜਿਹੜੇ,
ਅਨਮੁੱਲੀ ਜਾਨ ਦਾ ਕੋਈ ਨਾ ਮੁੱਲ ਮੀਆਂ।
ਸਾਰੇ ਅਪਰਾਧ ਅਫਗਾਨਾਂ ਦੇ ਨਾਂਅ ਲੱਗਣ,
ਪੁਰਾਣੇ ਯਾਰਾਂ 'ਤੇ ਵੱਜਣ ਪਏ ਟੁੱਲ ਮੀਆਂ।
ਕੱਢਿਆ ਜਾਂਦਾ ਜਦ ਰੋਜ਼ ਅਫਗਾਨੀਆਂ ਨੂੰ,
ਦੋਵਾਂ ਈ ਦੇਸ਼ਾਂ ਵਿੱਚ ਆਈ ਤਰੇੜ ਮੀਆਂ।
ਬਾਹਲੀ ਦੋਵਾਂ ਨੇ ਕੀਤੀ ਸੀ ਦੁਖੀ ਦੁਨੀਆ,
ਲੱਗਦਾ ਜਾਪਦਾ ਆਪਸ ਵਿੱਚ ਭੇੜ ਮੀਆਂ।

-ਤੀਸ ਮਾਰ ਖਾਂ

# ਬੱਸ ਆਪ੍ਰੇਟਰ ਮਨਾਉਣਗੇ ਕਾਲੀ ਦੀਵਾਲੀ

## ਬੱਸ ਆਪ੍ਰੇਟਰਾਂ ਵੱਲੋਂ ਸਰਕਾਰ ਖਿਲਾਫ ਜ਼ੋਰਦਾਰ ਪ੍ਰਦਰਸ਼ਨ



**ਜਲੰਧਰ (ਨ ਜ਼ ਸ)**-ਸਰਕਾਰ ਵੱਲੋਂ ਮੰਗਾਂ ਨਾ ਮੰਨੇ ਜਾਣ ਕਾਰਨ ਬੰਦ ਹੋਣ ਦੇ ਕਗਾਰ 'ਤੇ ਪੁੱਜੀਆਂ ਵੱਖ ਵੱਖ ਟਰਾਂਸਪੋਰਟ ਕੰਪਨੀਆਂ ਦੇ ਮਾਲਕਾਂ ਅਤੇ ਵਰਕਰਾਂ ਵੱਲੋਂ ਰੋਸ ਵੱਜੋਂ ਪੰਜਾਬ ਮੋਟਰ ਯੂਨੀਅਨ ਦੇ ਸੱਦੇ ਤਹਿਤ ਦਿੱਤੇ ਕਾਲੀ ਦਿਵਾਲੀ ਮਨਾਉਣ ਦੇ ਸੱਦੇ ਨੂੰ ਅਮਲੀ ਜਾਮਾ ਪਹਿਨਾ ਦਿੱਤਾ ਹੈ। ਪੰਜਾਬ ਮੋਟਰ ਯੂਨੀਅਨ ਦੀ ਅਗਵਾਈ ਹੇਠ ਸਥਾਨਕ ਬੱਸ ਸਟੈਂਡ ਦੇ ਇਕੱਠੇ ਹੋਏ ਵੱਖ ਵੱਖ ਬੱਸ ਆਪ੍ਰੇਟਰਾਂ ਨੇ ਅੱਜ ਜਿੱਥੇ ਬੱਸਾਂ ਉੱਪਰ ਕਾਲੇ ਝੰਡੇ ਲਹਿਰਾਏ, ਉਥੇ ਸਰਕਾਰ ਦੀਆਂ ਵਪਾਰ ਮਾਰੂ ਨੀਤੀਆਂ ਕਾਰਨ ਨਿੱਜੀ ਬੱਸ ਅਦਾਰੇ ਬੰਦ ਹੋਣ ਕੰਢੇ, ਅਦਾਰੇ ਨਾਲ ਜੁੜੇ ਲੱਖਾਂ ਲੋਕਾਂ ਨੂੰ ਬੇਰੁਜ਼ਗਾਰ ਹੋਣ ਤੋਂ ਬਚਾਓ, ਸਾਡੇ ਲਈ ਇਹ ਦਿਵਾਲੀ ਕਾਲੀ, ਮੁੱਖ ਮੰਤਰੀ ਸਾਹਿਬ ਇੱਕ ਡੁੱਬ ਰਹੇ ਅਦਾਰੇ ਵੱਲ ਧਿਆਨ ਦਿਓ ਆਦਿ ਫਲੈਕਸਾਂ ਬੱਸਾਂ ਉੱਪਰ ਚਿਪਕਾਈਆਂ ਗਈਆਂ ਤਾਂ ਕਿ ਆਮ ਲੋਕਾਂ ਤੇ ਸਰਕਾਰ ਦਾ ਧਿਆਨ ਇਸ ਪਾਸੇ ਵੱਲ ਦਿਵਾਇਆ ਜਾ ਸਕੇ। ਪੰਜਾਬ ਮੋਟਰ ਯੂਨੀਅਨ ਦੇ ਆਗੂ ਸੰਦੀਪ ਸ਼ਰਮਾ ਨੇ ਕਿਹਾ ਕਿ ਸਰਕਾਰ ਪ੍ਰਾਈਵੇਟ ਬੱਸ ਟਰਾਂਸਪੋਰਟਰਾਂ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਪਿਛਲੇ ਡੇਢ ਸਾਲ ਤੋਂ ਸਰਕਾਰ ਕੋਲ ਪੰਜਾਬ ਦੀ ਜਨਤਾ ਦੀ ਗੱਲ ਸੁਣਨ ਦਾ ਤੇ ਡੁੱਬ ਰਹੀ ਬੱਸ ਇੰਡਸਟਰੀ ਨੂੰ ਮਿਲਣ ਦਾ ਸਮਾਂ ਨਹੀਂ ਹੈ। ਵਾਰ ਵਾਰ ਬੇਨਤੀ ਕਰਨ ਦੇ ਬਾਵਜੂਦ ਸਰਕਾਰ ਸਾਡੀ ਯੂਨੀਅਨ ਦੀ ਗੱਲ ਸੁਣਨ ਲਈ ਤਿਆਰ ਨਹੀਂ, ਪਰ ਬਾਹਰ ਦੇ ਸੂਬਿਆਂ ਤੋਂ ਵਪਾਰੀਆਂ ਨੂੰ ਪੰਜਾਬ ਵਿੱਚ ਨਿਵੇਸ਼ ਕਰਨ ਲਈ ਬੁਲਾ ਰਹੀ ਹੈ ਅਤੇ ਪੰਜਾਬ 'ਚ ਚੱਲ ਰਹੀ ਇੰਡਸਟਰੀ ਨੂੰ ਮਾਰਨ 'ਤੇ ਤੁਲੀ ਹੋਈ ਹੈ। ਉਨ੍ਹਾਂ ਕਿਹਾ ਕਿ ਇਕ ਦੋ ਦਿਨ ਵਿੱਚ ਯੂਨੀਅਨ ਦੇ ਆਗੂਆਂ ਦੀ ਹੰਗਾਮੀ ਮੀਟਿੰਗ ਬੁਲਾ ਕੇ ਸਹਿਮਤੀ ਨਾਲ ਦੀਵਾਲੀ ਵਾਲੇ ਦਿਨ ਸਮੂਹ ਪ੍ਰਾਈਵੇਟ ਬੱਸਾਂ ਨੂੰ ਸਾਰੇ ਪੰਜਾਬ 'ਚ ਬੰਦ ਰੱਖ ਕੇ ਕਾਲੀ ਦੀਵਾਲੀ ਮਨਾਉਣ ਦਾ ਫੈਸਲਾ ਲਿਆ ਜਾਵੇਗਾ ਅਤੇ ਫੇਰ ਵੀ ਸਰਕਾਰ ਨੇ ਜੇ ਸਾਡੀ ਕੋਈ ਸਾਰ ਨਾ ਲਈ ਤਾਂ ਦੀਵਾਲੀ ਤੋਂ ਬਾਅਦ ਸੜਕ ਜਾਮ ਕਰਨ ਦਾ ਫੈਸਲਾ ਲਿਆ ਜਾਵੇਗਾ। ਇਸ ਪ੍ਰਦਰਸ਼ਨ ਮੌਕੇ ਉਨ੍ਹਾਂ ਦੇ ਨਾਲ ਯੂਨੀਅਨ ਦੇ ਆਗੂ ਦਿਲਜਿੰਦਰ ਸਿੰਘ, ਇਕਬਾਲ ਸਿੰਘ, ਸ਼ੁਭਕਰਮਨ ਬਰਾੜ, ਹਰਨੇਕ ਸਿੰਘ ਸੰਨੀ, ਜੇ ਆਰ ਬੱਸ, ਗੋਗੀ ਬਾਬਾ, ਹਰਦੀਪ ਸਿੰਘ ਸਿੱਧੂ, ਨਰਪਿੰਦਰ ਜਲਾਲ, ਅਸ਼ੋਕ ਮੰਨਣ ਆਦਿ ਤੋਂ ਇਲਾਵਾ ਵੱਖ ਵੱਖ ਕੰਪਨੀਆਂ ਦੇ ਮੈਨੇਜਰ, ਡਰਾਈਵਰ ਕੰਡਕਟਰ, ਅੱਡਾ ਇੰਚਾਰਜ, ਵਰਕਸ਼ਾਪ ਇੰਚਾਰਜ ਆਦਿ ਹਾਜ਼ਰ ਸਨ।

...ਸ.ਫ਼ਾ 1 ਦੇ ਬਾਕੀ

### ਕਿਰਤ ਭਵਨ ਦੇ ਸਾਹਮਣੇ ...

ਅਤੇ ਨਰੇਗਾ ਮਜ਼ਦੂਰਾਂ ਵਿਚ ਵੱਡੀ ਗਿਣਤੀ ਵਿਚ ਇਸਤਰੀਆਂ ਵੀ ਸ਼ਾਮਲ ਸਨ, ਖਾਸ ਕਰਕੇ ਘਰੇਲੂ ਇਸਤਰੀ ਮਜ਼ਦੂਰ ਆਈਆਂ ਸਨ।

ਬੰਤ ਸਿੰਘ ਬਰਾੜ (ਏਟਕ), ਸ਼ਿਵ ਕੁਮਾਰ (ਸੀ ਟੀ ਯੂ ਪੰਜਾਬ), ਰਜਿੰਦਰ ਸਿੰਘ (ਹਿੰਦ ਮਜ਼ਦੂਰ ਸਭਾ) ਅਤੇ ਸੁਰਿੰਦਰ ਕੁਮਾਰ (ਇੰਟਕ) ਦੀ ਪ੍ਰਧਾਨਗੀ ਹੇਠ ਹੋਈ ਇਸ ਮਹਾਂ ਰੈਲੀ ਨੂੰ ਬੰਤ ਸਿੰਘ ਬਰਾੜ, ਮੰਗਤ ਰਾਮ ਪਾਸਲਾ, ਹਰਦੇਵ ਅਰਸ਼ੀ ਸਾਬਕਾ ਵਿਧਾਇਕ, ਅਮਰਜੀਤ ਆਸਲ, ਨੱਥਾ ਸਿੰਘ, ਕੁਲਵੰਤ ਸਿੰਘ ਬਾਵਾ, ਇਕਬਾਲ ਸਿੰਘ, ਦਸਵਿੰਦਰ ਕੌਰ, ਸੁਖਦੇਵ ਸ਼ਰਮਾ, ਕੇਵਲ ਸਿੰਘ, ਧਿਆਨ ਸਿੰਘ ਠਾਕੁਰ, ਸੁਰਿੰਦਰਪਾਲ ਸਿੰਘ ਲਾਹੌਰੀਆ, ਦਿਲਬਾਗ ਸਿੰਘ, ਸੱਜਣ ਸਿੰਘ, ਦਲਜੀਤ ਸਿੰਘ, ਜਗਤਾਰ ਸਿੰਘ, ਜਗਦੀਸ਼ ਸਿੰਘ, ਦਰਸ਼ਨ ਸਿੰਘ ਲੁਬਾਣਾ, ਜਸਮੇਰ ਕੌਰ, ਜਗਦੀਸ਼ ਸਿੰਘ ਚਾਹਲ, ਅਮਰਜੀਤ ਕੌਰ, ਸੁਰਿੰਦਰ ਸ਼ਰਮਾ, ਨੱਥਾ ਸਿੰਘ ਆਦਿ ਨੇ ਸੰਬੋਧਨ ਕੀਤਾ ਅਤੇ ਮੰਗ ਕੀਤੀ ਕਿ ਕੱਚੇ-ਪੱਕੇ ਸਾਰੇ ਮਜ਼ਦੂਰਾਂ-ਮੁਲਾਜ਼ਮਾਂ ਦੀ ਆਰਥਿਕਤਾ ਸੁਧਾਰਨ ਲਈ ਅਤੇ ਰੁਜ਼ਗਾਰ ਪੈਦਾ ਕਰਨ ਲਈ ਪੈਸੇ ਖਰਚ ਕੀਤੇ ਜਾਣ। ਉਨ੍ਹਾ ਐੱਸ ਵਾਈ ਐੱਲ ਨਹਿਰ ਸਮੇਤ ਸਾਰੇ ਮੁੱਦਿਆਂ 'ਤੇ ਸਾਰੀਆਂ ਪਾਰਟੀਆਂ ਨੂੰ ਭਰੋਸੇ ਵਿੱਚ ਲੈ ਕੇ ਸਾਂਝੀ ਰਣਨੀਤੀ ਬਣਾਉਣ 'ਤੇ ਜ਼ੋਰ ਦਿੱਤਾ। ਰੈਲੀ ਨੇ ਇਕ ਮਤਾ ਪਾਸ ਕਰਕੇ ਫਲਸਤੀਨੀ ਸੰਘਰਸ਼ ਦੀ ਹਮਾਇਤ ਕੀਤੀ ਅਤੇ ਭਾਰਤ ਸਰਕਾਰ ਨੂੰ ਸਪੱਸ਼ਟ ਸਟੈਂਡ ਲੈਣ ਲਈ ਜ਼ੋਰ ਦਿੱਤਾ। ਮੰਚ ਸੰਚਾਲਨ ਅਮਰਜੀਤ ਆਸਲ ਨੇ ਕੀਤਾ। ਅੰਤ ਵਿਚ ਸੀ ਟੀ ਯੂ ਪੰਜਾਬ ਦੇ ਪ੍ਰਧਾਨ ਦੇਵ ਰਾਜ ਵਰਮਾ ਨੇ ਸਭ ਦਾ ਧੰਨਵਾਦ ਕੀਤਾ। ਲੇਬਰ ਕਮਿਸ਼ਨਰ ਨੇ ਰੈਲੀ ਵਾਲੀ ਥਾਂ ਆਪ ਆ ਕੇ ਲੀਡਰਸ਼ਿਪ ਤੋਂ ਮੰਗ ਪੱਤਰ ਲਿਆ ਅਤੇ ਮੰਗਾਂ ਨੂੰ ਸੰਜੀਦਗੀ ਨਾਲ ਪੂਰਾ ਕਰਨ ਲਈ ਵਿਚਾਰ ਦਾ ਭਰੋਸਾ ਦੁਆਇਆ।

ਉਪਰੋਕਤ ਤੋਂ ਇਲਾਵਾ ਜ਼ਿਕਰਯੋਗ ਮਜ਼ਦੂਰ ਆਗੂਆਂ ਵਿਚ ਸ਼ਾਮਲ ਸਨ-ਮਹਿੰਦਰਪਾਲ ਮੋਹਾਲੀ, ਗੁਰਨਾਮ ਸਿੰਘ ਰੋਪੜ, ਦੇਵੀ ਦਿਆਲ ਸ਼ਰਮਾ, ਰਾਜ ਕੁਮਾਰ, ਡੀ.ਪੀ. ਮੌੜ, ਚਮਕੌਰ ਸਿੰਘ ਲੁਧਿਆਣਾ, ਜਸਵਿੰਦਰ ਸਿੰਘ ਭੰਗਲ, ਜਸਪਾਲ ਦੱਪਰ, ਵਿਨੋਦ ਚੁੱਘ, ਗੁਰਦਿਆਲ ਸਿੰਘ, ਜੈਪਾਲ ਫਗਵਾੜਾ, ਵਿਜੈ ਕੁਮਾਰ ਅੰਮ੍ਰਿਤਸਰ, ਮਨਿੰਦਰ ਭਾਟੀਆ, ਰੈਕਟਰ ਕਥੂਰੀਆ, ਲੇਖਕ ਆਗੂ ਸਰਦਾਰਾ ਸਿੰਘ ਚੀਮਾ ਅਤੇ ਗੁਰਨਾਮ ਕੰਵਰ ਆਦਿ। ਰੈਲੀ ਦੀਆਂ ਪ੍ਰਮੁੱਖ ਮੰਗਾਂ ਸਨ: 1. ਕੰਮ ਦਿਹਾੜੀ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕਰਨ ਦਾ ਫੈਸਲਾ ਰੱਦ ਕੀਤਾ ਜਾਵੇ; 2. ਘੱਟੋ-ਘੱਟ ਉਜਰਤਾਂ ਵਿਚ ਫੌਰੀ ਵਾਧਾ ਕੀਤਾ ਜਾਵੇ; 3. ਭੱਠਾ ਸਨਅਤ ਵਿਚ ਬੇਮੌਸਮੀ ਬਾਰਸ਼ਾਂ ਕਾਰਨ ਹੁੰਦੇ ਨੁਕਸਾਨ ਨੂੰ ਕੁਦਰਤੀ ਆਫਤ ਮੰਨ ਕੇ ਮੁਆਵਜ਼ਾ ਦਿੱਤਾ ਜਾਵੇ; 4. ਆਂਗਣਵਾੜੀ, ਹੈਲਪਰਾਂ, ਆਸ਼ਾ, ਮਿਡ-ਡੇ ਮੀਲ ਕਾਮਿਆਂ ਨੂੰ "ਵਰਕਰ" ਦਾ ਦਰਜਾ ਅਤੇ ਘੱਟੋ-ਘੱਟ ਉਜਰਤ ਦਿੱਤੀ ਜਾਵੇ; 5. ਖਾਲੀ ਆਸਾਮੀਆਂ ਭਰੀਆਂ ਜਾਣ; 6. ਪੱਲੇਦਾਰਾਂ ਦੀਆਂ ਮੰਗਾਂ ਮੰਨ ਕੇ ਠੇਕੇਦਾਰੀ ਸਿਸਟਮ ਖਤਮ ਕੀਤਾ ਜਾਵੇ; 7. ਲੇਬਰ ਕਾਨੂੰਨਾਂ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ; 8. ਮਜ਼ਦੂਰ-ਵਿਰੋਧੀ 4 ਲੇਬਰ ਕੋਡ ਰੱਦ ਕੀਤੇ ਜਾਣ; 9. ਠੇਕਾ ਭਰਤੀ ਅਤੇ ਆਊਟ ਸੋਰਸ ਕਾਮਿਆਂ ਨੂੰ ਰੈਗੂਲਰ ਕੀਤਾ ਜਾਵੇ; 10. ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰੋ; 11. ਮਨਰੇਗਾ ਦਿਹਾੜੀ 700 ਰੁਪਏ ਕਰੋ; ਸਾਲਾਨਾ 200 ਦਿਨ ਕੰਮ ਦਿਓ; ਸ਼ਹਿਰਾਂ ਵਿਚ ਵੀ ਇਹ ਸਕੀਮ ਲਾਗੂ ਕਰੋ; 12. ਉਸਾਰੀ ਮਜ਼ਦੂਰ ਦੀ ਮੌਤ 'ਤੇ 5 ਲੱਖ ਰੁਪਏ ਐਕਸ ਗਰੇਸ਼ੀਆ ਦਿੱਤਾ ਜਾਵੇ; 13. ਆਯੂਸ਼ਮਾਨ ਕਾਰਡ ਬੰਦ ਕਰਕੇ ਲਾਭਪਾਤਰੀਆਂ ਨੂੰ ਇਲਾਜ ਦੇ ਪੂਰੇ ਪੈਸੇ ਦਿੱਤੇ ਜਾਣ; 14. ਲਾਭਪਾਤਰੀ ਸਕੀਮਾਂ ਪਾਸ ਕਰਨ ਲਈ ਤਹਿਸੀਲ ਵਿਚ ਹਰ ਮਹੀਨੇ ਮੀਟਿੰਗ ਲਾਜ਼ਮੀ ਕੀਤੀ ਜਾਵੇ; 15. ਘਰੇਲੂ ਮਜ਼ਦੂਰਾਂ ਦੀ ਰਜਿਸਟਰੇਸ਼ਨ ਮੁੜ ਚਾਲੂ ਕੀਤੀ ਜਾਵੇ; 16. ਕੁਲੀਆਂ ਉਪਰ ਲੇਬਰ ਕਾਨੂੰਨ ਲਾਗੂ ਕੀਤੇ ਜਾਣ।

### ਕੈਨੇਡਾ ਭੇਜਣ 'ਚ ਠੱਗੀ...

ਦੋਸ਼ ਲਗਾਇਆ ਹੈ। ਇਸ ਸਾਲ ਮਾਰਚ ਵਿੱਚ ਸੀ ਬੀ ਐੱਸ ਏ ਨੇ ਸੈਂਕੜੇ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੇ ਨੋਟਿਸ ਜਾਰੀ ਕੀਤੇ, ਜਿਨ੍ਹਾਂ 'ਚ ਜ਼ਿਆਦਾਤਰ ਪੰਜਾਬ ਤੋਂ ਸਨ। ਇਨ੍ਹਾਂ ਵਿਦਿਆਰਥੀਆਂ ਵਿੱਚੋਂ ਜ਼ਿਆਦਾਤਰ ਨੇ 2018 ਤੋਂ 2022 ਤੱਕ ਜਲੰਧਰ ਸਥਿਤ ਐਜੂਕੇਸ਼ਨ ਮਾਈਗ੍ਰੇਸ਼ਨ ਸਰਵਿਸਿਜ਼ ਰਾਹੀਂ ਵੀਜ਼ਾ ਅਰਜ਼ੀਆਂ ਦਾਇਰ ਕੀਤੀਆਂ ਸਨ, ਜਿਸ ਨੂੰ ਮਿਸ਼ਰਾ ਚਲਾ ਰਿਹਾ ਸੀ। ਮਿਸ਼ਰਾ ਨੇ ਕਥਿਤ ਤੌਰ 'ਤੇ ਇੱਕ ਪ੍ਰਮੁੱਖ ਸੰਸਥਾ ਹੰਬਰ ਕਾਲਜ 'ਚ ਦਾਖਲਾ ਫੀਸ ਸਮੇਤ ਸਾਰੇ ਖਰਚਿਆਂ ਲਈ ਹਰੇਕ ਵਿਦਿਆਰਥੀ ਤੋਂ 16 ਤੋਂ 20 ਲੱਖ ਰੁਪਏ ਤੱਕ ਦਾ ਖਰਚਾ ਲਿਆ।

### ਭਾਰਤੀ ਖੇਤ ਮਜ਼ਦੂਰ ਯੂਨੀਅਨ...

ਦਾ ਮੋਨ ਧਾਰ ਕੇ ਸ਼ਰਧਾਂਜਲੀ ਭੇਟ ਕੀਤੀ ਗਈ।

ਸਵਾਗਤੀ ਕਮੇਟੀ ਦੇ ਪ੍ਰਧਾਨ ਅਤੇ ਵਿਧਾਇਕ ਸੂਰਯ ਕਾਂਤ ਪਾਸਵਾਨ ਨੇ ਸਵਾਗਤੀ ਤਕਰੀਰ ਵਿੱਚ ਮਹਾਂਵੀਰ ਦੀ ਜਨਮ ਭੂਮੀ ਅਤੇ ਮਹਾਤਮਾ ਬੁੱਧ ਦੀ ਕਰਮ ਭੂਮੀ ਵਿੱਚ ਹੋ ਰਹੇ ਰਾਸ਼ਟਰੀ ਸੰਮੇਲਨ ਵਿੱਚ ਸ਼ਾਮਲ ਆਗੂਆਂ ਅਤੇ ਡੈਲੀਗੇਟਾਂ ਦਾ ਗਰਮਜੋਸ਼ੀ ਨਾਲ ਸਵਾਗਤ ਕੀਤਾ। ਉਨ੍ਹਾ ਇਸ ਮੌਕੇ ਮਜ਼ਦੂਰ-ਕਿਸਾਨ ਅੰਦੋਲਨ ਦੇ ਸ਼ਹੀਦਾਂ ਨੂੰ ਯਾਦ ਕਰਦਿਆਂ ਬਿਹਾਰ ਰਾਜ ਵਿੱਚ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਜਿਊਣ ਹਾਲਤਾਂ ਦਾ ਵੀ ਜ਼ਿਕਰ ਕੀਤਾ। ਉਨ੍ਹਾ ਕਿਹਾ ਕਿ ਅਕਸਰ ਸੁਣਨ ਨੂੰ ਮਿਲਦਾ ਹੈ ਕਿ ਦੁਨੀਆ ਤੇਜ਼ੀ ਨਾਲ ਬਦਲ ਰਹੀ ਹੈ ਅਤੇ ਵਿਕਾਸ ਸਿਖਰ 'ਤੇ ਹੈ, ਪਰ ਅਸਲੀਅਤ ਇਹ ਹੈ ਕਿ ਪੇਂਡੂ ਗਰੀਬ ਮਜ਼ਦੂਰਾਂ ਦਾ ਜੀਵਨ ਬਦ ਤੋਂ ਬਦਤਰ ਹੋ ਰਿਹਾ ਹੈ। ਆਖਰ ਵਿੱਚ ਵਿਧਾਇਕ ਪਾਸਵਾਨ ਨੇ ਆਸ ਪ੍ਰਗਟਾਈ ਕਿ ਇਹ ਰਾਸ਼ਟਰੀ ਸੰਮੇਲਨ ਮਜ਼ਦੂਰਾਂ ਦੀ ਬਿਹਤਰੀ ਲਈ ਚੱਲ ਰਹੀ ਲੜਾਈ ਨੂੰ ਹੋਰ ਅੱਗੇ ਵਧਾਏਗਾ।

ਇਸੇ ਦੌਰਾਨ ਐੱਨ ਪੇਰੀਆਸਾਮੀ ਅਤੇ ਗੁਲਜ਼ਾਰ ਸਿੰਘ ਗੋਰੀਆ ਨੇ ਸੀ ਪੀ ਆਈ ਦੇ ਜਨਰਲ ਸਕੱਤਰ ਕਾਮਰੇਡ ਡੀ ਰਾਜਾ ਨੂੰ ਫੁੱਲਾਂ ਦਾ ਹਾਰ ਪਾ ਕੇ ਸ਼ਾਲ ਤੇ ਬੁੱਕਾ ਭੇਟ ਕਰਦਿਆਂ ਸਨਮਾਨਿਤ ਕੀਤਾ।

ਕਾਮਰੇਡ ਡੀ ਰਾਜਾ ਦੀ ਉਦਘਾਟਨੀ ਤਕਰੀਰ ਦੇ ਸ਼ੁਰੂ ਵਿੱਚ ਹੀ ਸੰਮੇਲਨ ਅੰਦਰਲਾ ਮਹੌਲ ਸੰਜੀਦਾ ਹੋਇਆ ਨਜ਼ਰ ਆਇਆ, ਜਦੋਂ ਉਹ ਖੇਤ ਮਜ਼ਦੂਰ ਹੁੰਦਿਆਂ ਦੇ ਵਕਤ ਨੂੰ ਚੇਤੇ ਕਰਦਿਆਂ ਭਾਵੁਕ ਹੋ ਗਏ। ਉਨ੍ਹਾ ਦੱਸਿਆ ਕਿ ਯੂਥ ਫੈਡਰੇਸ਼ਨ ਅਤੇ ਹੋਰ ਜ਼ਿੰਮੇਵਾਰੀਆਂ ਸੰਭਾਲਣ ਦੇ ਸਮਿਆਂ ਵਿੱਚ ਵੀ ਉਹ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਅੰਗ-ਸੰਗ ਹੀ ਰਹੇ। ਉਨ੍ਹਾ ਕਿਹਾ ਕਿ ਉਹ ਮਜ਼ਦੂਰ ਵਰਗ ਦੀਆਂ ਮੁਸੀਬਤਾਂ ਤੋਂ ਨਿੱਜੀ ਤੌਰ 'ਤੇ ਜਾਣੂ ਹੋਣ ਕਾਰਨ ਇਨ੍ਹਾਂ ਦੀ ਬਿਹਤਰੀ ਲਈ ਜੁੜੇ ਸੰਗਠਨਾਂ ਨੂੰ ਹਮੇਸ਼ਾ ਹੱਲਾਸ਼ੇਰੀ ਦਿੰਦੇ ਰਹਿੰਦੇ ਹਨ। ਕਾਮਰੇਡ ਡੀ ਰਾਜਾ ਨੇ ਡਾ. ਅੰਬੇਡਕਰ ਵੱਲੋਂ ਭਾਰਤ ਵਿੱਚ ਜਾਤਪਾਤੀ ਪ੍ਰਬੰਧ ਨੂੰ ਖਤਮ ਕਰਨ ਦੀਆਂ ਕੋਸ਼ਿਸ਼ਾਂ ਦਾ ਜ਼ਿਕਰ ਕਰਦਿਆਂ ਕਿਹਾ ਕਿ ਖੇਤ ਮਜ਼ਦੂਰਾਂ ਵਿੱਚ ਵਧੇਰੇ ਗਿਣਤੀ ਦਲਿਤਾਂ ਦੀ ਹੈ। ਇਸ ਕਰਕੇ ਇਨ੍ਹਾਂ ਨੂੰ ਦਲਿਤ ਹੋਣ ਦਾ ਖਮਿਆਜ਼ਾ ਵੀ ਭੁਗਤਣਾ ਪੈਂਦਾ ਹੈ। ਉਨ੍ਹਾ ਕਿਹਾ ਕਿ ਮੌਜੂਦਾ ਦੌਰ ਦੌਰਾਨ ਵੀ ਕਈ ਥਾਂਵਾਂ 'ਤੇ ਦਲਿਤਾਂ ਨੂੰ ਨਲਕਿਆਂ ਤੋਂ ਪਾਣੀ ਭਰਨ ਅਤੇ ਮੰਦਰਾਂ ਵਿੱਚ ਜਾਣ ਤੋਂ ਰੋਕਿਆ ਜਾਂਦਾ ਹੈ। ਉਨ੍ਹਾ ਕਿਹਾ ਕਿ ਭਾਰਤੀਆਂ ਅੰਦਰ ਜਾਤਪਾਤ ਇੰਨੀ ਗਹਿਰਾਈ ਨਾਲ ਘਰ ਕਰੀ ਬੈਠੀ ਹੈ ਕਿ ਇਹ ਲੋਕ ਲੰਡਨ ਜਾਂ ਵਾਸ਼ਿੰਗਟਨ ਜਾਣ ਵੇਲੇ ਵੀ ਜਾਤ ਦਾ ਛੱਜ ਨਾਲ ਲੈ ਜਾਂਦੇ ਹਨ।

ਕਾਮਰੇਡ ਡੀ ਰਾਜਾ ਨੇ ਮਜ਼ਦੂਰਾਂ ਦੇ ਇੱਕ ਹੋਰ ਤਰਾਸਦਿਕ ਪਹਿਲੂ ਦਾ ਜ਼ਿਕਰ ਕਰਦਿਆਂ ਕਿਹਾ ਕਿ ਅਜੇ ਤੱਕ ਘੱਟੋ-ਘੱਟ ਉਜਰਤ ਤੈਅ ਕਰਨ ਲਈ ਖੇਤ ਮਜ਼ਦੂਰਾਂ ਲਈ ਕੁਲ ਹਿੰਦ ਪੱਧਰ ਦਾ ਐਕਟ ਨਹੀਂ ਬਣ ਸਕਿਆ। ਉਨ੍ਹਾ ਕੇਂਦਰ ਦੀ ਭਾਜਪਾ ਸਰਕਾਰ ਦੇ ਮਜ਼ਦੂਰ ਵਿਰੋਧੀ ਚਿਹਰੇ ਨੂੰ ਬੇਨਕਾਬ ਕਰਦਿਆਂ ਕਿਹਾ ਕਿ ਇਸ ਸਰਕਾਰ ਦੇ ਆਉਣ ਤੋਂ ਪਹਿਲਾਂ ਦੇਸ਼ ਅੰਦਰ ਯੋਜਨਾ ਕਮਿਸ਼ਨ ਸੀ। ਇਸ ਵਿੱਚ ਗਿਣਤੀ ਨੂੰ ਧਿਆਨ ਵਿੱਚ ਰੱਖਦਿਆਂ ਮਜ਼ਦੂਰਾਂ ਲਈ ਬੱਜਟ ਰੱਖਿਆ ਜਾਂਦਾ ਸੀ। ਇਸ ਸਰਕਾਰ ਨੇ ਯੋਜਨਾ ਬੋਰਡ ਹੀ ਖਤਮ ਕਰ ਦਿੱਤਾ। ਉਸ ਦੀ ਥਾਂ ਨੀਤੀ ਆਯੋਗ ਬਣਾ ਦਿੱਤਾ। ਇਹ ਨਿੱਜੀ ਖੇਤਰ 'ਤੇ ਜ਼ੋਰ ਦਿੰਦਾ ਹੈ, ਜੋ ਮਜ਼ਦੂਰਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਤੋਂ ਰੋਕਦਾ ਹੈ। ਕਮਿਊਨਿਸਟ ਆਗੂ ਨੇ ਲੈਨਿਨ ਅਤੇ ਸਟਾਲਿਨ ਦੇ ਹਵਾਲੇ ਨਾਲ ਕਿਹਾ ਕਿ ਜਥੇਬੰਦੀ ਦੀ ਮਜ਼ਬੂਤੀ ਲਈ ਔਰਤਾਂ ਦੀ ਵਧੇਰੇ ਸ਼ਮੂਲੀਅਤ ਬਹੁਤ ਜ਼ਰੂਰੀ ਹੈ। ਆਖਰ ਵਿੱਚ ਉਨ੍ਹਾ ਭਾਰਤੀ ਖੇਤ ਮਜ਼ਦੂਰ ਯੂਨੀਅਨ ਨੂੰ ਇਸ ਦੇ ਪੰਦਰਵੇਂ ਰਾਸ਼ਟਰੀ ਸੰਮੇਲਨ ਦੀ ਵਧਾਈ ਦਿੰਦਿਆਂ ਇਸ ਦੀ ਸਫਲਤਾ ਦੀ ਕਾਮਨਾ ਕੀਤੀ। ਉਨ੍ਹਾ ਕਿਹਾ ਕਿ ਮਜ਼ਦੂਰ ਲਹਿਰ ਵਿੱਚ ਬੀ ਕੇ ਐੱਮ ਯੂ ਦੀ ਸ਼ਲਾਘਾਯੋਗ ਭੂਮਿਕਾ ਹੈ ਤੇ ਇਸ ਦੀ ਹੋਰ ਮਜ਼ਬੂਤੀ ਚਿਤਵਦਿਆਂ ਵਾਪਸ ਜਾਣਾ ਹੋਵੇਗਾ। ਆਲ ਇੰਡੀਆ ਯੂਥ ਫੈਡਰੇਸ਼ਨ ਦੇ ਕੌਮੀ ਆਗੂ ਕਾਮਰੇਡ ਤਰੀਮੁਲ ਰਾਵਣ ਨੇ ਵੀ ਗਰਮਜੋਸ਼ੀ ਨਾਲ ਭਰਾਤਰੀ ਸੰਦੇਸ਼ ਦਿੱਤਾ। ਸੰਮੇਲਨ ਦਾ ਅਗਲਾ ਸੈਸ਼ਨ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਪ੍ਰਧਾਨ ਐੱਨ ਪੇਰੀਆਸਾਮੀ ਵੱਲੋਂ ਦਿੱਤੇ ਪ੍ਰਧਾਨਗੀ ਭਾਸ਼ਨ ਅਤੇ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ ਵੱਲੋਂ ਪੇਸ਼ ਕੀਤੀ ਗਈ ਰਿਪੋਰਟ ਨਾਲ ਸ਼ੁਰੂ ਹੋਇਆ।

### ਇੱਕ ਸਾਲ 'ਚ...

ਵੰਡਿਆ ਗਿਆ ਹੈ। ਵਿੱਤੀ ਸਾਲ 2023 'ਚ 84,000 ਭਾਰਤੀ ਬਾਲਗ ਗੈਰ-ਕਾਨੂੰਨੀ ਤਰੀਕੇ ਨਾਲ ਅਮਰੀਕਾ 'ਚ ਦਾਖਲ ਹੋਏ। ਗ੍ਰਿਫਤਾਰ ਕੀਤੇ ਵਿਅਕਤੀਆਂ 'ਚ 730 ਨਾਬਾਲਗ ਵੀ ਸ਼ਾਮਲ ਹਨ। ਅਮਰੀਕੀ ਸਰਕਾਰ ਦਾ ਵਿੱਤੀ ਸਾਲ 1 ਅਕਤੂਬਰ ਤੋਂ 30 ਸਤੰਬਰ ਤੱਕ ਚੱਲਦਾ ਹੈ।

## 'ਨਹੀਂ ਚਾਹੁੰਦੇ ਸੁਪਰੀਮ ਕੋਰਟ ਤਰੀਕ 'ਤੇ ਤਰੀਕ ਦੀ ਅਦਾਲਤ ਬਣੇ'

**ਨਵੀਂ ਦਿੱਲੀ** : ਚੀਫ ਜਸਟਿਸ ਡੀ ਵਾਈ ਚੰਦਰਚੂੜ ਨੇ ਸ਼ੁੱਕਰਵਾਰ ਵਕੀਲਾਂ ਨੂੰ ਨਵੇਂ ਮਾਮਲਿਆਂ 'ਚ ਤਰੀਕ ਮੰਗਣ ਤੋਂ ਗੁਰੇਜ਼ ਕਰਨ ਦੀ ਅਪੀਲ ਕਰਦੇ ਹੋਏ ਕਿਹਾ ਕਿ ਉਹ ਨਹੀਂ ਚਾਹੁੰਦੇ ਕਿ ਸੁਪਰੀਮ ਕੋਰਟ 'ਤਰੀਕ 'ਤੇ ਤਰੀਕ' ਦੀ ਅਦਾਲਤ ਬਣ ਜਾਵੇ। ਉਨ੍ਹਾਂ ਕਿਹਾ ਕਿ ਦੋ ਮਹੀਨਿਆਂ 'ਚ ਵਕੀਲਾਂ ਨੇ 3,688 ਕੇਸਾਂ 'ਚ ਸੁਣਵਾਈ ਮੁਲਤਵੀ ਕਰਨ ਦੀ ਬੇਨਤੀ ਕੀਤੀ ਹੈ।


This is only an advertisement for information purpose and not an offer document announcement. Not for publication, distribution or release directly or indirectly into the United States or otherwise outside India. All capitalized terms used and not defined herein shall have the meaning assigned to them in the letter of offer dated September 22, 2023 (the "Letter of Offer" or "LOF") filed with the Stock Exchange, namely National Stock Exchange of India Limited ("NSE" and "Stock Exchange") and the Securities and the Exchange Board of India ("SEBI") for information and dissemination on the SEBI's website pursuant to proviso to Regulation 3 of the SEBI (Issue of Capital and Disclosure Requirements) Regulations, 2018 ("SEBI ICDR Regulations").

Marshall

**MARSHALL MACHINES LIMITED**

Corporate Identification Number: L29299PB1994PLC014605

Our Company was originally incorporated as a private limited company under the Companies Act, 1956 as V.B. Spinning Mills Private Limited vide certificate of incorporation dated May 23, 1994 issued by the Registrar of Companies, Punjab, H.P. & Chandigarh. Subsequently, a fresh certificate of incorporation dated January 02, 2002 was issued by Registrar of Companies, Punjab, H.P. & Chandigarh, pursuant to change of name of our Company from V.B. Spinning Mills Private Limited to Marshall Machines Private Limited. Subsequently, the name of the company was changed to Marshall Machines Limited pursuant to conversion into a public company vide shareholder's approval dated April 24, 2018 and vide fresh certificate of incorporation dated May 17, 2018 issued by Registrar of Companies, Chandigarh. Our Company successfully launched its IPO and get listed in NSE Emerge (SME Platform) w.e.f. September 07, 2018. The Company through its postal ballot resolution passed dated September 10, 2021 with the requisite majority of the shareholders, migrated from NSE Emerge to Main Board of NSE w.e.f. November 11, 2021. For details of the change in the address of the registered office of our Company, see "General Information" on page 55 of Letter of Offer.

**Registered Office:** C-86, Phase - V, Focal Point, Ludhiana 141010, Punjab, India
**Contact No:** +91-161-5012406, 5012407, 5019648,
**Contact Person:** Ms. Gauri Agarwal, Company Secretary and Compliance Officer;
**Email-ID:** csmarshall@marshallcnc.com | **Website:** www.marshallcnc.com

**THE ISSUE**

**ISSUE OF UPTO 1,01,85,000* FULLY PAID-UP EQUITY SHARES OF FACE VALUE OF ₹ 10/- EACH *("RIGHTS EQUITY SHARES")* AT A PRICE OF ₹ 44.80/- PER EQUITY SHARE (INCLUDING A PREMIUM OF ₹ 34.80/- PER EQUITY SHARE) *("ISSUE PRICE")* FOR AN AMOUNT NOT EXCEEDING ₹ 4562.88 LAKHS ON A RIGHTS ISSUE BASIS TO THE ELIGIBLE EQUITY SHAREHOLDERS OF MARSHALL MACHINES LIMITED IN THE RATIO OF 7 RIGHTS EQUITY SHARES FOR EVERY 10 EQUITY SHARES HELD BY SUCH ELIGIBLE EQUITY SHAREHOLDERS AS ON THE RECORD DATE, THAT IS ON FRIDAY, SEPTEMBER 29, 2023 *("ISSUE")*. THE ISSUE PRICE OF THE RIGHTS ISSUE IS 4.48 TIMES THE FACE VALUE OF THE EQUITY SHARE. FOR FURTHER DETAILS, KINDLY REFER TO THE SECTION TITLED *"TERMS OF THE ISSUE"* ON PAGE NO. 270 OF LETTER OF OFFER *(the "LOF")*.**

**BASIS OF ALLOTMENT**

The Board of Directors of Marshall Machines Limited wishes to thanks all its shareholders and investors for their response to the issue which opened for subscription on Wednesday, October 11, 2023 and closed on Thursday, October 26, 2023 and the last date for market renunciation of Rights Entitlements was Monday, October 16, 2023. Out of the total 1492 Applications for 9760351 Equity Shares, 339 Applications for 409134 Equity Shares were rejected on the basis of Ground for technical rejections as disclosed in the Letter of Offer.
The total number of fully valid applications received were 1153 Applications for 9351217 Equity Shares. In accordance with the Letter of Offer and on the basis of allotment finalized on October 31, 2023, in consultation with the Registrar to the Issue and NSE, the Designated Stock Exchange for the Issue, the Company has on October 31, 2023 allotted 9351217 Equity Shares to the successful Applicants. All valid applications have been considered for Allotment

**1. The break-up of valid Applications (including ASBA applications) is given below:**

| Category | No. of Valid Applications (Including ASBA Applications) Received | No. of Rights Equity Shares accepted and allotted against Rights Entitlement (A) | No. of Rights Equity Shares Accepted and Allotted against Additional Applied (B) | Total Rights Equity Shares accepted and allotted (A +B) |
|---|---|---|---|---|
| Eligible Equity Shareholders | 942 | 2835496 | 3646049 | 6481545 |
| Renounces | 211 | 634736 | 2234936 | 2869672 |
| **Total** | **1153** | **3470232** | **5880985** | ***9351217** |

*The issue is of 1,01,85,000 equity shares, due to shortfall of 8,33,783 company allotted only 93,51,217 equity shares (91.81%) of the issue size.

**2. Information regarding total Applications received (including ASBA applications received):**

| Category | Applications | | Rights EquityShares Applied for | | | Rights Equity Shares Allotted | | |
|---|---|---|---|---|---|---|---|---|
| | Number | % | Number | Value (Rs.) | % | Number | Value (Rs.) | % |
| Eligible Equity Shareholders | 1281 | 85.86 | **6890679** | 308702419.20 | 70.60 | 6481545 | 290373216.00 | 69.31 |
| Renounces | 211 | 14.14 | **2869672** | 128561305.60 | 29.40 | 2869672 | 128561305.60 | 30.69 |
| **Total** | **1492** | **100** | **9760351** | **437263724.80** | **100** | **9351217** | **418934521.60** | **100** |

**Intimations for Allotment/Refund/Rejection Cases:** The dispatch of allotment advice cum refund intimation and reason for rejection, as applicable, to the investors has been completed on November 01, 2023. The instructions to SCSBs for unblocking funds in case of ASBA Applications were given on November 01, 2023. The Listing application was filed with NSE on November 01, 2023 and subsequently, the listing approval was received on November 01, 2023. The credit of Equity Shares in dematenalized form to respective demat accounts of allottees will be completed on or before November 06, 2023. For further details please see "*Terms of the Issue- Allotment Advices/Refund Orders*" on page number 299 of the LOF Pursuant to the listing and trading approvals granted/to be granted by NSE, the Rights Equity Shares Allotted in the issue is expected to commence trading on NSE on November 06, 2023. In Accordance with the SEBI circular dated January 22, 2020, the request for extinguishment of rights entitlement with NSDL and CDSL is expected to be completed on November 03, 2023.

**INVESTORS MAY PLEASE NOTE THAT THE EQUITYSHARES CAN BE TRADED ON THE STOCK EXCHANGES ONLY IN DEMATERIALISED FORM.**

**DISCLAIMER CLAUSE OF SEBI:** The Letter of Offer has not been filed with in terms of SBI ICDR Regulations as the size of the issue is less than Rs. 5000.00 Lakhs. Only the Letter of Offer will be filed with the SEBI for information and dissemination on the SEBI's website. The Investors are advised to refer to the full text of the "*Disclaimer Clause of SEBI*" on page 263 of the Letter of Offer.

**DISCLAIMER CLAUSE OF NSE:** It is to be distinctly understood that the permission given by NSE should not, in anyway, be deemed or construed that the Letter of Offer has been cleared or approved by NSE; nor does it certify the correctness or completeness of any of the contents of the Letter of Offer. The Investors are advised to refer to the full text of the Disclaimer provided in "Other Regulatory and Statutory Disclosures - *Disclaimer Clause of NSE*" on page 264 of the Letter of Offer.

**THE LEVEL OF SUBSCRIPTION SHOULD NOT BE TAKEN TO BE INDICATIVE EITHER THE MARKET PRICE OF THE EQUITY SHARES OR THE BUSINESS PROSPECTUS OF THE COMPANY.**

| LEAD MANAGER TO THE ISSUE | REGISTRAR TO THE ISSUE | COMPANY SECRETARY & COMPLIANCE OFFICER |
|---|---|---|
| KUNVARJI Let's Grow Together<br>**KUNVARJI FINSTOCK PRIVATE LIMITED**<br>**Registered Office:** Block B, First Floor, Siddhi Vinayak Towers, Off S.G. Highway Road, Mouje Makarba, Ahmedabad- 380051<br>**Corporate Office:** 1208-20, 12th Floor, Summit Business Bay, Opp. PVR Cinema, Near Western Express Highway – Metro Station, Andheri(E), Mumbai - 400093<br>**CIN:** U65910GJ1986PTC008979<br>**Contact Person:** Mr. Niraj Thakkar/ Mr. Jiten Patel<br>**Tel No.:** +91 79 6666 9000 \| +91 022 6985 0000<br>**Email ID/Investor Grievance Email:** MB.investorgrievances@kunvarji.com<br>**Website:** https://kunvarji.com/ merchant-banking/<br>**SEBI Registration No.:** INM000012564 | **BIGSHARE SERVICES PRIVATE LIMITED**<br>**Address:** Office No S6-2, 6th floor Pinnacle Business Park, Next to Ahura Centre, Mahakali Caves Road, Andheri (East) Mumbai – 400093.<br>**Contact Person:** Mr. Jibu John<br>**Tel No.:** +91 022-62638200 / 22<br>**Facsimile:** 022-62638280<br>**Email:** rightsissue@bigshare online.com<br>**Investor grievance e-mail:** investor@bigshareonline.com<br>**Website:** www.bigshareonline.com<br>**SEBI Registration No:** INR000001385 | Marshall<br>**MARSHALL MACHINES LIMITED**<br>**CIN:** L29299PB1994PLC014605<br>**Registered Office:** C-86, Phase - V, Focal Point, Ludhiana 141010, Punjab, India<br>**Contact No:** +91-161-5012406, 5012407, 5019648 \| **Contact Person:** Ms. Gauri Agarwal, Company Secretary and Compliance Officer;<br>**Email-ID:** csmarshall@marshallcnc.com<br>**Website:** www.marshallcnc.com |

*Investors may contact the Registrar or the Company Secretary and Compliance Officer for any pre issue or post issue related matter. All grievances relating the ASBA process may be addressed to the Registrar, with a copy to the SCSBs in case of ASBA process), giving full details such as name, address of the Applicant contact number(s), e- mail address of the sole first holder, folio number or demat account number, number of Rights Equity Shares applied for, amount blocked (in case of ASBA process), ASBA Account number, and the Designated Branch of the SCSBs where the Application Form or the plain paper applications as the-case may be, was submitted by the Investors along with a photocopy of the acknowledgement slip (in case of ASBA process).*

**For MARSHALL MACHINES LIMITED**
**On behalf of the Board of Directors**
**Sd/-**
**Date: 03.11.2023** **Mr. Siddhant Sarup**
**Place: Ludhiana** **Whole Time Director**

**Disclaimer:** Our Company is proposing, subject to receipt of requisite approvals, market conditions and other considerations, to issue Equity Shares on a rights basis and has filed a Letter of Offer dated September 22, 2023 with the NSE. The Letter of Offer is available on the website of Stock Exchanges where the Equity Shares are listed i.e. NSE at www.nse.com. Investors should note that investment in equity shares involves a high degree of risk and are requested to refer to the Letter of Offer including the section "Risk Factors" beginning on page 27 of the Letter of Offer. This announcement has been prepared for publication in India and may not be released in the United States. This announcement does not constitute an offer of Rights Equity Shares for sale in any jurisdiction, including the United States, and any Rights Equity Shares described in this announcement may not be offered or sold in the United States absent registration under the US Securities Act of 1933, as amended, or an exemption from registration. There will be no public offering of Rights Equity Shares in the United States.


ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Fatehpuri**
ਸੰਪਾਦਕ : **ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
**ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in**

4--Nov-PAGE- 3 qxd.qxd 11/3/2023 10:13 PM Page 1



# ਸਾਂਝ ਕੇਂਦਰ ਦੇ ਕਰਮਚਾਰੀਆਂ ਦੀ ਲੇਟ ਲਤੀਫੀ ਕਾਰਨ ਲੋਕ ਪ੍ਰੇਸ਼ਾਨ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਪੁਲਿਸ ਸਾਂਝ ਕੇਂਦਰ ਹਰੀਕੇ ਦੇ ਕਰਮਚਾਰੀਆਂ ਦੀ ਲੇਟ ਲਤੀਫੀ ਕਾਰਨ ਆਮ ਜਨਤਾ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਆਲਮ ਇਹ ਹੈ ਕਿ ਇਥੇ ਤਾਇਨਾਤ ਤਿੰਨ ਕਰਮਚਾਰੀ ਤਾਂ ਸਮੇਂ ਸਿਰ ਡਿਊਟੀ 'ਤੇ ਹਾਜ਼ਰ ਹੋਣ ਨੂੰ ਆਪਣੀ ਤੌਹੀਨ ਸਮਝਦੇ ਹਨ। ਨਿੱਤ ਨਵੇਂ ਬਹਾਨਿਆਂ 'ਚ ਮੁਹਾਰਤ ਹਾਸਲ ਹੈ ਇਨ੍ਹਾਂ ਤਿੰਨਾਂ ਨੂੰ। ਇੰਨਾ ਹੀ ਨਹੀਂ, 9 ਤੋਂ 5 ਵਾਲੀ ਬਾਬੂਸ਼ਾਹੀ ਸੋਚ ਨੂੰ ਲੈ ਕੇ ਕੰਮ ਕਰਨ ਵਾਲੇ ਇਹ ਕਰਮਚਾਰੀ ਛੋਟੇ ਮੋਟੇ ਕੰਮਾਂ ਲਈ ਵੀ 3 ਤੋਂ 4 ਦਿਨ ਬਾਅਦ ਆਉਣ ਦਾ ਕਹਿ ਕੇ ਤੁਰਦੇ ਬਣਦੇ ਹਨ। ਹਾਲਾਂਕਿ ਮਹਿਜ਼ 2 ਦਿਨ ਪਹਿਲਾਂ ਹੀ ਸਾਂਝ ਕੇਂਦਰਾਂ ਦੇ ਨੋਡਲ ਅਫਸਰ ਐੱਸਪੀ ਐੱਚ ਮਨਿੰਦਰ ਸਿੰਘ ਨੇ ਮੀਟਿੰਗ ਦੌਰਾਨ ਲੋਕਾਂ ਨੂੰ ਪ੍ਰੇਸ਼ਾਨੀ ਤੋਂ ਮੁਕਤੀ ਦਿਵਾਉਣ ਦੇ ਨਾਲ-ਨਾਲ ਕੰਮ 'ਚ ਤੇਜ਼ੀ ਲਿਆਉਣ ਸਮੇਤ ਹੋਰ ਵੀ ਲੋਕ ਹਿੱਤਾਂ ਦੀਆਂ ਹਦਾਇਤਾਂ ਜਾਰੀ ਕੀਤੀਆਂ ਪਰ ਅਫਸੋਸ ਸਿਆਸੀ ਪਹੁੰਚ ਦੇ ਬਲਬੂਤੇ 'ਤੇ ਨੌਕਰੀ ਕਰਨ ਵਾਲੇ ਇਨ੍ਹਾਂ ਮੁਲਾਜ਼ਮਾਂ ਦੇ ਕੰਨ 'ਤੇ ਜੂੰ ਤਕ ਨਹੀਂ ਸਰਕੀ ਜਿਨ੍ਹਾਂ ਵਿੱਚ ਇਕ ਮਹਿਲਾ ਮੁਲਾਜ਼ਮ ਵੀ ਸ਼ਾਮਲ ਹੈ। ਗੱਲ ਗੱਲ 'ਤੇ ਥਾਣੇ ਦੇ ਕਰਮਚਾਰੀਆਂ ਦਾ ਨੋਟਿਸ ਲੈਣ ਵਾਲੇ ਸਿਆਸੀ ਖੇਮੇ ਨੇ ਵੀ ਜਨਤਾ ਨੂੰ ਪ੍ਰੇਸ਼ਾਨੀ ਤੋਂ ਨਿਜਾਤ ਦਿਵਾਉਣ ਲਈ ਕੋਈ ਕਦਮ ਉਠਾਉਣ ਨੂੰ ਤਰਜੀਹ ਦੇਣਾ ਗੈਰ ਜ਼ਰੂਰੀ ਸਮਝਿਆ। ਆਮ ਆਦਮੀ ਲਈ ਸਥਾਪਿਤ ਕੀਤੇ ਇਹ ਸਾਂਝ ਕੇਂਦਰ ਸੁਵਿਧਾ ਦੀ ਬਜਾਏ ਦੁਬਿਧਾ ਦੀ ਮਿਸਾਲ ਸਿੱਧ ਹੋ ਰਹੇ ਹਨ। ਇਸ ਸਬੰਧੀ ਸਾਂਝ ਕੇਂਦਰ ਦੀ ਜ਼ਿਲ੍ਹਾ ਇੰਚਾਰਜ ਇੰਸਪੈਕਟਰ ਜਸਵਿੰਦਰ ਕੌਰ ਨਾਲ ਰਾਬਤਾ ਕੀਤਾ ਤਾਂ ਉਨ੍ਹਾਂ ਜਿਥੇ ਕਰਮਚਾਰੀਆਂ ਖਿਲਾਫ ਬਣਦੀ ਕਾਰਵਾਈ ਦੀ ਸਿਫਾਰਸ਼ ਕਰਨ ਦੀ ਗੱਲ ਕਹੀ ਉਥੇ ਹੀ ਉਨ੍ਹਾਂ ਕਿਹਾ ਕਿ ਸਾਰਾ ਮਾਮਲਾ ਨੋਡਲ ਅਫਸਰ ਐੱਸਪੀ ਮਨਿੰਦਰ ਸਿੰਘ ਦੇ ਧਿਆਨ ਵਿੱਚ ਵੀ ਲਿਆਂਦਾ ਜਾਵੇਗਾ। ਕੈਪਸ਼ਨ- ਸਾਂਝ ਇੰਚਾਰਜ ਦੀ ਖਾਲੀ ਪਈ ਕੁਰਸੀ,

## ਦਿਹਾਤੀ ਖੇਤਰ 'ਚ ਬਿਜਲੀ ਦੇ ਅਣਐਲਾਨੇ ਕੱਟਾਂ ਤੋਂ ਲੋਕ ਪ੍ਰੇਸ਼ਾਨ

**ਗੁਰਦਾਸਪੁਰ, (ਜਨਕ ਮਹਾਜਨ)**- ਗੁਰਦਾਸਪੁਰ ਦੇ ਬੇਟ ਇਲਾਕੇ ਅੰਦਰ ਬਿਜਲੀ ਦੇ ਸ਼ਾਮ ਵੇਲੇ ਅਣ ਐਲਾਨੇ ਕੱਟ ਲੱਗਣ ਕਾਰਨ ਜਿੱਥੇ ਲੋਕਾਂ ਦੇ ਕਾਰੋਬਾਰ ਪ੍ਰਭਾਵਿਤ ਹੋ ਰਹੇ ਹਨ ਉਥੇ ਲੋਕਾਂ ਨੂੰ ਕਾਫ਼ੀ ਮੁਸ਼ਕਲਾਂ ਪੇਸ਼ ਆ ਰਹੀਆਂ ਹਨ। ਇਸ ਪਾਸੇ ਪਾਵਰਕਾਮ ਮਹਿਕਮੇ ਨੂੰ ਧਿਆਨ ਦੇਣ ਦੀ ਲੋੜ ਹੈ। ਇਸ ਸਬੰਧੀ ਵੱਖ-ਵੱਖ ਵਪਾਰਕ ਅਦਾਰਿਆਂ ਨਾਲ ਜੁੜੇ ਲੋਕਾਂ ਨੇ ਦੱਸਿਆ ਕਿ ਪਿਛਲੇ ਇਕ ਹਫ਼ਤੇ ਤੋਂ ਸ਼ਾਮ 5 ਵਜੇ ਤੋਂ ਲੈ ਕੇ 6.30 ਵਜੇ ਤੱਕ ਬਿਜਲੀ ਦਾ ਕੱਟ ਲੱਗਦਾ ਹੈ ਅਤੇ ਛੋਟੇ-ਮੋਟੇ ਕਾਰੋਬਾਰ ਕਰਨ ਵਾਲੇ ਲੋਕਾਂ ਦਾ ਧੰਦਾ ਠੱਪ ਹੋ ਰਿਹਾ ਹੈ ਤੇ ਉਹ ਆਰਥਿਕ ਸੰਕਟ ਨਾਲ ਜੂਝ ਰਹੇ ਹਨ। ਉਨ੍ਹਾਂ ਦੱਸਿਆ ਕਿ ਇਹੋ ਸਮਾਂ ਦੋ, ਚਾਰ ਰੁਪਏ ਕਮਾਉਣ ਦਾ ਹੈ ਪਰ ਬਿਜਲੀ ਜਾਣ ਨਾਲ ਉਨ੍ਹਾਂ ਦਾ ਕਾਰੋਬਾਰ ਬੰਦ ਹੋ ਜਾਂਦਾ ਹੈ ਜਿਸ ਕਰਕੇ ਉਹ ਦੋ ਸਮੇਂ ਦੀ ਰੋਟੀ ਤੋਂ ਵੀ ਆਤੁਰ ਹੋ ਜਾਂਦੇ ਹਨ। ਉਨ੍ਹਾਂ ਨੇ ਪੰਜਾਬ ਰਾਜ ਪਾਵਰਕਾਮ ਦੇ ਚੇਅਰਮੈਨ ਪਟਿਆਲਾ ਪਾਸੋਂ ਮੰਗ ਕੀਤੀ ਹੈ ਕਿ ਸ਼ਾਮ ਦੇ ਬਿਜਲੀ ਦੇ ਅਣਐਲਾਨੇ ਕੱਟ ਰੋਕੇ ਜਾਣ ਨਹੀਂ ਤਾਂ ਇਲਾਕੇ ਦੇ ਲੋਕ ਸੰਘਰਸ਼ ਕਰਨਗੇ ਜਿਸ ਦੀ ਜ਼ਿੰਮੇਵਾਰੀ ਸਬੰਧਿਤ ਵਿਭਾਗ ਦੀ ਹੋਵੇਗੀ।

# ਜੀ ਕੇ ਦੀ ਅਗਵਾਈ 'ਚ ਵਫ਼ਦ ਫਲਸਤੀਨ ਦੇ ਰਾਜਦੂਤ ਨੂੰ ਮਿਲਿਆ



**ਨਵੀਂ ਦਿੱਲੀ (ਜਸਬੀਰ ਸਿੰਘ ਪੱਟੀ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਜਾਗੋ ਪਾਰਟੀ ਦੇ ਕੌਮਾਂਤਰੀ ਪ੍ਰਧਾਨ ਮਨਜੀਤ ਸਿੰਘ ਜੀ ਕੇ ਦੀ ਅਗਵਾਈ ਵਿੱਚ ਅੱਜ ਸਿੱਖਾਂ ਦਾ ਇੱਕ ਵਫ਼ਦ ਭਾਰਤ ਵਿੱਚ ਫਲਸਤੀਨ ਦੇ ਰਾਜਦੂਤ ਨੂੰ ਮਿਲਿਆ। ਇਸ ਮੀਟਿੰਗ ਦੌਰਾਨ ਵਫ਼ਦ ਦੇ ਮੈਂਬਰਾਂ ਨੇ ਫਲਸਤੀਨ ਦੇ ਰਾਜਦੂਤ ਅਦਨਾਨ ਮੁਹੰਮਦ ਜਾਬੇਰ ਅਬੂ ਅਲਹਾਇਜਾ ਨਾਲ ਲਗਭਗ ਅੱਧਾ ਘੰਟਾ ਖਿੱਤੇ ਵਿੱਚ ਚੱਲ ਰਹੇ ਮਨੁੱਖੀ ਸੰਕਟ ਬਾਰੇ ਚਰਚਾ ਕੀਤੀ ਤੇ ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਬਹਾਲੀ ਦੀ ਵਕਾਲਤ ਕੀਤੀ। ਇਸ ਦੇ ਨਾਲ ਹੀ ਮਨੁੱਖੀ ਸਹਾਇਤਾ ਵਜੋਂ ਫਲਸਤੀਨ ਨੂੰ ਜ਼ਰੂਰੀ ਦਵਾਈਆਂ ਅਤੇ ਕੱਚਾ ਰਾਸ਼ਨ ਆਦਿ ਭੇਜਣ ਦੀ ਵੀ ਵਫ਼ਦ ਵੱਲੋਂ ਪੇਸ਼ਕਸ਼ ਕੀਤੀ ਗਈ। ਵਫ਼ਦ ਵਿਚ ਜਾਗੋ ਪਾਰਟੀ ਦੇ ਸਕੱਤਰ ਜਨਰਲ ਡਾਕਟਰ ਪਰਮਿੰਦਰ ਪਾਲ ਸਿੰਘ, ਕੌਰ ਬ੍ਰਿਗੇਡ ਦੀ ਸੂਬਾ ਪ੍ਰਧਾਨ ਬੀਬੀ ਮਨਦੀਪ ਕੌਰ ਬਖਸ਼ੀ, ਦਿੱਲੀ ਕਮੇਟੀ ਮੈਂਬਰ ਸਤਨਾਮ ਸਿੰਘ ਖਾਲਸਾ, ਜਾਗੋ ਦੇ ਆਗੂ ਜਤਿੰਦਰ ਸਿੰਘ ਬੌਬੀ, ਬੀਬੀ ਦਵਿੰਦਰ ਕੌਰ ਅਤੇ ਸੁਖਮਨ ਸਿੰਘ ਮੌਜੂਦ ਸਨ। ਜੀ ਕੇ ਨੇ ਫਲਸਤੀਨ ਦੇ ਰਾਜਦੂਤ ਨੂੰ ਇੱਕ ਪੱਤਰ ਸੌਂਪਿਆ। ਇਸ ਬਾਰੇ ਮੀਡੀਆ ਨਾਲ ਗੱਲਬਾਤ ਕਰਦਿਆਂ ਜੀ ਕੇ ਨੇ ਦੱਸਿਆ ਕਿ ਫਲਸਤੀਨ ਦੇ ਰਾਜਦੂਤ ਨੇ ਪੱਛਮੀ ਦੇਸ਼ਾਂ ਦੀ ਬਦਮਾਸ਼ੀ ਦਾ ਹਵਾਲਾ ਦਿੰਦੇ ਹੋਏ ਫਲਸਤੀਨ ਵਿਖੇ ਮਨੁੱਖਤਾ ਦਾ ਬੇਰਹਿਮੀ ਨਾਲ ਕਤਲੇਆਮ ਹੋਣ ਦਾ ਦਾਅਵਾ ਕੀਤਾ ਹੈ। ਉਨ੍ਹਾਂ ਦੱਸਿਆ ਕਿ ਬ੍ਰਿਟਿਸ਼ ਵੱਲੋਂ 102 ਸਾਲ ਪਹਿਲਾਂ ਸਾਡੇ ਇੱਥੇ ਫਸਾਦ ਦਾ ਬੀਜ ਬੀਜਿਆ ਗਿਆ ਸੀ। ਜਿਸ ਦਾ ਖਮਿਆਜ਼ਾ ਅਸੀਂ ਹਜ਼ਾਰਾਂ ਜਾਨਾਂ ਗਵਾ ਕੇ ਭੁਗਤ ਰਹੇ ਹਨ। ਸਾਡੀ ਬਿਜਲੀ, ਪਾਣੀ ਤੇ ਖਾਣੇ ਦੀ ਸਪਲਾਈ ਬੰਦ ਕਰ ਦਿੱਤੀ ਗਈ ਹੈ। ਹੁਣ ਤੱਕ ਇਸ ਜੰਗ ਵਿਚ 13 ਹਜ਼ਾਰ ਦੇ ਕਰੀਬ ਬੱਚੇ, ਜਵਾਨ ਅਤੇ ਔਰਤਾਂ ਮਾਰੀਆਂ ਗਈਆਂ ਹਨ। ਮਲਬੇ ਹੇਠਾਂ ਲਗਭਗ 2500 ਲੋਕ ਅਜੇ ਵੀ ਮਰੇ ਹੋਏ ਪਏ ਹਨ। ਸਾਡੇ ਲਈ ਇਹ ਲੜਾਈ ਮਹਤਵਪੂਰਨ ਹੈ, ਅਸੀਂ ਆਪਣੀ ਅਲ ਅਕਸਾਆ ਮਸਜਿਦ ਨੂੰ ਨਹੀਂ ਛੱਡ ਸਕਦੇ, ਕਿਉਂਕਿ ਉਹ ਸਾਡਾ ਪਹਿਲਾ ਕਰਬਲਾ ਹੈ। ਫਲਸਤੀਨ ਦੇ ਰਾਜਦੂਤ ਨੂੰ ਜਾਗੋ ਵੱਲੋਂ ਦਿੱਤੇ ਗਏ ਪੱਤਰ ਅਨੁਸਾਰ, ਦੁਨੀਆ ਭਰ ਦੇ ਸਿੱਖ ਪੱਛਮੀ ਏਸ਼ੀਆ ਵਿੱਚ ਚੱਲ ਰਹੇ ਸੰਘਰਸ਼ ਨੂੰ ਲੈ ਕੇ ਡੂੰਘੇ ਚਿੰਤਤ ਹਨ, ਜਿਸ ਕਾਰਨ ਇਜ਼ਰਾਈਲ ਅਤੇ ਫਲਸਤੀਨ ਦੋਵਾਂ ਦੇਸ਼ਾਂ ਵਿੱਚ ਕੀਮਤੀ ਜਾਨਾਂ ਜਾ ਚੁੱਕੀਆਂ ਹਨ। ਅਸੀਂ ਸਮਝਦੇ ਹਾਂ ਕਿ ਫਲਸਤੀਨ ਰਾਜ ਇਸ ਸਮੇਂ ਮਾਨਵਤਾਵਾਦੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ ਅਤੇ ਸਿੱਖ ਹਮੇਸ਼ਾ ਹੀ ਮਨੁੱਖਤਾ ਦੀ ਭਲਾਈ ਲਈ ਯਤਨਸ਼ੀਲ ਰਹੇ ਹਨ। ਇਸ ਸਬੰਧ ਵਿੱਚ ਅਸੀਂ ਫਲਸਤੀਨ ਦੇ ਲੋਕਾਂ ਨੂੰ ਮਾਨਵਤਾਵਾਦੀ ਸਹਾਇਤਾ ਪ੍ਰਦਾਨ ਕਰਨ ਲਈ ਸਾਡੇ ਵੱਲੋਂ ਸਹਾਇਤਾ ਦੀ ਪੇਸ਼ਕਸ਼ ਕਰਦੇ ਹਾਂ ਤੇ ਸਿਵਲ ਅਤੇ ਭੋਜਨ ਸਪਲਾਈ ਦੀਆਂ ਜ਼ਰੂਰਤਾਂ ਬਾਰੇ ਸਾਨੂੰ ਸੂਚਿਤ ਕੀਤਾ ਜਾ ਸਕਦਾ ਹੈ।

ਅਸੀਂ ਸਾਰੀਆਂ ਧਿਰਾਂ ਨੂੰ ਜੰਗ ਵਿੱਚ ਸ਼ਾਮਲ ਹੋਣ ਤੋਂ ਰੋਕਣ ਅਤੇ ਵਿਸ਼ਵ ਸ਼ਾਂਤੀ ਅਤੇ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕਰਦੇ ਹਾਂ।" ਫਲਸਤੀਨ ਦੇ ਰਾਜਦੂਤ ਨੇ ਵਫ਼ਦ ਦਾ ਧੰਨਵਾਦ ਕਰਦਿਆਂ ਔਖੇ ਸਮੇਂ ਉਨ੍ਹਾਂ ਨਾਲ ਖੜ੍ਹਨ ਵਾਸਤੇ ਸਿੱਖ ਕੌਮ ਦਾ ਧੰਨਵਾਦ ਕੀਤਾ ਹੈ।

## ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ ਵਿਖੇ 9ਵੀਂ ਤੇ 11ਵੀਂ ਜਮਾਤਾਂ ਲਈ ਲੇਟਰਲ ਐਂਟਰੀ ਰਾਹੀਂ ਆਨਲਾਈਨ ਦਾਖਲਾ ਸ਼ੁਰੂ

**ਗੁਰਦਾਸਪੁਰ, (ਜਨਕ ਮਹਾਜਨ)**- ਜਵਾਹਰ ਨਵੋਦਿਆ ਵਿਦਿਆਲਿਆ ਦਬੂੜੀ (ਜ਼ਿਲ੍ਹਾ ਗੁਰਦਾਸਪੁਰ) ਦੇ ਪ੍ਰਿੰਸੀਪਲ ਨਰੇਸ਼ ਕੁਮਾਰ ਨੇ ਦੱਸਿਆ ਕਿ 9ਵੀਂ ਅਤੇ 11ਵੀਂ ਜਮਾਤਾਂ ਵਿੱਚ ਲੇਟਰਲ ਐਂਟਰੀ ਦਾਖ਼ਲੇ ਲਈ ਆਨਲਾਈਨ ਅਰਜ਼ੀਆਂ ਮੰਗ ਕੀਤੀ ਗਈ ਹੈ। ਅਪਲਾਈ ਕਰਨ ਦੀ ਆਖ਼ਰੀ ਮਿਤੀ ਨੂੰ 7 ਨਵੰਬਰ ਤੱਕ ਵਧਾਇਆ ਗਿਆ ਹੈ। ਪ੍ਰਿੰਸੀਪਲ ਨੇ ਦੱਸਿਆ ਕਿ 9ਵੀਂ ਜਮਾਤ ਵਿੱਚ ਅਪਲਾਈ ਕਰਨ ਦੇ ਇੱਛੁਕ ਉਮੀਦਵਾਰਾਂ ਦਾ ਜਨਮ 1 ਮਈ 2009 ਤੋਂ 31 ਜੁਲਾਈ 2011 ਦੇ ਵਿਚਕਾਰ ਦੋਵਾਂ ਦਿਨਾਂ ਸਮੇਤ ਹੋਣਾ ਚਾਹੀਦਾ ਹੈ, ਜਦਕਿ 11ਵੀਂ ਜਾਮਤ ਦੇ ਦਾਖਲੇ ਲਈ ਉਮੀਦਵਾਰ ਦਾ ਜਨਮ 1 ਜੂਨ 2007 ਤੋਂ 31 ਜੁਲਾਈ 2009 ਦੇ ਵਿਚਕਾਰ ਦੋਵਾਂ ਦਿਨਾਂ ਸਮੇਤ ਹੋਣਾ ਚਾਹੀਦਾ ਹੈ। ਪ੍ਰੀਖਿਆਰਥੀ ਨੇ 8ਵੀਂ ਤੇ 10ਵੀਂ ਜਮਾਤ ਜ਼ਿਲ੍ਹਾ ਗੁਰਦਾਸਪੁਰ ਦੇ ਕਿਸੇ ਵੀ ਸਰਕਾਰੀ ਜਾਂ ਸਰਕਾਰੀ ਮਾਨਤਾ ਪ੍ਰਾਪਤ ਸਕੂਲ ਤੋਂ ਕੀਤੀ ਹੋਣੀ ਚਾਹੀਦੀ ਹੈ। ਇਸ ਸਬੰਧੀ ਦਿਲਚਸਪੀ ਰੱਖਣ ਵਾਲੇ ਉਮੀਦਵਾਰ ਨਵੋਦਿਆ ਵਿਦਿਆਲਿਆ ਸਮਿਤੀ ਦੀ ਵੈੱਬਸਾਈਟ www.navodaya.gov.in ਅਤੇ https://cbseitms.nic.in2023/nvsix ਅਤੇ https://cbseitms.nic.in2023/nvsxi11 'ਤੇ ਦਿੱਤੇ ਗਏ ਲਿੰਕ ਰਾਹੀਂ 7 ਨਵੰਬਰ ਤੱਕ ਆਨਲਾਈਨ ਅਰਜ਼ੀ ਦੇ ਸਕਦੇ ਹਨ। ਉਨ੍ਹਾਂ ਕਿਹਾ ਕਿ ਉਮੀਦਵਾਰਾਂ ਦੀ ਚੋਣ ਲਈ ਟੈਸਟ 10 ਫਰਵਰੀ 2024 ਨੂੰ ਹੋਵੇਗਾ।

## ਲਾਵਾ ਨੇ ਬਲੇਜ਼ 2 5ਜੀ ਨੂੰ ਪੇਸ਼ ਕੀਤਾ

**ਲੁਧਿਆਣਾ** : ਲਾਵਾ ਨੇ ਰੁ. 9,999/- ਤੋਂ ਸ਼ੁਰੂ ਹੋਣ ਵਾਲੇ ਬਿਲਕੁੱਲ ਨਵੇਂ ਬਲੇਜ਼ 2 5ਜੀ ਨੂੰ ਪੇਸ਼ ਕੀਤਾ ਹੈ। ਇਹ ਸਮਾਰਟਫ਼ੋਨ ਪ੍ਰੀਮੀਅਮ ਗਲਾਸ ਬੈਕ ਅਤੇ ਆਪਣੇ ਵਰਗ ਵਿੱਚ ਪਹਿਲੀ ਰਿੰਗ ਲਾਈਟ ਦੇ ਨਾਲ ਆਉਂਦਾ ਹੈ। ਇਹ 3 ਚਮਕੀਲੇ ਰੰਗਾਂ ਜਿਵੇਂ ਗਲਾਸ ਬਲੈਕ, ਗਲਾਸ ਬਲੂ ਅਤੇ ਗਲਾਸ ਲੈਵੇਂਡਰ ਵਿੱਚ ਉਪਲਬਧ ਹੋਵੇਗਾ। ਬਲੇਜ਼ 2 5ਜੀ ਵਧੀਆ ਏਂਡਰੋਏਡ 13 ਦਾ ਅਨੁਭਵ ਪ੍ਰਦਾਨ ਕਰਦਾ ਹੈ ਅਤੇ ਬਿਨਾਂ ਕਿਸੇ ਵਿਗਿਆਪਨ ਅਤੇ ਬਿਨਾਂ ਕਿਸੇ ਬਲੋਟਵੇਅਰ ਦੇ ਨਾਲ ਆਉਂਦਾ ਹੈ। ਇਹ ਸਮਾਰਟਫ਼ੋਨ ਐਂਡਰੋਏਡ 14 ਤਕ ਦੇ ਅਪਗ੍ਰੇਡ ਦੇ ਵਾਅਦੇ ਅਤੇ ਦੋ ਸਾਲਾਂ ਦੇ ਤਿਮਾਹੀ ਸੁਰੱਖਿਆ ਅਪਡੇਟਾਂ ਦੇ ਨਾਲ ਆਉਂਦਾ ਹੈ। ਬਲੇਜ਼ 2 5ਜੀ ਵਿੱਚ ਬਿਲਕੁੱਲ ਸਹੀ ਸੈਲਫੀ ਲੈਣ ਲਈ ਸਕ੍ਰੀਨ ਫਲੈਸ ਦੇ ਨਾਲ 50 ਐਮਪੀ ਪਿਛਲਾ ਕੈਮਰਾ ਅਤੇ 8 ਐਮਪੀ ਦਾ ਅਗਲਾ ਕੈਮਰਾ ਲੱਗਾ ਹੋਇਆ ਹੈ।

## ਜ਼ਿਲ੍ਹਾ ਗੁਰਦਾਸਪੁਰ ਦੀਆਂ ਅਦਾਲਤਾਂ 'ਚ 9 ਦਸੰਬਰ ਨੂੰ ਲੱਗੇਗੀ ਕੌਮੀ ਲੋਕ ਅਦਾਲਤ

**ਗੁਰਦਾਸਪੁਰ (ਜਨਕ ਮਹਾਜਨ, ਦਿਨੇਸ਼ ਕੁਮਾਰ)**- ਰਾਸ਼ਟਰੀ ਕਾਨੂੰਨੀ ਸੇਵਾਵਾਂ ਅਥਾਰਟੀ ਅਤੇ ਕਾਰਜਕਾਰੀ ਚੇਅਰਮੈਨ ਅਤੇ ਪੰਜਾਬ ਰਾਜ ਕਾਨੂੰਨੀ ਸੇਵਾਵਾਂ ਅਥਾਰਟੀ ਐੱਸ.ਏ.ਐੱਸ. ਨਗਰ ਦੀਆਂ ਹਦਾਇਤਾਂ ਅਨੁਸਾਰ ਗੁਰਦਾਸਪੁਰ ਜ਼ਿਲ੍ਹੇ ਵਿਚ ਅਗਲੀ ਕੌਮੀ ਲੋਕ ਅਦਾਲਤ 9 ਦਸੰਬਰ ਨੂੰ ਲਗਾਈ ਜਾ ਰਹੀ ਹੈ। ਜਾਣਕਾਰੀ ਦਿੰਦਿਆਂ ਰਜਿੰਦਰ ਅਗਰਵਾਲ, ਜ਼ਿਲ੍ਹਾ ਅਤੇ ਸੈਸ਼ਨ ਜੱਜ-ਕਮ-ਚੇਅਰਮੈਨ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਗੁਰਦਾਸਪੁਰ ਨੇ ਦੱਸਿਆ ਕਿ ਇਸ ਕੌਮੀ ਲੋਕ ਅਦਾਲਤ ਵਿੱਚ 138 ਐੱਨ.ਆਈ. ਐਕਟ, ਬੈਂਕ ਰਿਕਵਰੀ ਕੇਸ, ਲੇਬਰ ਕੇਸ, ਬਿਜਲੀ, ਪਾਣੀ, ਅਤੇ ਕਮੇਟੀ ਘਰ ਦੇ ਹੋਰ ਕੇਸ ਜਿਵੇਂ ਕਿ ਸੀਵਰੇਜ, ਵਾਟਰ ਸਪਲਾਈ, ਹਾਊਸ ਟੈਕਸ, ਸਾਇਟ ਪਲੈਨ ਆਦਿ, ਸਾਰੇ ਤਰ੍ਹਾਂ ਦੇ ਸਿਵਲ ਕੇਸ, ਛੋਟੇ ਘੱਟ ਸਜ਼ਾ ਵਾਲੇ ਅਪਰਾਧ, ਵਿਆਹੁਤਾ ਝਗੜੇ, ਐਮ.ਏ.ਸੀ.ਟੀ. (ਮੋਟਰ ਐਕਸੀਡੈਂਟ) ਦੇ ਕੇਸ, ਇੰਸ਼ੋਰੈਂਸ ਕਲੇਮ ਦੇ ਕੇਸਾਂ ਦਾ ਵੀ ਨਿਪਟਾਰਾ ਆਪਸੀ ਰਜ਼ਾਮੰਦੀ ਨਾਲ ਕੀਤਾ ਜਾਵੇਗਾ। ਜ਼ਿਲ੍ਹਾ ਤੇ ਸੈਸ਼ਨ ਜੱਜ ਰਜਿੰਦਰ ਅਗਰਵਾਲ ਨੇ ਕਿਹਾ ਕਿ ਨੈਸ਼ਨਲ ਲੋਕ ਅਦਾਲਤ ਰਾਹੀਂ ਆਪਣੇ ਮੁਕੱਦਮੇ ਹੱਲ ਕਰਵਾਉਣ ਲਈ ਜਿਥੇ ਲੋਕਾਂ ਦੇ ਪੈਸੇ ਦੀ ਬੱਚਤ ਹੁੰਦੀ ਹੈ ਉਥੇ ਦੋਹਾਂ ਧਿਰਾਂ ਵਿਚ ਪ੍ਰੇਮ ਪਿਆਰ ਵੀ ਬਣਿਆ ਰਹਿੰਦਾ ਹੈ ਅਤੇ ਕੋਈ ਵੀ ਧਿਰ ਆਪਣੇ ਆਪ ਨੂੰ ਜਿੱਤੀ ਜਾਂ ਹਾਰੀ ਮਹਿਸੂਸ ਨਹੀਂ ਕਰਦੀ। ਜੇਕਰ ਲੋਕ ਅਦਾਲਤ 'ਚ ਕੇਸ ਦਾ ਫੈਸਲਾ ਹੋ ਜਾਂਦਾ ਹੈ ਤਾਂ ਇਸ ਕੇਸ ਵਿਚ ਲੱਗੀ ਕੋਰਟ ਫੀਸ ਵੀ ਵਾਪਸ ਹੋ ਜਾਂਦੀ ਹੈ। ਉਨ੍ਹਾਂ ਜਨਤਾ ਨੂੰ ਅਪੀਲ ਕੀਤੀ ਕਿ ਉਹ ਆਪਣੇ ਕੇਸਾਂ ਦਾ ਇਸ ਕੌਮੀ ਲੋਕ ਅਦਾਲਤ ਵਿੱਚ ਫੈਸਲਾ ਕਰਵਾ ਕੇ ਵੱਧ ਤੋਂ ਵੱਧ ਲਾਭ ਉਠਾਉਣ।

## ਵਾਤਾਵਰਣ ਵਿਭਾਗ ਵੱਲੋਂ ਪਰਾਲੀ ਸਾੜਨ 'ਤੇ 10 ਕਿਸਾਨਾਂ ਵਿਰੁੱਧ ਅਪਰਾਧਕ ਸ਼ਿਕਾਇਤਾਂ ਦਰਜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ )-ਝੋਨੇ ਦੀ ਪਰਾਲੀ ਸਾੜਨ ਵਾਲੇ ਕਿਸਾਨਾਂ ਵਿਰੁੱਧ ਵਾਤਾਵਰਣ ਸਬੰਧੀ ਵਿਭਾਗ ਨੇ ਸਖਤ ਕਾਰਵਾਈ ਸ਼ੁਰੂ ਕਰ ਦਿੱਤੀ ਹੈ, ਜਿਸ ਦੇ ਚੱਲਦੇ ਅੱਜ ਵੱਖ-ਵੱਖ 5 ਅਪਰਾਧਕ ਸ਼ਿਕਾਇਤਾਂ ਮਾਣਯੋਗ ਚੀਫ ਜੁਡੀਸ਼ੀਅਲ ਮੈਜਿਸਟਰੇਟ ਅੰਮ੍ਰਿਤਸਰ ਕੋਲ ਦਰਜ ਕਰਵਾਈਆਂ ਗਈਆਂ ਹਨ, ਜਿਸ ਵਿਚ 10 ਕਿਸਾਨਾਂ ਨੂੰ ਵਾਯੂ ਐਕਟ ਦੀ ਉਲੰਘਣਾ ਦਾ ਕਥਿਤ ਦੋਸ਼ੀ ਦੱਸਿਆ ਗਿਆ ਹੈ। ਵਾਤਾਵਰਣ ਇੰਜੀਨੀਅਰ ਸੁਖਦੇਵ ਸਿੰਘ ਨੇ ਦੱਸਿਆ ਕਿ ਸਾਡੇ ਵਿਭਾਗ ਦੇ ਅਧਿਕਾਰੀਆਂ ਨੂੰ ਮਿਲੀਆਂ ਸ਼ਿਕਾਇਤਾਂ ਦੇ ਅਧਾਰ ਉਤੇ ਪਿੰਡ ਨਾਗ ਕਲਾਂ ਵਾਸੀ ਸੰਤੋਖ ਸਿੰਘ ਪੁੱਤਰ ਹਰਦਿੱਤ ਸਿੰਘ, ਸਠਿਆਲਾ ਵਾਸੀ ਕੰਵਲਜੀਤ ਸਿੰਘ ਪੁੱਤਰ ਸੁਰਜੀਤ ਸਿੰਘ, ਬਾਲੀਆਂ ਮੰਝਪੁਰ ਵਾਸੀ ਪਰਮਜੀਤ ਕੌਰ ਪਤਨੀ ਕਰਤਾਰ ਸਿੰਘ, ਖਾਸਾ ਵਾਸੀ ਜੱਸਾ ਸਿੰਘ ਪੁੱਤਰ ਹਜ਼ਾਰਾ ਸਿੰਘ, ਰਮਨਦੀਪ ਸਿੰਘ ਪੁੱਤਰ ਜਸਵੰਤ ਸਿੰਘ, ਹਰਦੀਪ ਸਿੰਘ ਪੁੱਤਰ ਸੁਖਬੀਰ ਸਿੰਘ, ਸੰਗਤਪੁਰਾ ਵਾਸੀ ਰਣਜੀਤ ਸਿੰਘ ਪੁੱਤਰ ਬੰਤਾ ਸਿੰਘ, ਗੁਰੋ ਪੁੱਤਰੀ ਬੰਤਾ ਸਿੰਘ, ਬੀਰੋ ਪੁੱਤਰੀ ਬੰਤਾ ਸਿੰਘ, ਨਿੰਦਰ ਕੌਰ ਪੁੱਤਰੀ ਬੰਤਾ ਸਿੰਘ ਸਾਰੇ ਵਾਸੀ ਸੰਗਤਪੁਰਾ ਖਿਲਾਫ ਵਾਤਾਵਰਣ ਬਚਾਓ ਐਕਟ 1981 ਅਧੀਨ ਅਪਰਾਧਕ ਸ਼ਿਕਾਇਤ ਦਰਜ ਕਰਵਾਈ ਗਈ ਹੈ। ਉਨਾਂ ਕਿਹਾ ਕਿ ਇਸ ਐਕਟ ਅਧੀਨ ਜੇਕਰ ਕੋਈ ਵੀ ਵਿਅਕਤੀ ਦੋਸ਼ੀ ਪਾਇਆ ਜਾਂਦਾ ਹੈ ਤਾਂ ਉਸ ਨੂੰ ਤਿੰਨ ਮਹੀਨੇ ਦੀ ਸਜ਼ਾ ਜਾਂ 10 ਹਜ਼ਾਰ ਰੁਪਏ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਸੁਖਦੇਵ ਸਿੰਘ ਨੇ ਕਿਸਾਨਾਂ ਨੂੰ ਅਪੀਲ ਕੀਤੀ ਕਿ ਉਹ ਪਰਾਲੀ ਨੂੰ ਸਾੜ ਕੇ ਜਿੱਥੇ ਆਪਣੀ ਜਮੀਨ ਤੇ ਵਾਤਵਰਣ ਦਾ ਨੁਕਸਾਨ ਕਰ ਰਹੇ ਹਨ, ਉਥੇ ਉਨਾਂ ਨੂੰ ਵਿਭਾਗ ਦੀ ਕਾਨੂੰਨੀ ਕਾਰਵਾਈ ਦਾ ਸਾਹਮਣਾ ਵੀ ਕਰਨਾ ਪੈ ਸਕਦਾ ਹੈ, ਸੋ ਸਾਰੇ ਕਿਸਾਨ ਪਰਾਲੀ ਨੂੰ ਸਾੜਨ ਦੀ ਥਾਂ ਆਪਣੇ ਖੇਤਾਂ ਵਿਚ ਵਾਹੁਣ ਜਾਂ ਭਵਿੱਖ ਦੀਆਂ ਲੋੜਾਂ ਲਈ ਭੰਡਾਰ ਕਰਨ।

## ਲੰਬੀ ਛਾਲ ਮਾਰਨ 'ਚ ਬੱਚਿਆਂ ਦਾ ਸ਼ਾਨਦਾਰ ਪ੍ਰਦਰਸ਼ਨ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਕਾਰ ਸੇਵਾ ਬਾਬਾ ਜਗਤਾਰ ਸਿੰਘ ਅਤੇ ਬਾਬਾ ਮਹਿੰਦਰ ਸਿੰਘ ਦੀ ਰਹਿਨੁਮਾਈ ਹੇਠ ਚਲਾਈ ਜਾ ਰਹੀ ਗੁਰੂ ਨਾਨਕ ਦੇਵ ਅਕੈਡਮੀ, ਤਰਨ ਤਾਰਨ ਦੇ ਵਿਦਿਆਰਥੀਆਂ ਨੇ ਬੀਤੇ ਦਿਨੀਂ ਹੋਏ ਜ਼ਿਲ੍ਹਾ ਪੱਧਰ ਦੇ ਟੂਰਨਾਮੈਂਟ ਵਿੱਚ ਹਿੱਸਾ ਲਿਆ। ਬੱਚਿਆਂ ਵੱਲੋਂ ਖੇਡਾਂ ਵਿੱਚ ਦਿਲਚਸਪੀ ਦਿਖਾਉਂਦਿਆਂ ਹੋਇਆਂ ਹਰਸੀਰਤ ਕੌਰ ਨੇ ਲੰਬੀ ਛਾਲ 'ਚ ਕਾਂਸੇ ਦਾ ਤਮਗਾ, ਅਵਨੀਤ ਕੌਰ ਨੇ ਸਿਲਵਰ ਅਤੇ ਮਹਕਪ੍ਰੀਤ ਕੌਰ ਨੇ ਵੀ ਸਿਲਵਰ ਮੈਡਲ ਹਾਸਲ ਕੀਤਾ ਅਤੇ ਇਹ ਸਟੇਟ ਪੱਧਰ ਲਈ ਚੁਣੇ ਗਏ। ਇਨ੍ਹਾਂ ਬੱਚਿਆਂ ਨੇ ਤਮਗੇ ਜਿੱਤ ਕੇ ਸਕੂਲ, ਮਾਤਾ-ਪਿਤਾ ਅਤੇ ਜ਼ਿਲ੍ਹੇ ਦਾ ਨਾਮ ਰੌਸ਼ਨ ਕੀਤਾ। ਸਕੂਲ ਦੇ ਪ੍ਰਿੰ. ਜਸਪਾਲ ਕੌਰ ਸਿੱਧੂ, ਬਾਬਾ ਹਰਜੀਤ ਸਿੰਘ, ਡੀਪੀਈ ਗੁਰਪ੍ਰੀਤ ਸਿੰਘ, ਡੀਪੀਈ ਮਨਪ੍ਰੀਤ ਕੌਰ, ਡੀਪੀਈ ਗੁਰਪ੍ਰਤਾਪ ਸਿੰਘ, ਕੋਚ ਰਜੇਜ਼ ਥਾਪਾ ਨੇ ਬੱਚਿਆਂ ਨੂੰ ਵਧਾਈ ਦਿੱਤੀ ਅਤੇ ਖੇਡਾਂ ਵਿੱਚ ਹੋਰ ਵੱਧ-ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਆ।

# ਸਿਹਤ ਵਿਭਾਗ ਦੀ ਟੀਮ ਵੱਲੋਂ ਵਿਦਿਆਰਥੀਆਂ ਦਾ ਚੈੱਕਅਪ ਕੈਂਪ



ਕਾਦੀਆਂ, (ਯਾਦਵਿੰਦਰ ਸਿੰਘ ਮਲਹੋਤਰਾ)- ਸਕੂਲਾਂ ਵਿੱਚ ਵਿਦਿਆਰਥੀਆਂ ਦੀ ਸਿਹਤ ਸੰਭਾਲ ਤੇ ਵਿਦਿਆਰਥੀਆਂ ਨੂੰ ਆਪਣੀ ਸਿਹਤ ਪ੍ਰਤੀ ਜਾਗਰੂਕਤਾ ਵਾਸਤੇ ਸਿਹਤ ਵਿਭਾਗ ਦੀ ਟੀਮ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਦੇ ਵਿਦਿਆਰਥੀਆਂ ਦਾ ਚੈਕਅਪ ਕੀਤਾ ਗਿਆ। ਸਕੂਲ ਪ੍ਰਿੰਸੀਪਲ ਡਾ.ਸੁਨੀਤਾ ਕੌਸ਼ਲ ਨੇ ਦੱਸਿਆ ਕਿ ਸਕੂਲ ਵਿੱਚ ਵੀ ਸਮੇਂ ਸਮੇਂ 'ਤੇ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਵਾਸਤੇ ਜਾਗਰੂਕ ਕੀਤਾ ਜਾਂਦਾ ਹੈ ਜਿਸ ਨਾਲ ਵਿਦਿਆਰਥੀ ਆਪਣੀ ਸਿਹਤ ਪ੍ਰਤੀ ਜਾਗਰੂਕ ਹੁੰਦੇ ਹਨ। ਹੈਲਥ ਸੈਂਟਰ ਭਾਮ ਦੀ ਮੋਬਾਇਲ ਹੈਲਥ ਟੀਮ ਤੇ ਸਮੇਤ ਡਾਕਟਰਾਂ ਵੱਲੋ ਵਿਦਿਆਰਥੀਆਂ ਦਾ ਚੈਕਅਪ ਕੀਤਾ ਗਿਆ। ਜਿਸ ਵਿੱਚ ਵਿਦਿਆਰਥੀਆਂ ਦੀ ਹਾਈਟ ਤੇ ਵੇਟ ਦਾ ਵੀ ਨਿਰੀਖਣ ਕੀਤਾ ਗਿਆ। ਵਿਦਿਆਰਥੀਆਂ ਦੀ ਨਜ਼ਰ ਵੀ ਚੈਕ ਕੀਤੀ ਗਈ। ਇਸ ਮੌਕੇ ਵਿਦਿਆਰਥੀਆਂ ਨੂੰ ਦਵਾਈਆਂ ਵੀ ਦਿੱਤੀਆਂ ਗਈਆਂ। ਆਇਰਨ ਦੀਆਂ ਗੋਲੀਆਂ ਦੇ ਸਬੰਧ ਵਿਚ ਡਾਕਟਰਾਂ ਦੀ ਟੀਮ ਵੱਲੋਂ ਵਿਦਿਆਰਥੀਆਂ ਨੂੰ ਦੱਸਿਆ ਕਿ ਇਹ ਗੋਲੀਆਂ ਸਿਹਤ ਵਾਸਤੇ ਬਹੁਤ ਜ਼ਰੂਰੀ ਹਨ। ਵਿਦਿਆਰਥੀਆਂ ਵਿੱਚ ਖਾਸ ਕਰਕੇ ਲੜਕੀਆਂ ਵਿੱਚ ਖ਼ੂਨ ਕੀ ਕਮੀ ਤੋਂ ਹੁੰਦੇ ਰੋਗਾਂ ਬਾਰੇ ਵੀ ਦੱਸਿਆ। ਇਸ ਮੌਕੇ ਡਾ.ਸੰਦੀਪ ਕੁਮਾਰ, ਨਵਦੀਪ ਸਿੰਘ, ਰਾਜਵਿੰਦਰ ਕੌਰ, ਪਰਮਦੀਪ ਸਿੰਘ ਤੋ ਇਲਾਵਾ ਲੈਕ.ਪਰਦੀਪ ਕੁਮਾਰ, ਗੁਰਟੇਕ ਸਿੰਘ ਆਰਟ ਐਂਡ ਕਰਾਫਟ ਟੀਚਰ ਆਦਿ ਸਟਾਫ ਮੈਂਬਰ ਤੇ ਸਕੂਲ ਦੇ ਵਿਦਿਆਰਥੀ ਹਾਜ਼ਰ ਸਨ।

# ਗੁਰਦਾਸਪੁਰ-ਮੁਕੇਰੀਆਂ ਸੜਕ ਤੇ ਪਏ ਟੋਏ ਦੇ ਰਹੇ ਨੇ ਹਾਦਸਿਆਂ ਨੂੰ ਖੁੱਲ੍ਹਾ ਸੱਦਾ



**ਗੁਰਦਾਸਪੁਰ (ਜਨਕ ਮਹਾਜਨ)**- ਗੁਰਦਾਸਪੁਰ ਤੋਂ ਮੁਕੇਰੀਆਂ ਨੂੰ ਜਾਣ ਵਾਲੀ ਸੜਕ ਦੀ ਖਸਤਾ ਹਾਲਤ ਹੋਣ ਕਾਰਨ ਇਥੋਂ ਦੀ ਗੁਜ਼ਰਨ ਵਾਲੇ ਰਾਹਗੀਰਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਵਿਚਕਾਰ ਪਏ ਵੱਡੇ-ਵੱਡੇ ਟੋਏ ਜਿਨ੍ਹਾਂ ਵਿਚੋਂ ਵਾਹਨਾਂ ਦਾ ਲੰਘਣਾ ਬੇਹੱਦ ਔਖਾ ਹੋ ਜਾਂਦਾ ਹੈ ਅਤੇ ਕਈ ਵਾਰ ਵਾਹਨ ਚਾਲਕ ਇਨ੍ਹਾਂ ਟੋਇਆਂ ਵਿਚ ਡਿਗ ਕੇ ਸੱਟਾਂ ਵੀ ਲਗਵਾ ਚੁੱਕੇ ਹਨ। ਇਸ ਪਾਸੇ ਸਬੰਧਤ ਵਿਭਾਗ ਦਾ ਧਿਆਨ ਨਾ ਹੋਣ ਕਾਰਨ ਲੋਕਾਂ ਦਾ ਵਿਭਾਗ ਪ੍ਰਤੀ ਭਾਰੀ ਰੋਸ ਵੇਖਣ ਨੂੰ ਮਿਲ ਰਿਹਾ ਹੈ। ਇਸ ਸਬੰਧੀ ਇਲਾਕਾ ਵਾਸੀਆਂ ਨੇ ਦੱਸਿਆ ਕਿ ਗੁਰਦਾਸਪੁਰ ਤੋਂ ਮੁਕੇਰੀਆਂ ਜਾਣ ਲਈ ਸੜਕ ਦਾ 16 ਕਿੱਲੋਮੀਟਰ ਹਿੱਸੇ ਦੀ ਹਾਲਤ ਕਾਫੀ ਮਾੜੀ ਹੋ ਚੁੱਕੀ ਹੈ। ਪਿਛਲੇ ਦਿਨੀਂ ਦਰਿਆ ਬਿਆਸ ਵਿਚ ਹੜ੍ਹ ਆਉਣ ਕਾਰਨ ਧੁੱਸੀ ਬੰਨ੍ਹ ਟੁੱਟਣ ਕਰਕੇ ਦਰਿਆ ਦਾ ਪਾਣੀ ਦਾਊਵਾਲ ਤੋਂ ਪੁਰਾਣਾ ਸ਼ਾਲਾ ਨਜ਼ਦੀਕ ਸੜਕਾਂ ਉਪਰ ਕੁਝ ਦਿਨ ਫਿਰਦਾ ਰਿਹਾ ਜਿਸ ਕਾਰਨ ਇਸ ਜਗ੍ਹਾ 'ਤੇ ਸੜਕ ਨੂੰ ਕਾਫ਼ੀ ਜਿਆਦਾ ਨੁਕਸਾਨ ਪਹੁੰਚਿਆ। ਉਨ੍ਹਾਂ ਕਿਹਾ ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿਚ ਵਾਹਨ ਦਿੱਲੀ, ਹਿਮਾਚਲ ਪ੍ਰਦੇਸ਼, ਜਲੰਧਰ, ਲੁਧਿਆਣਾ ਤੋਂ ਇਲਾਵਾ ਹੋਰਨਾਂ ਵੱਡੇ-ਵੱਡੇ ਸ਼ਹਿਰਾਂ ਤੋਂ ਬੱਸ, ਟਰੱਕ ਆਦਿ ਸ੍ਰੀਨਗਰ ਜੰਮੂ ਆਦਿ ਨੂੰ ਆਉਂਦੇ ਜਾਂਦੇ ਹਨ। ਸਿੰਗਲ ਲਾਈਨ ਵਾਲੀ ਸੜਕ ਹੋਣ ਕਾਰਨ ਇਸ ਸੜਕ 'ਤੇ ਵੱਡੇ ਵਾਹਨਾਂ ਦਾ ਗੁਜ਼ਰਨਾ ਜਿੱਥੇ ਪਹਿਲਾਂ ਹੀ ਮੁਸ਼ਕਲ ਹੋਇਆ ਪਿਆ ਹੈ ਉਥੇ ਹੀ ਹੁਣ ਸੜਕ ਵਿਚਕਾਰ ਪਏ ਟੋਇਆਂ ਨੇ ਰਾਹਗੀਰ ਲਈ ਇਕ ਹੋਰ ਵੱਡੀ ਮੁਸ਼ਕਲ ਖੜ੍ਹੀ ਕਰ ਦਿੱਤੀ ਹੈ। ਲੋਕਾਂ ਨੇ ਦੱਸਿਆ ਕਿ ਇਸ ਸੜਕ ਦਾ ਕੁਝ ਹਿੱਸਾ ਮੁਕੇਰੀਆਂ (ਹੁਸ਼ਿਆਰਪੁਰ) ਵਿਚ ਪੈਂਦਾ ਹੈ, ਉਸ ਹਿੱਸੇ ਦੀ ਵਿਭਾਗ ਵਲੋਂ ਮੁਰੰਮਤ ਜਾਰੀ ਹੈ ਅਤੇ ਮਸ਼ੀਨਾਂ ਰਾਹੀਂ ਸੜਕ 'ਤੇ ਪ੍ਰੀਮਿਕਸ ਪਾਉਣ ਦਾ ਕੰਮ ਚੱਲ ਰਿਹਾ ਹੈ। ਲੋਕਾਂ ਨੇ ਕਿਹਾ ਜੇਕਰ ਹੁਸਿਆਰਪੁਰ ਜਿਲ੍ਹੇ ਅੰਦਰ ਪੈਂਦੇ ਇਸ ਸੜਕ ਦੇ ਕੁਝ ਹਿੱਸੇ ਦੀ ਮੁਰੰਮਤ ਹੋ ਰਹੀ ਹੈ ਤਾਂ ਫ਼ਿਰ ਗੁਰਦਾਸਪੁਰ ਜ਼ਿਲ੍ਹੇ ਅੰਦਰ ਪੈਂਦੇ ਦਾਊਵਾਲ ਨਾਕੇ ਤੋਂ ਲੈ ਕੇ ਗੁਰਦਾਸਪੁਰ ਤੱਕ ਦੇ ਹਿੱਸੇ ਦੀ ਮੁਰੰਮਤ ਕਿਉਂ ਨਹੀਂ ਕੀਤੀ ਜਾ ਰਹੀ? ਇਲਾਕਾ ਵਾਸੀਆਂ ਨੇ ਪੰਜਾਬ ਸਰਕਾਰ ਤੇ ਸਬੰਧਤ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ-ਮੁਕੇਰੀਆਂ ਸੜਕ ਦੀ ਮੁਰੰਮਤ ਪਹਿਲ ਦੇ ਆਧਾਰ 'ਤੇ ਕਾਰਵਾਈ ਜਾਵੇ ਤਾਂ ਜੋ ਇਥੋਂ ਲੰਘਣ ਵਾਲੇ ਰਾਹਗੀਰਾਂ ਨੂੰ ਕੋਈ ਮੁਸ਼ਕਲ ਪੇਸ਼ ਨਾ ਆਵੇ।

# ਆਪਣੀਆਂ ਵੋਟਾਂ ਜ਼ਰੂਰ ਬਣਵਾਓ ਤੇ ਬਣਾਉਣ ਦੀ ਸੇਵਾ ਵੀ ਨਿਭਾਓ : ਬਾਬਾ ਸੁੱਖਾ ਸਿੰਘ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਅੱਜ ਗੱਲਬਾਤ ਦੌਰਾਨ ਬਾਬਾ ਸੁੱਖਾ ਸਿੰਘ ਤਪ ਅਸਥਾਨ ਸੰਤ ਬਾਬਾ ਗੁਰਬਖਸ਼ ਸਿੰਘ ਜੋਤੀਸਰ ਜੰਡਿਆਲਾ ਗੁਰੂ ਅਤੇ ਜੋਤੀਸਰ ਸ਼ਿਮਲੇ ਦੇ ਮੁੱਖ ਸੇਵਾਦਾਰ ਨੇ ਕਿਹਾ ਕਿ ਬੜੇ ਲੰਮੇ ਸਮੇਂ ਤੋਂ ਪੰਜਾਬ ਵਿੱਚ ਸਿੱਖਾਂ ਦੀ ਸਿਰਮੌਰ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਲੈ ਕੇ ਤਰ੍ਹਾਂ ਤਰ੍ਹਾਂ ਦੇ ਬਿਆਨ ਦਿੱਤੇ ਜਾਂਦੇ ਸਨ ਅਤੇ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਦੀਆਂ ਇਲੈਕਸ਼ਨਾਂ ਸਬੰਧੀ ਵੀ ਬਿਆਨ ਪੜ੍ਹਨ ਸੁਣਨ ਨੂੰ ਮਿਲਦੇ ਸਨ ਅਤੇ ਜ਼ਿਆਦਾਤਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਕਰਵਾਏ ਜਾਣ ਦੀ ਮੰਗ ਉਠਦੀ ਰਹੀ ਹੈ ਅਤੇ ਹੁਣ 21 ਅਕਤੂਬਰ 2023 ਤੋਂ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣ ਰਹੀਆਂ ਹਨ ਅਤੇ ਇਨ੍ਹਾਂ ਵੋਟਾਂ ਨੂੰ ਬਣਾਉਣ ਦਾ ਸਮਾਂ 15 ਨਵੰਬਰ ਤੱਕ ਰੱਖਿਆ ਗਿਆ ਹੈ। ਉਨ੍ਹਾਂ ਗੁਰੂ ਨਾਨਕ ਲੇਵਾ ਗੁਰਸਿੱਖ ਪਰਿਵਾਰ ਨੂੰ ਅਪੀਲ ਕਰਦਿਆਂ ਹੋਇਆਂ ਕਿਹਾ ਕਿ ਕੇਸਾਧਾਰੀ ਪਿਆਰੇ ਅਤੇ ਤੰਬਾਕੂ, ਬੀੜੀ ਸਿਗਰਟ ਤੇ ਸ਼ਰਾਬ ਆਦਿ ਦੇ ਸੇਵਨ ਤੋਂ ਰਹਿਤ ਵੱਧ ਤੋਂ ਵੱਧ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਾ ਕੇ ਗੁਰੂ ਘਰਾਂ ਦੇ ਪ੍ਰਬੰਧ ਗੁਰਸਿੱਖਾਂ ਦੇ ਹੱਥਾਂ ਵਿਚ ਸੌਂਪ ਕੇ ਆਪਣੀ ਜ਼ਿੰਮੇਵਾਰੀ ਨੂੰ ਨਿਭਾਓ।

ਬਾਬਾ ਸੁੱਖਾ ਸਿੰਘ ਨੇ ਕਿਹਾ ਕਿ ਆਓ ਅਸੀਂ ਸਾਰੇ ਗੁਰੂ ਸਾਹਿਬ ਦੇ ਪਿਆਰੇ ਗੁਰਸਿੱਖ ਬਣ ਕੇ ਹੋਰਨਾਂ ਨੂੰ ਵੀ ਵੋਟਾਂ ਬਣਾਉਣ ਲਈ ਪ੍ਰੇਰਿਤ ਕਰੀਏ। ਇਸ ਵਾਰ ਲੰਮਾ ਸਮਾਂ ਗੁਜ਼ਰ ਚੁੱਕਾ ਹੈ ਚੋਣਾਂ ਹੋਈਆਂ ਨੂੰ। ਇਸ ਲਈ ਜਦੋਂ ਵੀ ਗੁਰੂ ਘਰਾਂ ਦੇ ਪ੍ਰਬੰਧਾਂ ਲਈ ਚੋਣਾਂ ਕਰਵਾਈਆਂ ਜਾਂਦੀਆਂ ਹਨ ਤਾਂ ਹਰ ਵਾਰ ਨਵੇਂ ਸਿਰੇ ਤੋਂ ਵੋਟਾਂ ਬਣਦੀਆਂ ਹਨ। ਇਸ ਲਈ ਸਮੂਹ ਸੰਗਤਾਂ ਨੂੰ ਅਪੀਲ ਹੈ ਕਿ ਕਿਤੇ ਭੁਲੇਖੇ ਵਿੱਚ ਨਾ ਰਹਿ ਜਾਈਏ ਕਿ ਸਾਡੀ ਤਾਂ ਵੋਟ ਪਹਿਲਾਂ ਹੀ ਬਣੀ ਹੋਈ ਹੈ। ਇਸ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਬੈਠੇ ਪੰਥ ਦਰਦੀ ਵੋਟਾਂ ਬਣਵਾਉਣ ਅਤੇ ਦੂਸਰੇ ਗੁਰਸਿੱਖਾਂ ਦੀਆਂ ਵੋਟਾਂ ਬਣਾਉਣ ਲਈ ਅੱਗੇ ਲੱਗ ਕੇ ਸੇਵਾ ਵੀ ਨਿਭਾਉਣ।

# ਚੰਗੀ ਸਿਹਤ ਲਈ ਮੋਟੇ ਅਨਾਜਾਂ ਨੂੰ ਭੋਜਨ 'ਚ ਸ਼ਾਮਲ ਕਰਨਾ ਜ਼ਰੂਰੀ : ਭੋਜਨ ਮਾਹਰ



**ਅੰਮ੍ਰਿਤਸਰ ( ਜਸਬੀਰ ਸਿੰਘ ਪੱਟੀ)** - ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਹੋਟਲ ਮੈਨੇਜਮੈਂਟ ਅਤੇ ਸੈਰ ਸਪਾਟਾ ਵਿਭਾਗ ਵੱਲੋਂ ਭੋਜਨ ਦੀਆਂ ਚੰਗੀਆਂ ਆਦਤਾਂ ਨੂੰ ਉਤਸ਼ਾਹਿਤ ਕਰਨ ਵਿੱਚ ਮੋਟੇ ਅਨਾਜ ਦੀ ਮਹੱਤਤਾ ਨੂੰ ਉਜਾਗਰ ਕਰਨ ਦੇ ਉਦੇਸ਼ ਨਾਲ ਅੰਤਰਰਾਸ਼ਟਰੀ ਕਾਨਫਰੰਸ 'ਲੋਕਾਵੋਰ ਕ੍ਰਾਂਤੀ' ਚੇਟ 2023 ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਰਜਿਸਟਰਾਰ ਪ੍ਰੋ. ਕੇ.ਐਸ. ਕਾਹਲੋਂ ਨੇ ਉਦਘਾਟਨੀ ਭਾਸ਼ਣ ਦੌਰਾਨ ਲੋਕਾਂ ਨੂੰ ਬਦਲਵੇਂ ਅਨਾਜ, ਵੱਖ ਵੱਖ ਅਨਾਜਾਂ ਬਾਰੇ ਜਾਗਰੂਕ ਕਰਨ ਲਈ ਵਿਭਾਗ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਹੋਟਲ ਮੈਨੇਜਮੈਂਟ ਅਤੇ ਟੂਰਿਜ਼ਮ ਵਿਭਾਗ ਯੂਨੀਵਰਸਿਟੀ ਦੇ ਸਭ ਤੋਂ ਨਵੇਂ ਵਿਭਾਗਾਂ ਵਿੱਚੋਂ ਇੱਕ ਹੈ ਅਤੇ ਉਸਾਰੂ ਕਾਰਜ ਕਰ ਰਿਹਾ ਹੈ। ਇਸ ਮੌਕੇ ਵਿਦਿਆਰਥੀਆਂ, ਅਧਿਆਪਕਾਂ ਤੋਂ ਇਲਾਵਾ ਸ਼ੈੱਫ, ਅਕਾਦਮਿਕ ਵਿਦਵਾਨ, ਕਿਸਾਨ, ਵਾਤਾਵਰਣ ਵਿਗਿਆਨੀ, ਪੋਸ਼ਣ ਵਿਗਿਆਨੀ ਅਤੇ ਖੇਤ ਵਿਰਾਸਤ ਦੇ ਅਧਿਕਾਰੀ ਸ਼ਾਮਲ ਸਨ। ਮੁੱਖ ਬੁਲਾਰੇ ਪ੍ਰੋ. ਪ੍ਰਸ਼ਾਂਤ ਕੇ. ਗੌਤਮ ਨੇ ਸਥਾਨਕ ਭੋਜਨ ਰੂਪਾਂ ਦੀ ਮਹੱਤਤਾ 'ਤੇ ਬਲ ਦਿੰਦਿਆਂ ਦੱਸਿਆ ਕਿ ਕਣਕ ਅਤੇ ਚੌਲਾਂ ਦਾ ਜੀਆਈ ਸੂਚਕਾਂਕ ਚੀਨੀ ਨਾਲੋਂ ਵੱਧ ਹੈ ਜੋ ਕਿ ਸ਼ੂਗਰ ਦਾ ਇੱਕ ਕਾਰਨ ਹੈ। ਸ਼ੈੱਫ ਵਿਕਾਸ ਚਾਵਲਾ ਨੇ ਕਿਹਾ ਕਿ ਹੌਲੀ-ਹੌਲੀ ਸਾਰਿਆਂ ਨੂੰ ਸਮਾਜ ਵਿਚ ਪ੍ਰਚਲਤ ਅਨਾਜ ਦੇ ਨਾਲ ਨਾਲ ਵੱਖ ਵੱਖ ਹੋਰ ਅਨਾਜਾਂ ਵੱਲ ਰੁਚਿਤ ਹੋਣਾ ਚਾਹੀਦਾ ਹੈ ਕਿਉਂਕਿ ਅੱਜ ਕਣਕ 60 ਸਾਲ ਪਹਿਲਾਂ ਵਰਗੀ ਨਹੀਂ ਰਹੀ। ਸ਼ੈੱਫ ਟੀ.ਕੇ. ਰਾਜਦਾਨ, ਪ੍ਰਿੰਸੀਪਲ, ਆਈ.ਸੀ.ਆਈ., ਨੋਇਡਾ ਨੇ ਭੋਜਨ ਤਿਆਰ ਕਰਨ ਦੀਆਂ ਚੰਗੀਆਂ ਆਦਤਾਂ, ਭਾਵਨਾਤਮਕ ਲਗਾਵ ਅਤੇ ਭੋਜਨ ਤਿਆਰ ਕਰਨ ਮੌਕੇ ਵੱਖ ਵੱਖ ਪ੍ਰਭਾਵਾਂ ਦੇ ਸਬੰਧ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਪ੍ਰੋ. ਮਨਦੀਪ ਕੌਰ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਭਵਿੱਖ ਵਿੱਚ, ਵਿਭਾਗ ਵੱਖ ਵੱਖ ਅਨਾਜਾਂ ਅਧਾਰਤ ਪਕਵਾਨਾਂ ਦੇ ਲਾਈਵ ਪ੍ਰਦਰਸ਼ਨ ਲਈ ਵਰਕਸ਼ਾਪਾਂ ਦਾ ਆਯੋਜਨ ਕਰੇਗਾ। ਦੂਜੇ ਸੈਸ਼ਨ ਦੌਰਾਨ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਦੇ ਖੋਜਕਰਤਾਵਾਂ ਵੱਲੋਂ ਖੋਜ ਭਰਪੂਰ ਪੱਤਰ ਪੇਸ਼ ਕੀਤੇ ਗਏ।

# ਵਿਵਾਦਿਤ ਬਿਆਨ ਦੇਣ 'ਤੇ ਬੀਜੇਪੀ ਨੇਤਾ ਦਾ ਅਜਨਾਲਾ 'ਚ ਪੁਤਲਾ ਫੂਕਿਆ



**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਵਿਧਾਨ ਸਭਾ ਹਲਕਾ ਅਲਵਰ ਰਾਜਸਥਾਨ ਵਿੱਚ ਇੱਕ ਚੋਣ ਰੈਲੀ ਦੌਰਾਨ ਮਹੰਤ ਬਾਲਕ ਨਾਥ ਦੀ ਚੋਣ ਨਾਮਜ਼ਦਗੀ ਭਰਨ ਸਮੇਂ ਯੂ. ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਦੀ ਹਾਜ਼ਰੀ ਵਿੱਚ ਭਾਜਪਾ ਦੇ ਨੇਤਾ ਸੰਦੀਪ ਦਇਆ ਵੱਲੋਂ ਗੁਰਦੁਆਰਾ ਅਤੇ ਮਸਜਿਦ ਨੂੰ ਲੈ ਕੇ ਇੱਕ ਬਹੁਤ ਵਿਵਾਦਿਤ ਬਿਆਨ ਦਿੱਤਾ ਗਿਆ ਸੀ ਜਿਸਨੂੰ ਲੈ ਕੇ ਅੱਜ ਅਜਨਾਲਾ ਦੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਅਤੇ ਧਾਰਮਿਕ ਸੋਸਾਇਟੀਆ ਵੱਲੋਂ ਅਜਨਾਲਾ ਦੇ ਮੇਨ ਚੌਂਕ ਵਿੱਚ ਸੰਦੀਪ ਦਇਆ ਦਾ ਪੁਤਲਾ ਫੂਕ ਕੇ ਰੋਸ ਮੁਜ਼ਹਾਰਾ ਕੀਤਾ ਗਿਆ ਅਤੇ ਕੇਂਦਰ ਦੀ ਬੀਜੇਪੀ ਸਰਕਾਰ ਵਿਰੁੱਧ ਬੋਲਦਿਆਂ ਧਾਰਮਿਕ ਸੋਸਾਇਟੀਆਂ ਦੇ ਆਗੂਆਂ ਨੇ ਕਿਹਾ ਕਿ ਸੰਦੀਪ ਦਇਆ ਦੇ ਖਿਲਾਫ ਧਾਰਾ 295 ਅਧੀਨ ਕੇਸ ਦਰਜ ਕਰਕੇ ਇਸਨੂੰ ਗ੍ਰਿਫਤਾਰ ਕੀਤਾ ਜਾਵੇ ਅਤੇ ਜੇਲ ਵਿੱਚ ਭੇਜਿਆ ਜਾਵੇ। ਅੱਜ ਇਹ ਮੁਜ਼ਹਾਰਾ ਬਾਬਾ ਦੀਪ ਸਿੰਘ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਧਾਨ ਭਾਈ ਮਲਕੀਤ ਸਿੰਘ, ਭਾਈ ਮਨਜੀਤ ਸਿੰਘ ਨਿੱਜਰ, ਸੁਰਜੀਤ ਸਿੰਘ ਖੰਡ ਮਿੱਲ ਵਾਲਿਆਂ ਦੇ ਉਪਰਾਲੇ ਨਾਲ ਕੀਤਾ ਗਿਆ। ਇਸ ਮੌਕੇ ਗੁਰਦੁਆਰਾ ਸ਼ਹੀਦਾਂ ਵਾਲਾ ਖੂਹ ਦੇ ਸੈਕਟਰੀ ਕਾਬਲ ਸਿੰਘ ਸ਼ਾਹਪੁਰ, ਸੰਯੁਕਤ ਕਿਸਾਨ ਮੋਰਚਾ ਦੇ ਪ੍ਰਧਾਨ ਭਾਈ ਮਨਜੀਤ ਸਿੰਘ ਬਾਠ, ਸ੍ਰੀ ਹੇਮਕੁੰਟ ਸਾਹਿਬ ਸੇਵਾ ਸੋਸਾਇਟੀ ਵੱਲੋਂ ਅਮਰਜੀਤ ਸਿੰਘ ਬਾਜਵਾ, ਡਾਕਟਰ ਕੁਲਵੰਤ ਸਿੰਘ ਨਿੱਜਰ, ਕੀਰਤਨ ਦਰਬਾਰ ਸੋਸਾਇਟੀ ਵੱਲੋਂ ਨਰਿੰਦਰਪਾਲ ਸਿੰਘ ਢਿੱਲੋਂ ਬੈਂਕ ਵਾਲੇ, ਗੁਲਜ਼ਾਰ ਸਿੰਘ ਕੋਟਲੀ ਅਤੇ ਸੁਖ ਬਾਜਵਾ ਆਦਿ ਹਾਜ਼ਰ ਸਨ।

# ਨਾਰੀ ਦੇ ਸੰਕਲਪ 'ਚ ਇੰਨੀ ਸ਼ਕਤੀ ਹੈ ਕਿ ਅਸੰਭਵ ਨੂੰ ਸੰਭਵ ਕਰ ਸਕਦੀ ਹੈ : ਸਾਧਵੀ ਭਾਰਤੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਦਿਵਯ ਜਯੋਤੀ ਜਾਗ੍ਰਤੀ ਸੰਸਥਾਨ ਦੁਆਰਾ ਤਰਨ ਤਾਰਨ ਆਸ਼ਰਮ ਅੰਦਰ ਕਰਵਾ ਚੌਥ ਦਾ ਤਿਓਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸਦੇ ਅੰਦਰ ਸ਼੍ਰੀ ਆਸ਼ੂਤੋਸ਼ ਮਹਾਰਾਜ ਦੀ ਸ਼ਿਸ਼ ਸਾਧਵੀ ਪਰਮਜੀਤ ਭਾਰਤੀ ਨੇ ਕਿਹਾ ਕਿ ਨਾਰੀ ਦੇ ਸੰਕਲਪ ਅੰਦਰ ਇੰਨੀ ਸ਼ਕਤੀ ਹੈ ਕਿ ਉਹ ਚਾਹੇ ਤਾਂ ਅਸੰਭਵ ਨੂੰ ਸੰਭਵ ਕਰ ਸਕਦੀ ਹੈ। ਉਨ੍ਹਾਂ ਨੇ ਕਿਹਾ ਕਿ ਸਵਿੱਤਰੀ ਦੇ ਸੰਕਲਪ ਅੰਦਰ ਇੰਨੀ ਸ਼ਕਤੀ ਸੀ ਕਿ ਉਸ ਨੇ ਆਪਣੇ ਪਤੀ ਨੂੰ ਯਮਾਂ ਤੋਂ ਬਚਾ ਕੇ ਨਵਾਂ ਜੀਵਨ ਦਿੱਤਾ। ਉਨ੍ਹਾਂ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਨਾਰੀ ਆਪਣੀ ਸ਼ਕਤੀ ਨੂੰ ਭੁੱਲ ਚੁੱਕੀ ਹੈ। ਅੱਜ ਦੀ ਨਾਰੀ ਨੂੰ ਆਤਮ ਜਾਗਰੂਕ ਹੋਣ ਦੀ ਲੋੜ ਹੈ। ਜਿਸ ਸਮੇਂ ਆਤਮਾ ਜਾਗ੍ਰਿਤ ਹੁੰਦੀ ਹੈ ਤਾਂ ਪਰਮਾਤਮਾ ਨਾਲ ਜੁੜ ਕੇ ਅੰਤਰ ਆਤਮਾ ਦੀ ਪ੍ਰਾਰਥਨਾ ਉਸ ਸਤਿਗੁਰੂ ਦੇ ਚਰਨਾਂ ਅੰਦਰ ਸਵੀਕਾਰ ਹੁੰਦੀ ਹੈ। ਜੇਕਰ ਉਹ ਪਰਮਾਤਮਾ ਦੇ ਚਰਨਾਂ ਵਿੱਚ ਸੱਚੇ ਦਿਲੋਂ ਪ੍ਰਾਰਥਨਾ ਕਰੇ ਤਾਂ ਉਹ ਹਰ ਅਸੰਭਵ ਕੰਮ ਨੂੰ ਸੰਭਵ ਕਰ ਸਕਦੀ ਹੈ।

# ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਹਾਈਟੈੱਕ ਆਰਗੈਨਿਕ ਜੂਸ ਬਾਰ ਦਾ ਉਦਘਾਟਨ





**ਗੁਰਦਾਸਪੁਰ, (ਜਨਕ ਮਹਾਜਨ)**- ਮੁੱਖ ਖੇਤੀਬਾੜੀ ਅਫ਼ਸਰ ਡਾ. ਕ੍ਰਿਪਾਲ ਸਿੰਘ ਢਿੱਲੋਂ ਵੱਲੋਂ ਅੱਜ ਪਿੰਡ ਬੱਖਤਪੁਰ ਦੇ ਕਿਸਾਨ ਕੁਲਦੀਪ ਸਿੰਘ ਚਾਹਲ ਵੱਲੋਂ ਤਿਆਰ ਕੀਤੇ ਆਰਗੈਨਿਕ ਹਾਈਟੈਕ ਜੂਸ ਬਾਰ ਦਾ ਉਦਘਾਟਨ ਕੀਤਾ ਗਿਆ। ਮੁੱਖ ਖੇਤੀਬਾੜੀ ਅਫ਼ਸਰ ਨੇ ਕਿਹਾ ਕਿ ਕਿਸਾਨ ਕੁਲਦੀਪ ਸਿੰਘ ਚਾਹਲ ਦਾ ਇਹ ਉੱਦਮ ਬਹੁਤ ਵਧੀਆ ਹੈ ਅਤੇ ਅਜਿਹੇ ਸਹਾਇਕ ਕਿੱਤੇ ਕਰਕੇ ਕਿਸਾਨ ਆਪਣੀ ਆਮਦਨ ਵਧਾ ਸਕਦੇ ਹਨ। ਡਾ. ਢਿੱਲੋਂ ਨੇ ਕਿਹਾ ਕਿ ਕਿਸਾਨ ਕੁਲਦੀਪ ਸਿੰਘ ਚਾਹਲ ਦਾ ਇਹ ਉਪਰਾਲਾ ਹੋਰ ਕਿਸਾਨਾਂ ਨੂੰ ਵੀ ਸਹਾਇਕ ਕਿੱਤਿਆਂ ਵੱਲ ਪ੍ਰੇਰਿਤ ਕਰੇਗਾ। ਇਸ ਮੌਕੇ ਹਾਜ਼ਰ ਕ੍ਰਿਸ਼ੀ ਵਿਗਿਆਨ ਕੇਂਦਰ ਗੁਰਦਾਸਪੁਰ ਦੇ ਸਹਾਇਕ ਨਿਰਦੇਸ਼ਕ ਡਾ. ਸਰਬਜੀਤ ਸਿੰਘ ਔਲਖ ਨੇ ਕਿਹਾ ਕਿ ਕਿਸਾਨਾਂ ਲਈ ਮੁੱਖ ਫਸਲਾਂ ਨਾਲ ਰੋਜ਼ਾਨਾ ਆਮਦਨ ਵਧਾਉਣ ਲਈ ਕਿੱਤਾਮੁਖੀ ਸਿੱਖਿਆ ਤੇ ਸਿਖਲਾਈ ਦੀ ਬੇਹੱਦ ਲੋੜ ਹੈ, ਜੋ ਕੇ.ਵੀ.ਕੇ. ਗੁਰਦਾਸਪੁਰ ਵਲੋਂ ਮੁਹੱਈਆ ਕਰਵਾਈ ਜਾਂਦੀ ਹੈ। ਇਸ ਦੌਰਾਨ ਇੰਜੀਨੀਅਰ ਡਾ. ਰਵਿੰਦਰ ਸਿੰਘ ਛੀਨਾ ਨੇ ਗੰਨੇ ਦਾ ਰਸ ਟੇਸਟ ਕਰਦਿਆਂ ਕਿਹਾ ਕਿ ਵਿਦੇਸ਼ਾਂ ਵਿੱਚ ਵੀ ਸਾਡੇ ਹੀ ਨੌਜਵਾਨ ਤੇ ਵਿਦੇਸ਼ੀ ਲੋਕਾਂ ਵੱਲੋਂ ਵੀ ਚੰਗੀ ਸੇਲ 'ਤੇ ਰੋਜ਼ਗਾਰ ਲਈ ਏਸੇ ਸਿਸਟਮਜ਼ ਤਹਿਤ ਕੰਮ ਕੀਤਾ ਜਾਂਦਾ ਹੈ। ਇਸ ਉਦਘਾਟਨ ਮੌਕੇ ਡਾ. ਰਵਿੰਦਰ ਸਿੰਘ ਸੈਣੀ ਤੇ ਡਾ. ਰਾਜੀਵ ਖੋਖਰ ਦੋਨੋਂ ਬਲਾਕ ਖੇਤੀਬਾੜੀ ਅਫਸਰ ਗੁਰਦਾਸਪੁਰ, ਡਿਪਟੀ ਪ੍ਰੋਜੈਕਟ ਡਾਇਰੈਕਟਰ ਡਾ. ਪ੍ਰਭਜੋਤ ਸਿੰਘ, ਇੰਜੀਨੀਅਰ ਦੀਪਕ ਭਾਰਦਵਾਜ ਅਤੇ ਕਮਲਇੰਦਰਜੀਤ ਬਾਜਵਾ ਬਲਾਕ ਟੈਕਨੋਲੋਜੀ ਮੈਨੇਜਰ ਕਾਹਨੂੰਵਾਨ, ਅੰਮ੍ਰਿਤਪਾਲ ਸਿੰਘ ਏ.ਡੀ.ਓ, ਜੁਝਾਰ ਸਿੰਘ ਤੇ ਕਿਸਾਨ ਹਾਜ਼ਰ ਸਨ।

# ਇੰਸ. ਗੁਰਚਰਨ ਸਿੰਘ ਨੇ ਥਾਣਾ ਭਿੱਖੀਵਿੰਡ ਦੇ ਮੁਖੀ ਵਜੋਂ ਸੰਭਾਲਿਆ ਅਹੁਦਾ



**ਭਿੱਖੀਵਿੰਡ/ਖਾਲੜਾ (ਰਣਬੀਰ ਸਿੰਘ ਗੋਲਣ/ਲਖਵਿੰਦਰ ਸਿੰਘ ਗੋਲਣ)**-ਇੰਸਪੈਕਟਰ ਗੁਰਚਰਨ ਸਿੰਘ ਨੇ ਥਾਣਾ ਭਿੱਖੀਵਿੰਡ ਦੇ ਮੁਖੀ ਵਜੋਂ ਚਾਰਜ ਸੰਭਾਲ ਕੇ ਕੰਮਕਾਜ ਆਰੰਭ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਇੰਸਪੈਕਟਰ ਗੁਰਚਰਨ ਸਿੰਘ ਥਾਣਾ ਵਲਟੋਹਾ ਵਿੱਚ ਬਤੌਰ ਐੱਸਐੱਚਓ ਵਧੀਆ ਸੇਵਾਵਾਂ ਦੇਣ ਮਗਰੋਂ ਥਾਣਾ ਭਿੱਖੀਵਿੰਡ 'ਚ ਇੰਸਪੈਕਟਰ ਬਲਜਿੰਦਰ ਸਿੰਘ ਦੇ ਸਥਾਨ ਤੇ ਆਏ ਹਨ। ਦੱਸ ਦਈਏ ਕਿ ਇਸ ਤੋਂ ਪਹਿਲਾਂ ਇੰਸਪੈਕਟਰ ਗੁਰਚਰਨ ਸਿੰਘ ਥਾਣਾ ਝਬਾਲ ਅਤੇ ਵਲਟੋਹਾ ਵਿਖੇ ਬਤੌਰ ਥਾਣਾ ਮੁਖੀ ਇਲਾਕੇ ਦੀ ਸੇਵਾ ਕਰ ਚੁੱਕੇ ਹਨ। ਚਾਰਜ ਸੰਭਾਲਣ ਉਪਰੰਤ ਰੋਜ਼ਾਨਾ ਨਵਾਂ ਜ਼ਮਾਨਾ ਅਖਬਾਰ ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਐੱਸਐੱਚਓ ਗੁਰਚਰਨ ਸਿੰਘ ਨੇ ਕਿਹਾ ਕਿ ਥਾਣਾ ਭਿੱਖੀਵਿੰਡ ਅਧੀਨ ਆਉਂਦੇ ਪਿੰਡਾਂ ਅੰਦਰ ਅਮਨ-ਸ਼ਾਂਤੀ ਕਾਇਮ ਰੱਖਣਾ ਅਤੇ ਨਾਗਰਿਕਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣਾ ਉਨ੍ਹਾਂ ਦਾ ਮੁੱਖ ਟੀਚਾ ਹੈ। ਇਸ ਮੌਕੇ ਉਨ੍ਹਾਂ ਨੇ ਇਲਾਕੇ ਅੰਦਰ ਮੌਜੂਦ ਬੁਰੇ ਕੰਮ ਕਰਨ ਵਾਲਿਆਂ ਨੂੰ ਸਖ਼ਤ ਤਾੜਨਾ ਕਰਦਿਆਂ ਕਿਹਾ ਕਿ ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਆਉਣ ਨਹੀਂ ਤਾਂ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਬਖਸ਼ਿਆ ਨਹੀਂ ਜਾਵੇਗਾ। ਇਸਦੇ ਨਾਲ ਹੀ ਉਨ੍ਹਾਂ ਨੇ ਨਸ਼ੇ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਕਿਹਾ ਕਿ ਜੇਕਰ ਉਹ ਪੰਜਾਬ ਸਰਕਾਰ ਦੁਆਰਾ ਖੋਲ੍ਹੇ ਗਏ ਨਸ਼ਾ ਮੁਕਤੀ ਕੇਂਦਰਾਂ 'ਚ ਇਲਾਜ ਕਰਵਾ ਕੇ ਸਮਾਜ ਦੀ ਮੁੱਖਧਾਰਾ ਵਿੱਚ ਆਉਣਾ ਚਾਹੁੰਦੇ ਹਨ ਤਾਂ ਪੁਲਸ ਪ੍ਰਸ਼ਾਸਨ ਉਨ੍ਹਾਂ ਦਾ ਪੂਰਨ ਰੂਪ ਵਿੱਚ ਸਾਥ ਦੇਵੇਗਾ। ਨਵ-ਨਿਯੁਕਤ ਥਾਣਾ ਮੁਖੀ ਨੇ ਕਿਹਾ ਕਿ ਉਨ੍ਹਾਂ ਨੂੰ ਐੱਸਐੱਸਪੀ ਅਸ਼ਵਨੀ ਕਪੂਰ 'ਤੇ ਸਬ-ਡਵੀਜ਼ਨ ਭਿੱਖੀਵਿੰਡ ਦੇ ਡੀਐੱਸਪੀ ਪ੍ਰੀਤ ਇੰਦਰ ਸਿੰਘ ਵੱਲੋਂ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ, ਉਸਨੂੰ ਉਹ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਥਾਣਾ ਮੁਖੀ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣਾ ਆਲਾ-ਦੁਆਲਾ ਸੁਰੱਖਿਅਤ ਬਣਾਉਣ ਲਈ ਸ਼ੱਕੀ ਵਿਅਕਤੀਆਂ ਤੇ ਸਮਾਜ ਵਿਰੋਧੀ ਅਨਸਰਾਂ ਦੀ ਇਤਲਾਹ ਤੁਰੰਤ ਥਾਣੇ ਦੇਣ ਤਾਂ ਜੋ ਅਜਿਹੇ ਸਮਾਜ ਵਿਰੋਧੀ ਅਨਸਰਾਂ 'ਤੇ ਨਕੇਲ ਕੱਸੀ ਜਾ ਸਕੇ। ਇਸ ਮੌਕੇ ਥਾਣਾ ਭਿੱਖੀਵਿੰਡ ਦੇ ਮੁੱਖ ਮੁਨਸ਼ੀ ਅਰਸਦੀਪ ਸਿੰਘ, ਸਬ ਇੰਸਪੈਕਟਰ ਗੁਰਬਖਸ਼ ਸਿੰਘ, ਏਐੱਸਆਈ ਸਤਨਾਮ ਸਿੰਘ ਏਐੱਸਆਈ ਬਲਵੀਰ ਸਿੰਘ, ਏਐੱਸਆਈ ਸਲਵਿੰਦਰ ਸਿੰਘ, ਐੱਚਸੀ

## ਸਰਕਾਰੀ ਸਕੂਲ ਦੋਰਾਂਗਲਾ ਵਿਖੇ ਸਿਹਤ ਜਾਗਰੂਕਤਾ ਬਾਰੇ ਸੈਮੀਨਾਰ ਆਯੋਜਿਤ

ਗੁਰਦਾਸਪੁਰ (ਦਿਨੇਸ਼ ਕੁਮਾਰ)-ਨੈਸ਼ਨਲ ਵੇਕਟਰ ਬੋਰਨ ਕੰਟਰੋਲ ਪ੍ਰੋਗਰਾਮ ਹੇਠ ਸਿਵਲ ਸਰਜਨ ਗੁਰਦਾਸਪੁਰ ਡਾਕਟਰ ਹਰਭਜਨ ਰਾਮ ਮਾਂਡੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਐੱਸਐੱਮਓ ਡਾ. ਜਤਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰੀ ਸਕੂਲ ਦੋਰਾਂਗਲਾ ਵਿਖੇ ਸਿਹਤ ਜਾਗਰੂਕਤਾ ਸੈਮੀਨਾਰ ਲਗਾਇਆ ਗਿਆ। ਸਕੂਲੀ ਬੱਚਿਆਂ ਨੂੰ ਡੇਂਗੂ ਅਤੇ ਚਿਕਨਗੁਨੀਆ ਬਾਰੇ ਜਾਣਕਾਰੀ ਦਿਤੀ ਗਈ। ਇਸ ਮੌਕੇ ਮੈਡੀਕਲ ਅਫਸਰ ਡਾ. ਗੌਤਮ ਨੇ ਕਿਹਾ ਕਿ ਮਲੇਰੀਆ, ਡੇਂਗੂ ਅਤੇ ਚਿਕਨਗੁਨੀਆ ਤੋ ਬਚਾਓ ਦੇ ਉਪਾਅ ਕੀਤੇ ਜਾਣ। ਐਂਟੀ ਡੇਂਗੂ ਜਾਗਰੂਕਤਾ ਅਭਿਆਨ ਜਾਰੀ ਹੈ। ਡੇਂਗੂ ਹੋਣ ਦੇ ਕਾਰਨਾਂ ਅਤੇ ਬਚਾਅ ਸਬੰਧੀ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੁਕ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਡੇਂਗੂ ਮਾਦਾ ਮੱਛਰ ਐਡੀਜ਼ ਦੇ ਕੱਟਣ ਨਾਲ ਹੁੰਦਾ ਹੈ ਜੋ ਕਿ ਦਿਨ ਵੇਲੇ ਕੱਟਦਾ ਹੈ। ਤੇਜ਼ ਬੁਖਾਰ, ਸਿਰ ਦਰਦ, ਅੱਖਾਂ ਦੇ ਪਿਛਲੇ ਹਿੱਸੇ ਵਿਚ ਦਰਦ, ਮਾਸਪੇਸ਼ੀਆਂ 'ਚ ਦਰਦ, ਮਸੂੜਿਆਂ ਤੇ ਨੱਕ ਵਿਚੋਂ ਖੂਨ ਵਗਣਾ, ਜੋੜਾਂ ਵਿਚ ਦਰਦ ਆਦਿ ਇਸਦੇ ਮੁੱਖ ਲੱਛਣ ਹਨ। ਇਹ ਲੱਛਣ ਨਜ਼ਰ ਆਉਣ ਤਾਂ ਤੁਰੰਤ ਡਾਕਟਰੀ ਸਲਾਹ ਲਵੋ। ਉਨ੍ਹਾਂ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਲੋਕਾਂ ਨੂੰ ਡੇਂਗੂ ਬਾਰੇ ਵਧੇਰੇ ਜਾਗਰੂਕ ਕਰਨ ਲਈ ਡੇਂਗੂ ਫ੍ਰੀ ਪੰਜਾਬ ਐਪ ਵੀ ਬਣਾਈ ਗਈ ਹੈ ਜੋ ਕਿ ਇੱਕ ਬਹੁਤ ਵਧੀਆ ਉਪਰਾਲਾ ਹੈ। ਇਸ ਮੌਕੇ ਬੀਈਈ ਰਾਕੇਸ਼ ਕੁਮਾਰ, ਐੱਮਪੀਐੱਚਡਬਲਓ ਸਤਨਾਮ ਸਿੰਘ ਆਦਿ ਹਾਜ਼ਰ ਸਨ।

4-Nov-PAGE-4.qxd 11/3/2023 10:09 PM Page 1

ਨਵਾਂ ਜ਼ਮਾਨਾ
ਸ਼ਨੀਵਾਰ, 4 ਨਵੰਬਰ 2023

# ਸੱਤਾ ਦੀ ਲਾਲਸਾ

ਮੋਦੀ ਸਰਕਾਰ ਜਦੋਂ ਤੋਂ ਹੋਂਦ ਵਿੱਚ ਆਈ ਹੈ, ਇਸ ਦਾ ਇੱਕੋ ਇੱਕ ਏਜੰਡਾ ਰਿਹਾ ਹੈ, ਹਰ ਪੱਧਰ ’ਤੇ ਕਿਸੇ ਵੀ ਢੰਗ ਨਾਲ ਸੱਤਾ ਨੂੰ ਆਪਣੇ ਹੱਥ ’ਚ ਲੈਣਾ । ਭਾਰਤ ਇੱਕ ਵਿਸ਼ਾਲ ਦੇਸ਼ ਹੈ। ਇਹ ਵੱਖ-ਵੱਖ ਸੱਭਿਆਚਾਰਾਂ ਤੇ ਵੱਖ-ਵੱਖ ਬੋਲੀਆਂ ਬੋਲਣ ਵਾਲੇ ਲੋਕਾਂ ਦਾ ਇੱਕ ਗੁਲਦਸਤਾ ਹੈ। ਇਸੇ ਲਈ ਸੰਵਿਧਾਨਕ ਤੌਰ ’ਤੇ ਇਸ ਨੂੰ ਰਾਜਾਂ ਦੇ ਸੰਘ ਦਾ ਦਰਜਾ ਦਿੱਤਾ ਗਿਆ ਹੈ। ਸਾਡੀ ਲੋਕਤੰਤਰੀ ਵਿਵਸਥਾ ਵੀ ਇਸ ਗੱਲ ਦੀ ਜ਼ਾਮਨੀ ਭਰਦੀ ਹੈ ਕਿ ਜੇ ਇੱਕ ਸੂਬੇ ਵਿੱਚ ਇੱਕ ਪਾਰਟੀ ਦਾ ਰਾਜ ਹੈ ਤਾਂ ਦੂਜੇ ਵਿੱਚ ਕਿਸੇ ਹੋਰ ਪਾਰਟੀ ਦਾ ਰਾਜ ਹੋ ਸਕਦਾ ਹੈ। ਇਸ ਵੇਲੇ ਵੀ ਕੇਂਦਰ ਵਿੱਚ ਭਾਜਪਾ ਦਾ ਰਾਜ ਹੈ, ਪਰ ਅੱਧੇ ਤੋਂ ਵੱਧ ਸੂਬਿਆਂ ਵਿੱਚ ਹੋਰ ਪਾਰਟੀਆਂ ਦੀਆਂ ਸਰਕਾਰਾਂ ਹਨ।

2014 ਵਿੱਚ ਫਾਸ਼ੀ ਵਿਚਾਰਧਾਰਾ ਵਾਲੀ ਭਾਜਪਾ ਦੇ ਸੱਤਾ ਵਿੱਚ ਆਉਣ ਤੇ ਘੋਰ ਫਾਸ਼ੀਵਾਦੀ ਵਿਚਾਰਧਾਰਾ ਦੇ ਪੈਰੋਕਾਰ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਹਕੂਮਤ ਨੇ ਹਰ ਹਰਬਾ ਵਰਤਿਆ ਕਿ ਉਹ ਸਭ ਸੂਬਿਆਂ ਵਿੱਚੋਂ ਰਾਜ ਕਰਦੀਆਂ ਵਿਰੋਧੀ ਪਾਰਟੀਆਂ ਨੂੰ ਸੱਤਾ ਤੋਂ ਬਾਹਰ ਕਰ ਦੇਵੇ। ਇਸ ਲਈ ਕਾਂਗਰਸ-ਮੁਕਤ ਭਾਰਤ ਦਾ ਨਾਅਰਾ ਵੀ ਦਿੱਤਾ ਗਿਆ, ਪਰ ਕੇਂਦਰ ਦੀ ਸੱਤਾ ’ਤੇ ਬਿਰਾਜਮਾਨ ਹਾਕਮ ਇਸ ਵਿੱਚ ਕਾਮਯਾਬ ਨਹੀਂ ਹੋ ਸਕੇ।

ਕੇਂਦਰੀ ਹਾਕਮਾਂ ਨੇ ਆਪਣੇ ਇਸ ਮਨਸੂਬੇ ਨੂੰ ਸਿਰੇ ਚਾੜ੍ਹਨ ਲਈ ਵਿਰੋਧੀ ਪਾਰਟੀਆਂ ਵਾਲੇ ਰਾਜਾਂ ਵਿੱਚ ਅਜਿਹੇ ਗਵਰਨਰ ਲਾ ਦਿੱਤੇ ਜਿਹੜੇ ਆਪਣੇ ਅਹੁਦੇ ਦੀ ਮਰਿਆਦਾ ਨੂੰ ਪੈਰਾਂ ਵਿੱਚ ਰੋਲ ਕੇ ਕੇਂਦਰੀ ਹਾਕਮਾਂ ਦੀ ਸੋਚ ਨੂੰ ਪੱਠੇ ਪਾ ਸਕਣ। ਇਨ੍ਹਾਂ ਰਾਜਪਾਲਾਂ ਨੇ ਰਾਜਾਂ ਵਿੱਚ ਚੁਣੀਆਂ ਸਰਕਾਰਾਂ ਦੇ ਮੁਕਾਬਲੇ ਵੱਖਰੀ ਸੱਤਾ ਕਾਇਮ ਕੀਤੀ ਹੋਈ ਹੈ। ਉਨ੍ਹਾਂ ਦਾ ਮੁੱਖ ਕੰਮ ਚੁਣੀਆਂ ਰਾਜ ਸਰਕਾਰਾਂ ਦੇ ਕੰਮਾਂ ’ਚ ਰੁਕਾਵਟਾਂ ਪਾਉਣ ਦਾ ਬਣ ਚੁੱਕਾ ਹੈ।

ਤਾਜ਼ਾ ਮਾਮਲਾ ਕੇਰਲਾ ਦੇ ਰਾਜਪਾਲ ਆਰਿਫ ਮੁਹੰਮਦ ਖਾਨ ਦਾ ਹੈ, ਜਿਸ ਨੇ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ 8 ਬਿੱਲਾਂ ਨੂੰ ਦੋ ਸਾਲ ਤੋਂ ਰੋਕ ਕੇ ਰੱਖਿਆ ਹੋਇਆ ਹੈ। ਕੇਰਲਾ ਸਰਕਾਰ ਅੱਕ ਕੇ ਹੁਣ ਸੁਪਰੀਮ ਕੋਰਟ ਵਿੱਚ ਪੁੱਜੀ ਹੈ। ਆਰਿਫ਼ ਇਕੱਲੇ ਨਹੀਂ ਬਲਕਿ ਇਸ ਸਮੇਂ ਤਿੰਨ ਗਵਰਨਰਾਂ ਦੀਆਂ ਆਪਹੁਦਰੀਆਂ ਵਿਰੁੱਧ ਰਾਜ ਸਰਕਾਰਾਂ ਸੁਪਰੀਮ ਕੋਰਟ ਵਿੱਚ ਪੁੱਜ ਚੁੱਕੀਆਂ ਹਨ। ਇਨ੍ਹਾਂ ਵਿੱਚ ਤਾਮਿਲਨਾਡੂ ਦੇ ਗਵਰਨਰ ਆਰ ਐਨ ਰਵੀ ਤੇ ਪੰਜਾਬ ਦੇ ਗਵਰਨਰ ਬਨਵਾਰੀ ਲਾਲ ਪੁਰੋਹਿਤ ਵੀ ਸ਼ਾਮਲ ਹਨ। ਇਨ੍ਹਾਂ ਸਰਕਾਰਾਂ ਨੇ ਦੋਸ਼ ਲਾਇਆ ਹੈ ਕਿ ਕੇਂਦਰ ਸਰਕਾਰ ਗਵਰਨਰਾਂ ਨੂੰ ਹੱਥਠੋਕੇ ਵਜੋਂ ਇਸਤੇਮਾਲ ਕਰ ਰਹੀ ਹੈ।

ਕੇਰਲਾ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਦਾਖ਼ਲ ਰਿੱਟ ਵਿੱਚ ਕਿਹਾ ਹੈ, “ਰਾਜਪਾਲ ਦਾ ਆਚਰਣ ਕਾਨੂੰਨ ਦੇ ਰਾਜ ਅਤੇ ਲੋਕਤੰਤਰੀ ਵਿਵਸਥਾ ਸਮੇਤ ਸਾਡੇ ਸੰਵਿਧਾਨ ਦੇ ਮੂਲ ਸਿਧਾਂਤਾਂ ਦੇ ਵਿਰੁੱਧ ਹੈ। ਸਰਕਾਰ ਨੇ ਜਿਨ੍ਹਾਂ ਬਿੱਲਾਂ ਰਾਹੀਂ ਜਨਤਾ ਲਈ ਕਲਿਆਣਕਾਰੀ ਯੋਜਨਾਵਾਂ ਨੂੰ ਲਾਗੂ ਕਰਨਾ ਹੈ, ਉਨ੍ਹਾਂ ਨੂੰ ਗਵਰਨਰ ਰੋਕ ਕੇ ਬੈਠੇ ਹੋਏ ਹਨ।” ਤਾਮਿਲਨਾਡੂ ਸਰਕਾਰ ਨੇ ਦੋਸ਼ ਲਾਇਆ ਹੈ,“ਰਾਜਪਾਲ ਵਿਧਾਨ ਸਭਾ ਨੂੰ ਆਪਣੇ ਫ਼ਰਜ਼ ਪੂਰੇ ਕਰਨ ਵਿੱਚ ਰੁਕਾਵਟਾਂ ਪਾ ਰਹੇ ਹਨ। ਰਾਜਪਾਲ ਨੇ ਨਾ ਸਿਰਫ਼ ਕਈ ਬਿੱਲ ਰੋਕ ਕੇ ਰੱਖੇ ਹੋਏ ਹਨ, ਸਗੋਂ ਭ੍ਰਿਸ਼ਟਾਚਾਰ ਦੇ ਕਈ ਮਾਮਲਿਆਂ ਦੀ ਜਾਂਚ ਨੂੰ ਵੀ ਮਨਜ਼ੂਰੀ ਨਹੀਂ ਦੇ ਰਹੇ।”

ਪੰਜਾਬ ਸਰਕਾਰ ਨਾਲ ਤਾਂ ਪਹਿਲੇ ਦਿਨੋਂ ਹੀ ਰਾਜਪਾਲ ਦਾ ਇਟ-ਖੜੱਕਾ ਚਲਦਾ ਰਿਹਾ ਹੈ। ਪੰਜਾਬ ਵਿੱਚ ਵੀ ਮੁੱਖ ਮਸਲਾ ਬਿੱਲਾਂ ਨੂੰ ਰੋਕੇ ਰੱਖਣ ਦਾ ਹੈ। ਪੰਜਾਬ ਸਰਕਾਰ ਨੇ ਜਦੋਂ ਇਸ ਬਾਰੇ ਸੁਪਰੀਮ ਕੋਰਟ ਦਾ ਰੁਖ਼ ਕੀਤਾ ਤਾਂ ਗਵਰਨਰ ਨੇ ਦੋ ਬਿੱਲਾਂ ਨੂੰ ਪਾਸ ਕਰਨ ਦੀ ਸਹਿਮਤੀ ਦੇ ਦਿੱਤੀ ਹੈ, ਪਰ ਬਾਕੀ ਕਈ ਬਿੱਲਾਂ ’ਤੇ ਹਾਲੇ ਵੀ ਕੁੰਡਲੀ ਮਾਰ ਕੇ ਬੈਠਾ ਹੋਇਆ ਹੈ।

ਬਾਕੀ ਰਾਜਾਂ ਵਿੱਚ ਵੀ ਰਾਜਪਾਲਾਂ ਦਾ ਰਵੱਈਆ ਇਹੋ ਰਿਹਾ ਹੈ। ਦਿੱਲੀ ਵਿੱਚ ਤਾਂ ਜਦੋਂ ਤੋਂ ਆਮ ਆਦਮੀ ਪਾਰਟੀ ਸੱਤਾ ’ਚ ਆਈ ਹੈ, ਉਪ ਰਾਜਪਾਲਾਂ ਨਾਲ ਉਸ ਦਾ ਟਕਰਾਅ ਚਲਦਾ ਰਿਹਾ ਹੈ। ਕਈ ਉਪ ਰਾਜਪਾਲ ਬਦਲੇ, ਮਸਲਾ ਅਦਾਲਤ ਵਿੱਚ ਵੀ ਗਿਆ, ਪਰ ਕੋਈ ਹੱਲ ਨਹੀਂ ਨਿਕਲਿਆ। ਝਾਰਖੰਡ ਵਿੱਚ ਰਾਜਪਾਲ ਦੀ ਮੁੱਖ ਮੰਤਰੀ ਹੇਮੰਤ ਸੋਰੇਨ ਨਾਲ ਖਿੱਚੋਤਾਣ ਜਾਰੀ ਹੈ। ਮਹਾਰਾਸ਼ਟਰ ਦੇ ਸਾਬਕਾ ਰਾਜਪਾਲ ਭਗਤ ਸਿੰਘ ਕੋਸ਼ਿਆਰੀ ਤਾਂ ਏਨੇ ਬਦਨਾਮ ਹੋ ਗਏ ਸਨ ਕਿ ਅਦਾਲਤ ਨੂੰ ਉਨ੍ਹਾ ਵਿਰੁੱਧ ਸਖ਼ਤ ਟਿੱਪਣੀਆਂ ਕਰਨੀਆਂ ਪਈਆਂ। ਪੱਛਮੀ ਬੰਗਾਲ ਦੇ ਸਾਬਕਾ ਰਾਜਪਾਲ ਜਗਦੀਪ ਧਨਖੜ ਤੇ ਮੁੱਖ ਮੰਤਰੀ ਮਮਤਾ ਬੈਨਰਜੀ ਵਿਚਕਾਰ ਵਿਵਾਦ ਵੀ ਸੁਰਖੀਆਂ ਬਣਦਾ ਰਿਹਾ ਹੈ। ਹੁਣ ਉਹ ਉਪ ਰਾਸ਼ਟਰਪਤੀ ਹਨ। ਮਮਤਾ ਨੇ ਇੱਥੋਂ ਤੱਕ ਕਿਹਾ ਸੀ ਕਿ ਧਨਖੜ ਨੂੰ ਟੀ ਐਮ ਸੀ ਨੂੰ ਬਦਨਾਮ ਕਰਨ ਦੇ ਇਨਾਮ ਵਜੋਂ ਹੀ ਉਪ ਰਾਸ਼ਟਰਪਤੀ ਦਾ ਅਹੁਦਾ ਮਿਲਿਆ ਹੈ।

ਅਸਲ ਵਿੱਚ ਕੇਂਦਰੀ ਹਾਕਮਾਂ ਦੀ ਦੇਸ਼ ਦੀ ਸਮੁੱਚੀ ਸੱਤਾ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਲਾਲਸਾ ਹੀ ਇਸ ਵਰਤਾਰੇ ਦਾ ਮੁੱਖ ਕਾਰਨ ਹੈ। ਇਹ ਓਨਾ ਚਿਰ ਚਲਦਾ ਰਹੇਗਾ, ਜਦੋਂ ਤੱਕ ਫਾਸ਼ੀ ਹਾਕਮ ਸੱਤਾਧਾਰੀ ਰਹਿਣਗੇ।

**-ਚੰਦ ਫਤਿਹਪੁਰੀ**

## ...ਜਾਓਗੇ !

ਮਥਾ ਨਾਲ ਹਕੂਮਤ ਲਾ ਕੇ,
ਬਿਣ ਏਕੇ ਤੋਂ ਰੁਲ ਜਾਓਗੇ।
ਤਕੜੀ ’ਚ ਪੰਸੇਰੀ ਬਣਕੇ,
ਡੱਡੂਆਂ ਵਾਂਗੂੰ ਤੁਲ ਜਾਓਗੇ।
ਜੇ ਨਾ ਸਾਂਭ ਸੰਭਾਲਾ ਕੀਤਾ,
ਸੰਨ ਸੰਤਾਲੀ ਭੁਲ ਜਾਓਗੇ।
ਬਣ ਕੇ ਇੱਕ ਬਜਾਰੂ ਧੰਦਾ,
ਪਤਾ ਨੀ ਕਿਹੜੇ ਮੁਲ ਜਾਓਗੇ।
ਚੂੜੀ ਜੇਕਰ ਕਸ ਨਾ ਹੋਈ,
ਬੋਤਲ ਵਾਂਗੂੰ ਡੁੱਲ੍ਹ ਜਾਓਗੇ।
ਇੱਕ ਮਾਲਾ ਦੇ ਬਣਕੇ ਮਣਕੇ,
ਵਾਂਗ ਫਰੇਰੇ ਝੁਲ ਜਾਓਗੇ!

**-ਗੁਲਪੁਰ**

# ਫੁਕਰੇਬਾਜ਼ੀ ਸਮਾਜ ਦੇ ਮੁਹਾਂਦਰੇ ਨੂੰ ਵਿਗਾੜਨ ਦਾ ਸਬੱਬ

**ਮਾਸਟਰ ਲਖਵਿੰਦਰ ਸਿੰਘ ਰਈਆ ਹਵੇਲੀਆਣਾ**

ਕਲੀਨ ਸਲੇਟ (ਪਾਕਿ ਪਵਿੱਤਰ ਦਾਮਨ) ਵਾਲਾ ਬੱਚਾ ਸੋਝੀ ਆਉਣ ’ਤੇ ਮਾਤਾ-ਪਿਤਾ, ਘਰ-ਪਰਵਾਰ, ਦੋਸਤਾਂ-ਮਿੱਤਰਾਂ, ਰਿਸ਼ਤੇਦਾਰਾਂ ਤੇ ਆਲੇ-ਦੁਆਲੇ ਦੇ ਸਮਾਜ ਵਿੱਚ ਜਿਉਂ-ਜਿਉਂ ਵਿਚਰਨ ਲੱਗਦਾ ਹੈ, ਤਿਉਂ-ਤਿਉਂ ਹੀ ਉਸ ਦਾ ਵਿਅਕਤੀਤਵ ਉਸਰਨ ਲੱਗਦਾ ਹੈ। ਵੈਸੀ ਸੰਗਤ ਤੈਸੀ ਰੰਗਤ ਪਰ ਉਸ ਦੇ ਆਪਣੇ ਗੁਣ-ਔਗੁਣ ਖੁਦ ਨੂੰ ਵੀ ਅਤੇ ਆਲੇ-ਦੁਆਲੇ ਨੂੰ ਵੀ ਪ੍ਰਭਾਵਿਤ ਕਰਦੇ ਹਨ।

ਸ਼ੌਂਕ ਰੱਖਣੇ, ਪਾਲਣੇ ਤੇ ਹਰ ਮਨੁੱਖੀ ਬਿਰਤੀ ਦਾ ਸੁਪਨਾ ਹੁੰਦਾ ਹੈ। ਪਾਏਦਾਰ ਸ਼ੌਂਕ ਪੁਗਾਉਣ ਦਾ ਅਸਲ ਰਾਹ ਮਿਹਨਤ ਦਾ ਪੱਲਾ ਹੀ ਹੁੰਦਾ ਹੈ, ਪਰ ਹਵਾਈ/ਪੁੱਠੇ-ਸਿੱਧੇ ਸ਼ੌਂਕ ਪੁਗਾਉਣ ਲਈ ਵਿੰਗੇ-ਟੇਢੇ ਰਾਹ ਅਪਣਾਉਂਦਿਆਂ ਘਤਿੱਤਾਂ (ਸ਼ਰਾਰਤਾਂ) ਕਰਕੇ ਸਮਾਜ ਵਿੱਚਲੇ ਬੁਰਾਈਆਂ ਦੇ ਭੁਕਾਨੇ ਵਿੱਚ ਹੋਰ ਫੂਕ/ਤੂਲ ਭਰੀ ਜਾਣੀ ਹੀ ‘ਫੁਕਰੇਬਾਜ਼ੀ’ ਅਖਵਾਉਂਦੀ ਹੈ। ਜੋ ਕਰੀਬ-ਕਰੀਬ ‘ਬੌਧਿਕ ਕੰਗਾਲੀ’ ਦਾ ਹੀ ਇੱਕ ਪ੍ਰਤੱਖ ਰੂਪ ਹੁੰਦਾ ਹੈ।

ਫੁਕਰੇਬਾਜ਼ੀ ਦੀ ਉਮਰ ਹੱਦ ਕੋਈ ਵੀ ਨਹੀਂ ਹੁੰਦੀ, ਯਾਨੀ ਫੁਕਰੇਬਾਜ਼ੀ ਦੀ ਸੱਪਣੀ ਹਰ ਉਮਰ ਨੂੰ ਹੀ ਡੰਗਦੀ ਹੈ, ਪਰ ਅੱਲ੍ਹੜ ਮੱਤ ਕਰਕੇ ਜਵਾਨੀ ਇਸ ਦਾ ਸਭ ਤੋਂ ਵੱਧ ਸ਼ਿਕਾਰ ਬਣਦੀ ਹੈ। ਫੁਕਰੀ ਬਹੁਬਲੀ ਬਿਰਤੀ ਹਾਥੀ ਨੂੰ ਹੀ ਕੀੜੀ ਦੇ ਤੁਲ ਸਮਝ ਲੈਂਦੀ ਹੈ ਅਤੇ ਭੂਤਰੇ ਸਾਨ੍ਹ ਦੇ ਸਿੰਗਾਂ ਨੂੰ ਹੱਥ ਪਾ ਕੇ ਹੱਡੀ-ਪੱਸਲੀ ਇੱਕ ਕਰਵਾ ਬਹਿੰਦੀ ਐ ।

ਫੁਕਰੇਬਾਜ਼ੀ ਮਾਨਸਿਕਤਾ ਦੀ ਇੱਕ ਬਹੁਤ ਹੀ ਨਾਜ਼ੁਕ ਸਥਿਤੀ ਹੁੰਦੀ ਹੈ, ਜਿਸ ਵਿੱਚ ਸੋਚ ਸ਼ਕਤੀ/ਹੋਸ਼ ਹਵਾਸ ਘੱਟ, ਪਰ ਅੰਨ੍ਹਾ ਜੋਸ਼ ਵਧੇਰੇ ਹੁੰਦਾ ਹੈ, ਇਸ ਸਥਿਤੀ ਵਿੱਚ ਫੈਸਲੇ ਵਧੇਰੇ ਕਰਕੇ ਬਗੈਰ ਸਿਰ (ਦਿਮਾਗ ਦੀ ਵਰਤੋਂ) ਤੋਂ ਦਿਲਾਂ ਦੇ ਆਖੇ ਲੱਗ ਕੇ ਹੀ ਲਏ ਜਾਂਦੇ ਹਨ। ਇਨ੍ਹਾਂ ਫੈਸਲਿਆਂ ਦੇ ਨਤੀਜੇ ਜ਼ਿਆਦਾ ਕਰਕੇ ਘਾਟੇਵੰਦ ਹੀ ਸਾਬਿਤ ਹੁੰਦੇ ਹਨ। ਕਈ ਵਾਰ ਤਾਂ ਇਹ ਨਤੀਜੇ ਏਨੇ ਘਾਤਕ ਹੋ ਨਿਬੜਦੇ ਹਨ ਕਿ ਸਾਰੀ ਉਮਰ ਦਾ ਪਛਤਾਵਾ ਤੇ ਰੋਣਾ ਹੀ ਪੱਲੇ ਪਾ ਜਾਂਦੇ ਹਨ। ਕਈ ਵਾਰ ਤਾਂ ਅੱਥਰੇ ਕੰਮ/ਸਟੰਟ ਜਾਨ ਤੋਂ ਵੀ ਹੱਥ ਧੁਆ ਦਿੰਦੇ ਹਨ। ਹੁਣੇ ਜਿਹੇ ਟਰੈਕਟਰ ਸਟੰਟਬਾਜ਼ੀ ਇੱਕ ਨੌਜਵਾਨ ਨੂੰ ਨਿਗਲ ਚੁੱਕੀ ਹੈ ।

ਅੱਲ੍ਹੜ ਜਵਾਨੀ ਵਿੱਚ ਘਰ-ਪਰਵਾਰ ਤੋਂ ਬਾਹਰੇ (ਵੱਡ-ਵਡੇਰਿਆਂ ਤੋਂ ਬਾਗੀ) ਹੋ ਕੇ ਲਏ ਫੈਸਲੇ ਤਾਂ ਬਹੁਤ ਘੱਟ ਹੀ ਨੇਪਰੇ ਚੜ੍ਹਦੇ ਹਨ। ਕਿਉਂਕਿ ਜੀਵਨ ਦੇ ਅਜਿਹੇ ਬਹੁਤ ਸਾਰੇ ਮਹੱਤਵਪੂਰਨ ਫੈਸਲੇ ਤਜਰਬੇ ਦੀ ਘਾਟ ਕਰਕੇ ਫੁਕਰੇਬਾਜ਼ੀ ਦੇ ਵਹਿਣ ਵਿੱਚ ਵਹਿ ਕੇ ਹੀ ਲਏ ਗਏ ਹੁੰਦੇ ਹਨ। ਜਿਵੇਂ ਲਵ ਮੈਰਿਜ ਆਦਿ ਦੇ ਮਾਮਲਿਆਂ ਵਿੱਚ ਜਦ ਪਿਆਰ ਦਾ ਭੂਤ ਲੱਥਦਾ ਤੇ ਮਤਲਬੀ ਇਸ ਤੋਂ ਫਾਇਦਾ ਵੀ ਚੁੱਕਣਾ ਸ਼ੁਰੂ ਕਰਦੇ ਹਨ ਤਾਂ ‘ਸਮਝੋ ਮਾਮਲਾ ਗੜਬੜ ਹੈ।’ ਸ਼ਾਇਦ ਏਸੇ ਕਰਕੇ ਹੀ ‘ਲਾਈਆਂ ਤੇ ਤੋੜ ਨਿਭਾਈਆਂ’ ’ਤੇ ਅਮਲ ਘੱਟ, ਪਰ ‘ਟੁੱਟ ਗਈ ਤੜੱਕ ਕਰਕੇ’ ਵਰਗੇ ਮਾਮਲਿਆਂ ਦੀ ਭਰਮਾਰ ਵੱਧ ਰਹੀ ਹੈ ਜਾਂ ਫਿਰ ਅੜਿੰਗ-ਅੜਿੰਗ ਕੇ ਹੀ ‘ਤੁਣਕ ਰੱਸੀ ਬੁੜ੍ਹਕ ਸੋਟਾ’ ਵਾਲਾ ਜੀਵਨ ਹੀ ਬਸਰ ਹੁੰਦੈ।

ਅੱਲ੍ਹੜ ਮੱਤ ਦੀ ਬਹੁਗਿਣਤੀ ਮਾਪਿਆਂ ਦੀ ਹੱਡ ਭੰਨਵੀਂ ਕਮਾਈ ਨੂੰ ਆਮ ਕਰਕੇ ਮੁਫਤ ਦੀ ਕਮਾਈ ਸਮਝ ਕੇ ਦੁਰਵਰਤੋਂ ਕਰਨ ਨੂੰ ਆਪਣਾ ਹੱਕ ਸਮਝਦੀ ਹੈ। ਇਹ ਨਾਜਾਇਜ਼ ਹੱਕ ਨਾ ਮਿਲਣ ’ਤੇ ਬਹੁਤੇ ਘਰ ਪਰਵਾਰਾਂ ਵਿਚ ਕਈ ਤਰ੍ਹਾਂ ਦੀ ਕਾਟੋ-ਕਲੇਸ਼ ਦੇ ਪਏ ਖਿਲਾਰੇ ਆਮ ਹੀ ਨਜ਼ਰੀਂ ਪੈਂਦੇ ਹਨ।

ਨਸ਼ਿਆਂ ਦਾ ਪ੍ਰਚਲਣ, ਐਸ਼ੋ-ਅਰਾਮ ਦੀਆਂ ਬੇਲੋੜੀਆਂ ਵਸਤਾਂ ਦੀ ਗੁਲਾਮੀ, ਨੱਕ ਨੂੰ ਉੱਚਾ ਕਰਨ, ਹੋਰਨਾਂ ਵਿੱਚ ਫੋਕੀਟੌਹਰ ਮਾਰਨ ਲਈ ਵਿਖਾਵੇ ਲਈ ਝੁੱਗਾ ਚੌੜ ਕਰਨ ਵਾਲੀਆਂ ਵਸਤਾਂ ਦੀ ਨੁਮਾਇਸ਼, ਹੋਰਨਾਂ ਨੂੰ ਦੁਖੀ ਕਰਨ ਲਈ ਚੁਗਲੀਆਂ ਕਰਨ, ਚਵਲੀਆਂ/ਚਗਲੀਆਂ ਮਾਰਨ ਤੇ ਜੀਭ ਛੁਰੀਆਂ ਚਲਾਉਣ ਆਦਿ ਵਾਲੇ ਬਹੁਤ ਸਾਰੇ ਗਲਤ ਵਰਤਾਰਿਆਂ ਦੇ ਪੈਦਾ ਹੋਣ ਵਿੱਚ ਫੁਕਰੇਬਾਜ਼ੀ ਦਾ ਹੀ ਸਭ ਵੱਡਾ ਹੱਥ ਹੁੰਦਾ ਹੈ, ਜਿਸ ਨਾਲ ਇੱਕ ਅਸੱਭਿਅਕ ਸਮਾਜ ਸਿਰਜਣ ਦਾ ਮੁੱਢ ਬੱਝਦਾ ਹੈ। ਅੱਗੇ ਵੱਖ-ਵੱਖ ਬੁਰਾਈਆਂ ਦੀਆਂ ਛਾਂਗੜਾਂ ਆਪਣਾ ਘੁੱਪ ਹਨੇਰਾ ਹੋਰ ਵੀ ਗਾੜ੍ਹਾ ਕਰੀ ਜਾਂਦੀਆਂ ਹਨ।

ਸਾਦਗੀ ਨੂੰ ਛੱਡ ਕੇ ਗਲੈਮਰ /ਚਮਕ-ਦਮਕ ਦੇ ਰਾਹੇ ਪੈਣਾ ਵੀ ਫੁਕਰੇਬਾਜ਼ੀ ਹੀ ਹੈ। ਵਿਆਹ-ਸ਼ਾਦੀਆਂ ਜਾਂ ਹੋਰ ਰੀਤੀ-ਰਿਵਾਜਾਂ ਵਿੱਚ ਨੱਕ ਨਮੂਜ਼ ਰੱਖਣ ਲਈ ਕੀਤੇ ਜਾਂਦੇ ਲੈਣ-ਦੇਣ ਦੀਆਂ ਚੋਚਲੇਬਾਜ਼ੀਆਂ/ ਫੁਕਰੇਬਾਜ਼ੀਆਂ ਨੇ ਆਮ ਲੋਕਾਂ ਦਾ ਭਾਵੇਂ ਕਚੂੰਬਰ ਕੱਢਿਆ ਹੋਇਆ ਹੈ, ਪਰ ਫਿਰ ਵੀ ਇਸ ਫੁਕਰਬਾਜੀ ਦੇ ਫਾਹ ਗੱਲੋਂ ਲੁਹਾਣ ਦੇ ਯਤਨ ਨਾ ਕਰਨੇ ਵੀ ਕਰਜ਼ਾਈ ਹੋਣ ਦਾ ਵੱਡਾ ਸਬੱਬ ਬਣਦੇ ਹਨ। ਇੱਕ ਨੱਥ ਘੜਾਉਣ ਨੂੰ ਫਿਰ ਰਿਹਾ ਤੇ ਦੂਜਾ ਹਮਾਤੜ ਨੱਕ ਬਚਾਉਣ ਨੂੰ ।

ਜਦ ਹੱਕ-ਹਲਾਲ ਦੀ ਕਮਾਈ ਨਾਲ ਫੁਕਰੇਬਾਜ਼ੀ ਦਾ ਢਿੱਡ ਨਹੀਂ ਭਰਦਾ ਤਾਂ ਬੇਈਮਾਨੀ, ਦੋ ਨੰਬਰ ਦੀ ਕਮਾਈ, ਭ੍ਰਿਸ਼ਟਾਚਾਰ, ਲੁੱਟਾਂ-ਖੋਹਾਂ ਦਾ ਪ੍ਰਚਲਨ ਵਧਦਾ ਹੈ। ਬੱਚੇ ਦੇਸ਼-ਸਮਾਜ ਦਾ ਭਵਿੱਖ ਤੇ ਜਵਾਨੀ ਸਮਾਜ ਦਾ ਸ਼ੀਸ਼ਾ ਹੁੰਦੀ ਹੈ। ਇਸ ਦਾ ਫੁਕਰੇਬਾਜ਼ੀ ਦੇ ਢੇਟੇ ਚੜ੍ਹ ਕੇ ਕੁਰਾਹੇ ਪੈ ਜਾਣਾ ਅਤੇ ਸਮਾਜ ਦੇ ਮੂੰਹ-ਮੁਹਾਂਦਰੇ ਨੂੰ ਵਿਗਾੜਨ ਦਾ ਵੱਡਾ ਸਬੱਬ ਬਣਨਾ ਸਮੇਂ ਦੀ ਇੱਕ ਵੱਡੀ ਤ੍ਰਾਸਦੀ ਬਣੀ ਹੋਈ ਹੈ।

ਅਖੌਤੀ ਮੀਡੀਏ ਦੀ ਫੁਕਰੇਬਾਜ਼ੀ ਦੀਆਂ ਬੇਥਵੀਆਂ ਉਰਲੀਆਂ - ਪੁਰਲੀਆਂ ਲੋਕਾਂ ਦੀ ਅਕਲ ਦਾ ਪੂਰਾ ਜਨਾਜ਼ਾ ਕੱਢ ਰਹੀਆਂ ਨੇ। ਫੁਕਰੀ ਇਸ਼ਤਿਹਾਰਬਾਜ਼ੀ ਦੀ ਚੱਲ ਰਹੀ ਹਨੇਰੀ ਵਿਚ ਅਕਲ ਨੂੰ ਹੱਥ ਮਾਰਨ ਦੀ ਥਾਂ ਸੀਸ ਮਹਿਲ ਦੇ ਝਾਕੇ ਵਿੱਚ ਆਪਣੀ ਕੁੱਲੀ ਨੂੰ ਹੀ ਢਾਹੁਣ ਲਈ ਪਹਿਲ ਦਿੱਤੀ ਜਾ ਰਹੀ ਹੈ।

ਟਿੱਡੀਆਂ ਨੂੰ ਖੰਭ ਲਾਉਣ ਵਾਲੀਆਂ ਅਫਵਾਹਾਂ, ਐਡਿਟ ਤਕਨੀਕ ਨਾਲ ਹੋਰਾਂ ਦੇ ਚੀਰ ਹਰਨ ਕਰਨ, ਇੱਜ਼ਤ ਰੋਲਣ, ਕਿਰਦਾਰਕੁਸ਼ੀ ਕਰਨ ਤੇ ਚਰਿੱਤਰ ਉਤੇ ਚਿੱਕੜ ਉਛਾਲਣ ਵਾਲੀਆਂ ਤਰੋੜ-ਮਰੋੜ ਕੇ ਫੋਟੋਆਂ/ਕੁਮੈਂਟਸ ਐਡਿਟ ਕਰਨ ਦੇ ਫੁਕਰੇਪਨ ਦਾ ਬਾਜ਼ਾਰ ਪੂਰਾ ਗਰਮ ਐ। ਨਾਲ-ਨਾਲ ਈ ਅਸੱਭਿਅਕ ਭਾਸ਼ਾ (ਗਾਲ੍ਹੀ-ਗਲੋਚ) ਦੇ ਫੁਕਰੇ ਬੋਲਬਾਲੇ ਦਾ ਧਮੱਚੜਾ (ਖਾਸ ਕਰਕੇ ਜੋ ਸੋਸ਼ਲ ਮੀਡੀਆ ਉਤੇ ਪੈ ਰਿਹੈ) ਤਾਂ ਮਾਨੋ ਜਰਵਾਣਿਆਂ ਵੱਲੋਂ ਉਧਾਲੀ ਜਾਂਦੀ ਇੱਜਤ ਨੂੰ ਛੁਡਵਾਉਣ ਵਾਲੇ ਸੂਰਮ ਗਤੀ ਦੇ ਸ਼ਾਨਾਮੱਤੇ ਕਿੱਸਿਆਂ ਨੂੰ ਮਿੱਟੀ ਵਿੱਚ ਰੋਲ ਰਿਹੈ। ਜਦ ਕਿਤੇ ਫੁਕਰਿਆਂ ਨੂੰ ਕਾਨੂੰਨੀ ਸ਼ਿਕੰਜੇ ਦਾ ਵਲ-ਵਲੇਵਾਂ ਪੈਂਦਾ ਤਾਂ ਫਿਰ ਨਾਨੀ ਨੂੰ ਚੇਤੇ ਕਰਦੇ ਹੋਏ ਅੱਖਾਂ ਵਿੱਚ ਘਸੁੰਨ ਦੇ ਕੇ ਜ਼ਾਰੋ-ਜ਼ਾਰ ਰੋਂਦੇ ਵੀ ਦਿਖਾਈ ਦੇ ਜਾਂਦੇ ਹਨ । ਤੂਤੀ ਬੁਲਾਉਣ ਦੇ ਚੱਕਰ ਵਿੱਚ ਈ ਬਹੁਤ ਸਾਰੇ ਖੁਸ਼ੀ ਦੇ ਮੌਕਿਆਂ ’ਤੇ ਹੀ ਠਾਹ-ਠਾਹ ਦੀ ਫੁਕਰੀ ਨਾਲ ਕਿਸੇ ਹਮਾਤੜ ਦੀ ਜਾਨ ਨਾਲ ਖੇਡ ਕੇ ਆਪ ਸਲੀਖਾਂ ਮਗਰ ਹੋ ਜਾਣਾ ਕਿਹੜੀ ਅਕਲਮੰਦੀ ਐ ? ਪਰ ਫਿਰ ਵੀ ਇਹ ਸਭ ਕੁਝ ਵਾਪਰ ਰਿਹੈ।

ਆਪੂੰ ਬਣੇ ਰੱਬੀ ਦੂਤਾਂ, ਅਖੌਤੀ ਸਾਧ-ਸੰਤਾਂ (ਫੁਕਰੇਬਾਜ਼ਾਂ) ਨੇ ਤਾਂ ਆਪਣੇ-ਆਪਣੇ ਰੱਬਾਂ ਨੂੰ ਜੇਬਾਂ ਵਿਚ ਪਾ ਰੱਖਿਆ ਹੋਇਆ ਹੈ। ਫਿਰ ਮਰਜ਼ੀ ਨਾਲ ਫਰੇਬੀ ਖੇਡਾਂ ਕਰਦਿਆਂ ਉਨ੍ਹਾਂ ਵਿਚਾਰੇ ਰੱਬਾਂ ਤੋਂ ਕੰਮ ਕਰਵਾਉਣ ਦੇ ਫੁਕਰੇ ਦਾਅਵਿਆਂ, ਫੁਕਰੇ ਲਾਲਚ ਤੇ ਡਰਾਵਿਆਂ ਦੇ ਭਰਮ-ਭੁਲੇਖਿਆਂ ਨਾਲ ਹੀ ਆਮ ਲੋਕਾਈ ਨੂੰ ਲੁੱਟਿਆ ਤੇ ਕੁੱਟਿਆ/ਠੱਗਿਆ ਤੇ ਇੱਜ਼ਤਾਂ ਨਾਲ ਵੀ ਖੇਡਿਆ ਜਾ ਰਿਹਾ ਹੈ।

ਵੋਟਾਂ ਬਟੋਰੂ ਸਿਆਸੀ ਫੁਕਰੇਬਾਜ਼ੀ ਦਾ ਵੀ ਕੋਈ ਸਾਨੀ ਨਹੀਂ। ਫੁਕਰੀ ਸਿਆਸਤ ਦਾ ਤਾਂ ਬਾਬਾ ਆਦਮ ਹੀ ਨਿਰਾਲੈ। ਪਹਿਲਾਂ ਜਿਸ ਨੂੰ ਖੁਦ ਹੀ ਪਾਣੀ ਪੀ-ਪੀ ਕੇ ਕੋਸਿਆ ਹੁੰਦਾ ਹੈ, ਫਿਰ ਉਸੇ ਦੇ ਹੀ ਖੰਭਾਂ ਵਿੱਚ ਸ਼ਰਨ ਲੈ ਲਈ ਜਾਂਦੀ।

ਵੱਖ-ਵੱਖ ਘਿਨੌਣੇ ਅਪਰਾਧਾਂ ਵਿੱਚ ਫਸੇ ਸਿਆਸੀ/ਅਖੌਤੀ ਸਾਧ ਲਾਣੇ ਦੀ ਹੋਈ ਜ਼ਮਾਨਤ/ਪਰੋਲ/ਰਿਹਾਈ ਉਤੇ ਚੇਲੇ-ਚਾਟੜਿਆਂ ਦੀ ਪੂਛਾਂ ਫੇਰੂ ਫੁਕਰਬਾਜ਼ੀਆਂ ਸਵੈਮਾਣ/ਆਸਥਾ ਨੂੰ ਕੱਖੋਂ ਹੌਲਾ ਕਰੀ ਜਾ ਰਹੀਆਂ ਨੇ। ਇਹ ਵੀ ਫੁਕਰੇਬਾਜ਼ੀ ਦੀ ਇੱਕ ਇੰਤਹਾ ਹੀ ਹੈ ਕਿ ਭਟਕਣਾ ਵਿੱਚ ਅੱਜਕੱਲ੍ਹ ਮਨੁੱਖਤਾ ਦੇ ਲਹੂ ਪੀਣਿਆਂ ਗੈਂਗਸਟਰਾਂ ਨੂੰ ਹੀ ਆਪਣਾ ਆਦਰਸ਼ ਮੰਨਿਆ ਜਾ ਰਿਹੈ ? ਦੂਰ-ਦੁਰਾਡਿਓਂ ਚੱਲ ਕੇ ਕੈਦਖਾਨਿਆਂ ਅੱਗੇ ਆਣ ਅਲਖ ਜਗਾਈ ਜਾਂਦੀ ਐ,‘ਪਲੀਜ਼ ਸੈਲਫੀ! ਪਲੀਜ਼ ਸੈਲਫੀ !! ਨਹੀਂ ਤੋਂ ਹਮ ਮਰ ਜਾਸੀ।’ ਸਟੰਟ ਸੈਲਫੀਆਂ ਤਾਂ ਬਹੁਤ ਸਾਰਿਆਂ ਨੂੰ ਮੌਤ ਦੇ ਮੂੰਹ ਵਿੱਚ ਵੀ ਧੱਕ ਚੁੱਕੀਆਂ।

ਸਮਝੋਂ ਬਾਹਰਾ ਐ ਕਿ ਫੁਕਰੇਬਾਜੀ ਦੇ ਕੋਝੇ ਰੁਝਾਨ ਸਮਾਜ ਨੂੰ ਕਿੱਧਰ ਲਿਜਾ ਰਹੇ ਨੇ।

ਫੁਕਰੇਬਾਜ਼ੀ ਜ਼ਮੀਨ ਉਤੇ ਪੈਰ ਹੀ ਲੱਗਣ ਨਹੀਂ ਦਿੰਦੀ, ਸਗੋਂ ਮਨ ਨੂੰ ਉਡੂੰ ਉਡੂੰ ਦੀ ਭਚੱਤਰੀ ਲਾ ਕੇ ਉਤਾਂਹ ਹੀ ਉਤਾਂਹ ਉਡਾਈ ਜਾ ਰਹੀ ਹੈ। ਘਾਲੇ-ਮਾਲੇ ਦੀ ਡੋਰ ਨਾਲ ਅਖੌਤੀ ਤਰੱਕੀ ਦੀ ਗੁੱਡੀ ਐਸੀ ਬੁਲ੍ਹੇ ਪਈ ਹੋਈ ਐ ਕਿ ਹੇਠਲੀ ਹਵਾ ਵਿੱਚ ਅਸਲੀਅਤ ਦੀ ਗੁੱਡੀ ਕਿਤੇ ਵੀ ਨਜ਼ਰ ਨਾ ਆ ਰਹੀ। ਅੰਨ੍ਹੇ ਠੂਹੇਂ ਅੱਕੀਂ-ਪਲਾਹੀਂ ਹੱਥ ਜ਼ਰੂਰ ਮਾਰੇ ਜਾ ਰਹੇ ਨੇ, ਪਰ ਹੱਥ ਪੱਲੇ ਕੁਝ ਵੀ ਨਹੀਂ ਲੱਗ ਰਿਹਾ।

ਭਾਵੇਂ ਕਿ ਹਰ ਮਨੁੱਖ ਦੀ ਤਮੰਨਾ ਹੁੰਦੀ ਹੈ ਕਿ ਉਸ ਦੀ ਵੱਖਰੀ ਪਹਿਚਾਣ ਬਣੇ, ਪਰ ਜੋ ਲੋਕ ਪਹਿਲਾਂ ਚੰਗੀ ਸੋਚ, ਉੱਦਮ, ਮਿਹਨਤ ਨਾਲ ਯੋਗਤਾ ਤੇ ਤਜਰਬੇ ਪ੍ਰਾਪਤ ਕਰਦੇ ਹਨ, ਫਿਰ ਆਪਣੀ ਲਿਆਕਤ/ ਔਕਾਤ ਨਾਲ ਆਪਣੇ ਲਈ ਵੀ ਤੇ ਸਮਾਜ ਵਾਸਤੇ ਵੀ ਕੁਝ ਨਾ ਕੁਝ ਚੰਗਾ ਕਰਕੇ ਭੱਲ ਖੱਟਦੇ ਹਨ ਅਤੇ ਦੇਸ਼ ਦੁਨੀਆ ਵਿੱਚ ਆਪਣੇ ਨਾਮਣੇ ਕਮਾਉਂਦੇ ਹਨ। ਜ਼ਰਾ ਸੋਚੀਏ ਇਹ ਨਾਮਣੇ ਐਵੇਂ ਨਹੀਂ ਮਿਲੇ ਹੁੰਦੇ, ਸਗੋਂ ਸਾਲਾਂਬੱਧੀ ਕੀਤੀ ਸਾਰਥਿਕ ਘਾਲ ਕਮਾਈ ਦਾ ਨਤੀਜਾ ਹੀ ਹੁੰਦੇ ਹਨ।

*# ਸੰਪਰਕ : 98764-74858*

# ਬੱਚਿਆਂ ਨੂੰ ਰੁਝੇਵਿਆਂ ’ਚ ਰੱਖੋ

**ਰਾਕੇਸ਼ ਕੁਮਾਰ**

ਹਰ ਮਾਤਾ-ਪਿਤਾ ਦੀ ਇੱਛਾ ਹੁੰਦੀ ਕਿ ਉਹਨਾਂ ਦੇ ਬੱਚੇ ਪੜ੍ਹ-ਲਿਖ ਕੇ ਇੱਕ ਵਧੀਆ ਇਨਸਾਨ ਤੇ ਚੰਗੇ ਨਾਗਰਿਕ ਬਣ ਜਾਣ। ਆਪਣੇ ਸੁਪਨਿਆਂ ਨੂੰ ਪੂਰਤੀ ਲਈ ਉਹ ਆਪਣੇ ਬੱਚਿਆਂ ਨੂੰ ਉਹ ਸਭ ਕੁਝ ਦਿੰਦੇ ਹਨ, ਜਿਨ੍ਹਾਂ ਦੀ ਬੱਚਿਆਂ ਨੂੰ ਜ਼ਰੂਰਤ ਹੈ। ਬੱਚਿਆਂ ਦੀ ਕਾਮਯਾਬੀ ਉਹਨਾਂ ਨੂੰ ਭਵਿੱਖ ਵਿੱਚ ਖੁਸ਼ੀਆਂ ਤੇ ਮਾਣ ਪ੍ਰਾਪਤ ਕਰਵਾ ਸਕਦੀ ਹੈ। ਇਸ ਮੰਤਵ ਲਈ ਮਾਤਾ-ਪਿਤਾ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਯੋਜਨਾਬੱਧ ਤਰੀਕੇ ਨਾਲ ਬੱਚਿਆਂ ਦੀ ਅਗਵਾਈ ਕਰਨ। ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਰਚਨਾਤਮਿਕ, ਕਲਾਤਮਿਕ ਗਤੀਵਿਧੀਆਂ ਵੱਲ ਬੱਚਿਆਂ ਨੂੰ ਪ੍ਰੇਰਿਤ ਕਰਨ। ਬੱਚਿਆਂ ਦੇ ਰੁਝੇਵਿਆਂ ਵੱਲ ਖਾਸ ਧਿਆਨ ਰੱਖਿਆ ਜਾਵੇ।

ਬੱਚਿਆਂ ਦੀ ਪੜ੍ਹਾਈ ਤੋਂ ਇਲਾਵਾ ਕਿਸੇ ਨਾ ਕਿਸੇ ਕੰਮ,ਖੇਡ ਜਾਂ ਹੋਰ ਗਤੀਵਿਧੀਆਂ ਵਿੱਚ ਰੁਝੇਵਾਂ ਰੱਖਿਆ ਜਾਵੇ ਤਾਂ ਕਿ ਬੱਚਿਆਂ ਨੂੰ ਮਿਹਨਤ ਕਰਨ ਦੀ ਆਦਤ ਬਣ ਜਾਵੇ। ਸਿਆਣੇ ਕਹਿੰਦੇ ਹਨ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ ਹੈ। ਜੇਕਰ ਬੱਚਾ ਆਪਣੇ ਪੱਧਰ ਦੀਆਂ ਗਤੀਵਿਧੀਆਂ ਵਿੱਚ ਰੁੱਝਿਆ ਰਹਿੰਦਾ ਹੈ ਤਾਂ ਉਹ ਅਨੁਸ਼ਾਸਨ ਵਿੱਚ ਰਹੇਗਾ, ਸਮੇਂ ਦੀ ਕਦਰ ਕਰੇਗਾ। ਇਹ ਸਾਰੀਆਂ ਗੱਲਾਂ ਉਸ ਦੀ ਸ਼ਖ਼ਸੀਅਤ ਦੀ ਉਸਾਰੀ ਵਿੱਚ ਅਹਿਮ ਭੂਮਿਕਾ ਨਿਭਾਉਣਗੀਆਂ। ਬੱਚੇ ਰੁਝੇਵਿਆਂ ਦੇ ਕਾਰਨ ਬੱਚੇ ਦੀ ਸੰਗਤ ਵੀ ਅੱਛੀ ਹੋਵੇਗੀ। ਉਸ ਦਾ ਸੰਬੰਧ ਵੀ ਚੰਗੇ ਦੋਸਤਾਂ, ਮਿੱਤਰਾਂ ਨਾਲ ਹੋਵੇਗਾ। ਮਾਨਸਿਕ ਚੁਸਤੀ ਉਸ ਨੂੰ ਸਕੂਲ ਵਿੱਚ ਅਧਿਆਪਕਾਂ ਦਾ ਚਹੇਤਾ ਵਿਦਿਆਰਥੀ ਬਣਾ ਸਕਦੀ ਹੈ। ਜਿਸ ਨਾਲ ਉਸ ਵਿੱਚ ਆਤਮ-ਵਿਸ਼ਵਾਸ ਪੈਦਾ ਹੋਵੇਗਾ। ਘਰ ਵਿੱਚ ਵੀ ਇਸ ਤਰ੍ਹਾਂ ਦਾ ਮਹੌਲ ਬਣਾਇਆ ਜਾਵੇ ਕਿ ਮਾਤਾ-ਪਿਤਾ ਦੇ ਨਾਲ ਬੱਚਿਆਂ ਨੂੰ ਵੀ ਘਰ ਦੇ ਕੰਮਾਂ ਨੂੰ ਕਰਨ ਲਈ ਉਤਸ਼ਾਹਿਤ ਕੀਤਾ ਜਾਵੇ। ਇਸ ਨਾਲ ਬੱਚਿਆਂ ਵਿੱਚ ਸਹਿਯੋਗ ਅਤੇ ਮਦਦ ਕਰਨ ਦੀ ਭਾਵਨਾ ਵਿਕਸਤ ਹੋਵੇਗੀ। ਬੱਚਿਆਂ ਨੂੰ ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਵੀ ਹੋਵੇਗਾ।

ਅੱਜ-ਕੱਲ੍ਹ ਦੇ ਬੱਚੇ ਨਵੀਂ ਤਕਨਾਲੋਜੀ ਨਾਲ ਚੰਗੀ ਤਰ੍ਹਾਂ ਨਾਲ ਰੂਬਰੂ ਹੋ ਚੁੱਕੇ ਹਨ, ਪਰ ਇਸ ਦਾ ਫਾਇਦਾ ਘੱਟ, ਨੁਕਸਾਨ ਜ਼ਿਆਦਾ ਹੋ ਰਿਹਾ। ਬੱਚੇ ਸਾਰਾ ਦਿਨ ਮੋਬਾਇਲ ’ਤੇ ਅੱਖਾਂ ਲਗਾਈ ਬੈਠੇ ਰਹਿੰਦੇ ਹਨ, ਜਿਸ ਨਾਲ ਉਹਨਾਂ ਦੀ ਸਿਹਤ ਅਤੇ ਨਜ਼ਰ ’ਤੇ ਬਹੁਤ ਬੁਰਾ ਪ੍ਰਭਾਵ ਪੈ ਰਿਹਾ ਹੈ। ਬੱਚੇ ਦੇ ਰੁਝੇਵਿਆਂ ਵਿੱਚ ਮੋਬਾਇਲ ਵਰਤੋਂ ਸਿਰਫ ਪੜ੍ਹਾਈ ਲਈ ਕੀਤੀ ਜਾਵੇ, ਇਸ ਤੋਂ ਇਲਾਵਾ ਗੇਮ, ਐਪ, ਗੂਗਲ, ਯੂ-ਟਿਊਬ ਲਈ ਮੋਬਾਇਲ ਦਾ ਪ੍ਰਯੋਗ ਨਾ ਦੇ ਬਰਾਬਰ ਹੋਵੇ। ਜੇਕਰ ਘਰ ਵਿੱਚ ਦੋ ਬੱਚੇ ਹਨ ਤਾਂ ਵੱਡੇ ਬੱਚੇ ਨੂੰ ਛੋਟੇ ਭੈਣ-ਭਰਾ ਦੀ ਪੜ੍ਹਾਈ ਕਰਾਉਣ ਦੀ ਜ਼ਿੰਮੇਵਾਰੀ ਦਿੱਤੀ ਜਾ ਸਕਦੀ ਹੈ। ਜਿਸ ਨਾਲ ਉਹ ਆਪਣੇ ਭਰਾ-ਭੈਣ ਦੇ ਵੱਖ-ਵੱਖ ਵਿਸ਼ਿਆਂ ਨਾਲ ਸੰਬੰਧਤ ਪ੍ਰਸ਼ਨ-ਉੱਤਰ ਸੁਣ ਸਕਦਾ ਹੈ। ਉਹਨਾਂ ਨੂੰ ਕਿਸੇ ਗ਼ਲਤੀ ਬਾਰੇ ਦੱਸ ਸਕਦਾ। ਬੱਚੇ ਦੀਆਂ ਭਾਵਨਾਵਾਂ ਸੰਵੇਦਨਸ਼ੀਲ ਹੁੰਦੀਆਂ ਹਨ, ਜਿਸ ਨਾਲ ਬੱਚਿਆਂ ਦਾ ਆਪਸੀ ਪਿਆਰ ਹੋਰ ਗੂੜ੍ਹਾ ਹੁੰਦਾ ਹੈ।

ਬੱਚੇ ਨੂੰ ਇਸ ਤਰ੍ਹਾਂ ਦੀਆਂ ਜ਼ਿੰਮੇਵਾਰੀਆਂ ਦੇਣ ਨਾਲ ਬੱਚੇ ਦਾ ਬੌਧਿਕ ਵਿਕਾਸ ਹੁੰਦਾ ਹੈ ਅਤੇ ਉਹ ਜ਼ਿੰਮੇਵਾਰੀਆਂ ਨਿਭਾਉਣ ਪ੍ਰਤੀ ਗੰਭੀਰ ਅਤੇ ਪਰਿਪੱਕ ਹੁੰਦਾ ਹੈ। ਮਾਤਾ-ਪਿਤਾ ਨੂੰ ਵੱਧ ਤੋਂ ਵੱਧ ਬੱਚਿਆਂ ਨਾਲ ਸਮਾਂ ਬਿਤਾਉਣਾ ਚਾਹੀਦਾ ਅਤੇ ਦਿਨ ਭਰ ਦੇ ਰੁਝੇਵਿਆਂ ਬਾਰੇ ਚਰਚਾ ਕਰਨੀ ਚਾਹੀਦੀ ਹੈ।

ਨੌਕਰੀਪੇਸ਼ਾ ਮਾਤਾ-ਪਿਤਾ ਲਈ ਇਹ ਬਹੁਤ ਜ਼ਰੂਰੀ ਹੈ ਕਿ ਉਹ ਆਪਣੇ ਬੱਚਿਆਂ ਦੇ ਰੁਝੇਵਿਆਂ ਵੱਲ ਖਾਸ ਧਿਆਨ ਦੇਣ। ਦਫ਼ਤਰਾਂ, ਸਕੂਲਾ ਜਾਂ ਹੋਰ ਕਿਸੇ ਅਦਾਰਿਆਂ ਵਿੱਚ ਕੰਮ ਕਰਨ ਵਾਲੇ ਮਾਤਾ-ਪਿਤਾ ਜੇਕਰ ਸਵੇਰ ਤੋਂ ਲੈ ਕੇ ਸ਼ਾਮ ਤੱਕ ਬਾਹਰ ਰਹਿੰਦੇ ਹਨ ਤਾਂ ਇਹਨਾਂ ਹਾਲਤਾਂ ਵਿੱਚ ਬੱਚਿਆਂ ਨੂੰ ਮਨਮਰਜ਼ੀ ਕਰਨ ਦੀ ਖੁੱਲ੍ਹ ਮਿਲਣ ਦੀ ਸੰਭਾਵਨਾ ਵਧ ਜਾਂਦੀ ਹੈ, ਕਿਉਂਕਿ ਬੱਚੇ ਬੇਸਮਝ ਹੁੰਦੇ ਹਨ। ਉਹਨਾਂ ਨੂੰ ਆਪਣੀ ਇਸ ਛੋਟੀ ਉਮਰ ਵਿੱਚ ਚੰਗੀਆਂ-ਮਾੜੀਆਂ ਚੀਜ਼ਾਂ ਬਾਰੇ ਜ਼ਿਆਦਾ ਗਿਆਨ ਨਹੀਂ ਹੁੰਦਾ। ਇਸ ਲਈ ਉਹਨਾਂ ਦੀ ਦੇਖਭਾਲ ਵਿੱਚ ਬਹੁਤ ਜ਼ਿਆਦਾ ਸਾਵਧਾਨੀ ਦੀ ਲੋੜ ਹੁੰਦੀ ਹੈ।

ਉਹਨਾਂ ਨੂੰ ਘਰ ਤੋਂ ਸਕੂਲ ਅਤੇ ਸਕੂਲ ਤੋਂ ਘਰ ਵਿੱਚ ਲੱਗਣ ਵਾਲੇ ਸਮੇਂ ਤੋਂ ਇਲਾਵਾ ਬਾਕੀ ਬਚਦੇ ਸਮੇਂ ਦਾ ਸਦਉਪਯੋਗ ਕਰਨ ਲਈ ਮਾਤਾ-ਪਿਤਾ ਦੁਆਰਾ ਪ੍ਰੇਰਿਤ ਕਰਨਾ ਪਵੇਗਾ। ਬੱਚਿਆਂ ਲਈ ਟਾਈਮ-ਟੇਬਲ ਫਿਕਸ ਕਰਨਾ ਪਵੇਗਾ ਤਾਂ ਕਿ ਉਹ ਆਪਣੇ ਕੀਮਤੀ ਸਮੇਂ ਦਾ ਸਹੀ ਪ੍ਰਯੋਗ ਕਰ ਸਕਣ। ਇਸ ਦੇ ਨਾਲ ਹੀ ਬੱਚਿਆਂ ਨੂੰ ਨੈਤਿਕ ਸਿੱਖਿਆ ਵੀ ਦੇਣੀ ਬਹੁਤ ਜ਼ਰੂਰੀ ਹੈ, ਜਿਸ ਨਾਲ ਉਹ ਵੱਡਿਆਂ ਨੂੰ ਆਦਰ, ਸਤਿਕਾਰ ਦੇਣ ਅਤੇ ਬੁਰੀ ਸੰਗਤ ਤੋਂ ਬਚੇ ਰਹਿਣ।

ਬੱਚੇ ਦੇ ਸਰੀਰਕ ਅਤੇ ਮਾਨਸਿਕ ਵਿਕਾਸ ਲਈ ਰੁਝੇਵਿਆਂ ਦਾ ਹੋਣਾ ਜ਼ਰੂਰੀ ਹੈ, ਜਿਸ ਨਾਲ ਬੱਚਿਆਂ ਵਿੱਚ ਆਪਣੇ-ਆਪ ਫੈਸਲਾ ਲੈਣ ਦੀ ਸਮਝ ਪੈਦਾ ਹੁੰਦੀ। ਜੇਕਰ ਕੋਈ ਵੱਡੀ ਸਮੱਸਿਆ, ਨਿਰਾਸ਼ਾ, ਅਸਫ਼ਲਤਾ ਸਾਹਮਣੇ ਆਉਂਦੀ ਹੈ ਤਾਂ ਵੀ ਬੱਚੇ ਦਾ ਮਨੋਬਲ ਡਿੱਗੇਗਾ ਨਹੀਂ ਅਤੇ ਬੱਚੇ ਦੀ ਅਗਲੇਰੀ ਜ਼ਿੰਦਗੀ ਬਹੁਤ ਖ਼ੂਬਸੂਰਤ ਹੋਵੇਗੀ।

*# ਸੰਪਰਕ : 94630-24455*

# ਪੰਜਾਬੀ ਮਾਂ-ਬੋਲੀ ਸਦੀਆਂ ਪੁਰਾਣੀ, ਮਾਖਿਓਂ ਮਿੱਠੀ

**ਦਰਸ਼ਨ ਸਿੰਘ ਪ੍ਰੀਤੀਮਾਨ**

ਮਾਤ-ਭਾਸ਼ਾ ਜਾਂ ਮਾਂ ਬੋਲੀ ਦਾ ਅਰਥ ਹੈ ਉਹ ਬੋਲੀ, ਜੋ ਵਿਰਸੇ ਵਿੱਚੋਂ ਮਿਲੀ ਹੁੰਦੀ ਹੈ। ਇਹ ਮਾਂ-ਬੋਲੀ ਨਾਲ ਸਾਡਾ ਬਚਪਨ ਤੋਂ ਹੀ ਸਬੰਧ ਬਣ ਜਾਂਦਾ ਹੈ। ਸਾਡੇ ਦੇਸ਼ ਵਿਚ, ਸੰਸਾਰ ਵਿਚ, ਅਨੇਕਾਂ ਭਾਸ਼ਾਵਾਂ ਮੌਜੂਦ ਹਨ। ਭਾਸ਼ਾ ਕਿਸੇ ਵੀ ਕੌਮ ਦਾ ਵਿਰਸਾ ਹੁੰਦੀ ਹੈ। ਖੇਤਰੀ ਮਾਤ-ਭਾਸ਼ਾ ਨੂੰ ਕੋਈ ਵੀ ਆਪਣੀ ਹੋਂਦ ਤੋਂ ਵੱਖ ਨਹੀਂ ਕਰ ਸਕਦਾ, ਮਾਤ-ਭਾਸ਼ਾ ’ਤੇ ਹਰ ਮਨੁੱਖ ਦੀ ਪਕੜ ਤਕੜੀ ਹੁੰਦੀ ਹੈ। ਪੰਜਾਬੀ ਅਤੇ ਗੁਰਮੁਖੀ ਲਿੱਪੀ ਦਾ ਸਾਹਿਤਕ ਤੇ ਇਤਿਹਾਸਕ ਵਿਰਸਾ ਬਹੁਤ ਅਮੀਰ ਹੈ। ਮਾਤਾ-ਭਾਸ਼ਾ ਦੇ ਵਿਕਾਸ ਨਾਲ ਦੇਸ਼ ਤੇ ਸੰਸਾਰ ਦਾ ਵਿਕਾਸ ਹੋ ਸਕਦਾ ਹੈ। ਇਸ ਲਈ ਮਾਤ-ਭਾਸ਼ਾ ਨੂੰ ਜੀਵਤ ਰੱਖਣਾ ਬਹੁਤ ਜ਼ਰੂਰੀ ਹੈ।

ਪੰਜਾਬੀ ਬੋਲੀ ਦੀਆਂ ਉਪ ਬੋਲੀਆਂ, ਬੋਲੀਆਂ ਜਾਣ ਵਾਲੀਆਂ ਇਸ ਪ੍ਰਕਾਰ ਹਨ:- ਮਾਝੀ, ਪੁਆਧੀ, ਪੋਠੋਹਾਰੀ, ਮਲਵਈ, ਦੁਆਬੀ, ਮੁਲਤਾਨੀ ਤੇ ਡੋਗਰੀ।

**ਮਾਝੀ ਬੋਲੀ**:- ਅੰਮ੍ਰਿਤਸਰ, ਤਰਨ-ਤਾਰਨ, ਗੁਰਦਾਸਪੁਰ, ਪਠਾਨਕੋਟ, ਪਾਕਿਸਤਾਨ ਵਿਚ ਲਾਹੌਰ, ਸਿਆਲਕੋਟ ਆਦਿ ਖੇਤਰਾਂ ’ਚ ਬੋਲੀ ਜਾਂਦੀ ਹੈ।

**ਪੁਆਧੀ**:- ਰੂਪ ਨਗਰ, ਸਾਹਿਬਜ਼ਾਦਾ ਅਜੀਤ ਸਿੰਘ ਨਗਰ, ਪਟਿਆਲਾ ਦਾ ਪੂਰਬੀ ਹਿੱਸਾ, ਸੰਗਰੂਰ ਦੇ ਮਾਲੇਰਕੋਟਲੇ ਵੱਲ ਦਾ ਇਲਾਕਾ ਪੁਆਧੀ ਬੋਲੀ ਬੋਲਦਾ ਹੈ।

**ਪੋਠੋਹਾਰੀ ਬੋਲੀ**:- ਪਾਕਿਸਤਾਨ ਦੇ ਜਿਹਲਮ, ਰਾਵਲਪਿੰਡੀ ਤੇ ਕੈਮਲਪੁਰ ਵਿਚ ਬੋਲੀ ਜਾਂਦੀ ਹੈ।

**ਮਲਵਈ ਬੋਲੀ**:- ਲੁਧਿਆਣਾ, ਮੁਕਤਸਰ, ਫਰੀਦਕੋਟ, ਫਾਜ਼ਿਲਕਾ, ਮੋਗਾ, ਬਠਿੰਡਾ, ਮਾਨਸਾ, ਬਰਨਾਲਾ, ਫਿਰੋਜ਼ਪੁਰ, ਸੰਗਰੂਰ, ਫਤਿਹਗੜ੍ਹ ਸਾਹਿਬ ਤੇ ਸਿਰਸਾ (ਹਰਿਆਣਾ) ਵਿਚ ਬੋਲੀ ਜਾਂਦੀ ਹੈ।

**ਦੁਆਬੀ ਬੋਲੀ**:- ਜਲੰਧਰ, ਕਪੂਰਥਲਾ, ਹੁਸ਼ਿਆਰਪੁਰ ਤੇ ਸ਼ਹੀਦ ਭਗਤ ਸਿੰਘ ਨਗਰ ਦੇ ਖੇਤਰਾਂ ਵਿਚ ਬੋਲੀ ਜਾਂਦੀ ਹੈ।

**ਮੁਲਤਾਨੀ ਬੋਲੀ**:- ਬਹਾਵਲਪੁਰ, ਮੁਲਤਾਨ, ਝੰਗ, ਤੇ ਡੇਰਾ ਗਾਜ਼ੀ ਖਾਂ ਮੁਲਤਾਨੀ ਬੋਲੀ ਬੋਲਦਾ ਹੈ।

**ਡੋਗਰੀ ਬੋਲੀ**:- ਜੰਮੂ (ਜੰਮੂ ਅਤੇ ਕਸ਼ਮੀਰ) ਕਾਂਗੜਾ (ਹਿਮਾਚਲ ਪ੍ਰਦੇਸ਼) ਆਦਿ ਅਲੱਗ-ਅਲੱਗ ਖੇਤਰਾਂ ਵਿਚ ਬੋਲੀਆਂ ਜਾਣ ਵਾਲੀਆਂ ਉਪ-ਬੋਲੀਆਂ ਹਨ।

ਪੰਜਾਬੀ ਮਾਂ ਬੋਲੀ, ਸਦੀਓਂ ਪੁਰਾਣੀ, ਮਾਖਿਓਂ ਮਿੱਠੀ, ਪੰਜਾਬੀਆਂ ਦੀ ਰਾਣੀ ਮਾਂ ਅਖਵਾਉਣ ਵਾਲੀ ਦੇ ਗੁਰੂ ਸਾਹਿਬਾਨ, ਸੂਰਮੇ, ਯੋਧੇ, ਸਿਆਸਤਦਾਨ, ਵਿਗਿਆਨੀ, ਲੇਖਕ, ਸਾਹਿਤਕਾਰ, ਇਤਿਹਾਸਕਾਰ, ਕਲਾਕਾਰ, ਨਾਮਵਰ ਸ਼ਖ਼ਸੀਅਤਾਂ ਨੇ ਆਪਣੀ ਮਾਤ-ਭਾਸ਼ਾ ਪੰਜਾਬੀ ਦਾ ਨਾਂਅ ਉੱਚਾ ਕੀਤਾ, ਮਾਣ ਵਧਾਇਆ। ਪੰਜਾਬੀਆਂ ਦੇ ਦਾਦੇ-ਪੜਦਾਦੇ, ਲਕੜਦਾਦੇ ਸਭ ਨੇ ਇਸ ਦੀ ਬੁੱਕਲ ਦਾ ਨਿੱਘ ਮਾਣਿਆ, ਪਰ ਇਹ ਕੋਈ ਬਹੁਤੀ ਹੈਰਾਨੀ ਵਾਲੀ ਗੱਲ ਵੀ ਨਹੀਂ ਹੈ, ਕਣਕ ਵਿਚ ਵੀ ਕਾਂ-ਅੰਗਿਆਰੀ ਉੱਗ ਪੈਂਦੀ ਹੈ, ਇਸ ਤਰ੍ਹਾਂ ਸਾਡੀ ਨਵੀਂ ਪਨੀਰੀ ਪਤਾ ਨਹੀਂ ਕਿਉਂ ਆਪਣੀ ਮਾਂ ਬੋਲੀ ਤੋਂ ਦੂਰ ਹੁੰਦੀ ਜਾ ਰਹੀ ਹੈ। ਕਿਸ ਚੰਦਰੀ-ਬੁਲਾ ਦੀ ਨਜ਼ਰ ਇਸ ਮਾਂ ਬੋਲੀ ਪੰਜਾਬੀ ਦੇ ਅਤਿ ਸੁੰਦਰ ਬਗ਼ੀਚੇ ਨੂੰ ਲੱਗ ਗਈ ਹੈ। ਸਾਡੀ ਮਾਂ ਬੋਲੀ ਪੰਜਾਬੀ ਆਪਣੇ ਸਪੁੱਤਰਾਂ ਦੇ ਅਜਿਹੇ ਕਾਰਨਾਮੇ ਵੇਖ ਕੇ ਰੋਂਦੀ ਦਾ ਸਾਹ ਵਾਪਸ ਨਹੀਂ ਮੁੜਦਾ। ਜਨਮ ਦੇਣ ਵਾਲੀ ਮਾਂ ਕਦੇ ਆਪਣੀ ਕੁੱਖੋਂ ਜੰਮੇ ਸਪੁੱਤਰਾਂ ਨੂੰ ਆਪਣੇ ਮੂੰਹੋਂ ਮਾੜਾ ਨਹੀਂ ਆਖ ਸਕਦੀ, ਪਰ ਉਨ੍ਹਾਂ ਦੇ ਕਾਰਨਾਮੇ ਵੇਖ ਅੰਦਰ ਵੜ-ਵੜ ਦੁਹੱਤੜੀ ਰੋਂਦੀ ਝੱਲੀ ਵੀ ਨਹੀਂ ਜਾਂਦੀ, ਆਪਣੀ ਘਟਦੀ ਉਮਰ ਵੇਖ ਕੇ ! ਜਿਹੜੀ ਮਾਂ ਆਪਣਾ ਘਰ-ਬਾਰ ਸਾਂਭ-ਸੰਭਾਲ ਕੇ ਰੱਖਦੀ ਹੋਵੇ, ਜੋ ਹਰ ਪਲ ਆਪਣੀ ਕੁੱਖੋਂ ਜੰਮੇ ਬੱਚਿਆਂ ਦੇ ਭਵਿੱਖ ਬਾਰੇ ਉਨ੍ਹਾਂ ਦੀ ਤਰੱਕੀ ਦੀਆਂ ਸੁੱਖਾਂ-ਸੁੱਖਦੀ ਹੋਵੇ। ਆਪਣੇ ਘਰ-ਬਾਰ ਤੋਂ ਲੈ ਕੇ ਨਗਰ ਖੇੜਾ, ਜ਼ਿਲ੍ਹਾ, ਸੂਬਾ, ਦੇਸ਼, ਵਿਦੇਸ਼ ਪੂਰੀ ਆਪਣੀ ਕੌਮ ਦਾ ਬੋਝ ਆਪਣੇ ਮੋਢਿਆਂ ’ਤੇ ਚੁੱਕਦੀ ਹੋਵੇ। ਜੇ ਉਸ ਦੀ ਕੁੱਖੋਂ ਜਨਮ ਲੈਣ ਵਾਲੇ ਸਪੁੱਤਰ ਮੁੱਖ ਮੋੜ ਜਾਣ ਤਾਂ ਉਸ ਦਾ ਕੀ ਹਾਲ ਹੋਵੇਗਾ ?

ਅੱਜ ਪੰਜਾਬੀ ਮਾਂ ਬੋਲੀ ਵਿਸ਼ਵ ਵਿਚ ਬੋਲੀਆਂ ਜਾਣ ਵਾਲੀਆਂ ਬੋਲੀਆਂ ਵਿੱਚੋਂ 12ਵੇਂ ਸਥਾਨ ’ਤੇ ਹੈ। ਵਿਸ਼ਵ ਦੇ 133 ਮੁਲਕਾਂ ਵਿਚ ਪੰਜਾਬੀ ਬੋਲੀ, ਬੋਲੀ ਜਾਂਦੀ ਹੈ ਅਤੇ ਕੁੱਲ 12 ਕਰੋੜ ਤੋਂ ਵੱਧ ਵਿਸ਼ਵ ਵਿਚ ਪੰਜਾਬੀ ਬੋਲਦੇ ਹਨ। ਪੰਜਾਬੀ ਭਾਸ਼ਾ ਦੁਨੀਆ ਦੀ ਸਭ ਤੋਂ ਸੰਪੂਰਨ ਅਤੇ ਪੁਰਾਣੀ ਭਾਸ਼ਾ ਹੈ। ਪੰਜਾਬੀ ਭਾਸ਼ਾ ਦੇ ਵਿਕਾਸ ਅਤੇ ਵਿਸਥਾਰ ਲਈ ਪੰਜਾਬ ਦਾ ਪਹਿਲਾ ‘ਪੰਜਾਬ ਰਾਜ ਭਾਸ਼ਾ ਐਕਟ’ ਸੰਨ 1960 ਵਿਚ ਬਣਿਆ। ਐਕਟ ਦੀ ਧਾਰਾ 3 ਰਾਹੀਂ ਪੰਜਾਬ ਵਿਚ ਹੋਣ ਵਾਲੇ ਸਾਰੇ ਦਫ਼ਤਰੀ ਕੰਮ-ਕਾਜ 2 ਅਕਤੂਬਰ, 1960 ਤੋਂ ਪੰਜਾਬੀ ਵਿਚ ਕੀਤੇ ਜਾਣ ਦੀ ਹਦਾਇਤ ਦਿੱਤੀ ਗਈ ਅਤੇ ਇਸ ਵਿਚ ਕਈ ਵਾਰ ਸੋਧਾਂ ਵੀ ਹੋਈਆਂ । ਪੰਜਾਬ ਰਾਜ ਭਾਸ਼ਾ (ਸੋਧ) ਐਕਟ, 2008 ਰਾਹੀਂ 1967 ਦੇ ਕਾਨੂੰਨ ਵਿਚ ਵੱਡੀਆਂ ਸੋਧਾਂ ਕੀਤੀਆਂ ਗਈਆਂ।

ਆਪਣੀ ਮਾਤ-ਭਾਸ਼ਾ ਰਾਹੀਂ ਹਰ ਇਨਸਾਨ ਨੂੰ ਆਪਣੀ ਪਛਾਣ ਬਣਾਉਣਾ ਆਪਣੀ ਕਲਾ ਨੂੰ ਨਿਖੇਰਨ ਦਾ ਇੱਕ ਵਧੀਆ ਵਸੀਲਾ ਹੈ। ਇਕ ਵਾਰ ਰਬਿੰਦਰ ਨਾਥ ਟੈਗੋਰ ਨੂੰ ਉਨ੍ਹਾਂ ਦੀ ਝੋਲੀ ਪਏ ਨੋਬਲ ਪੁਰਸਕਾਰ ਬਾਰੇ ਪੁੱਛਿਆ ਗਿਆ ਕਿ ਕੀ ਕਾਰਨ ਹੈ ਨੋਬਲ ਪੁਰਸਕਾਰ ਆਪ ਨੂੰ ਮਿਲਿਆ ਅਤੇ ਆਲਾਮਾ ਇਕਬਾਲ ਨੂੰ ਨਹੀਂ ? ਜਦੋਂ ਕਿ ਦੋਵੇਂ ਆਪਣੇ ਸਮੇਂ ਦੇ ਸ਼੍ਰੋਮਣੀ ਸਾਹਿਤਕਾਰ ਸਨ ਤਾਂ ਰਬਿੰਦਰ ਨਾਥ ਟੈਗੋਰ ਦਾ ਜਵਾਬ ਸੀ ਕਿ ਮੈਂ ਆਪਣੀ ਮਾਤ-ਭਾਸ਼ਾ ਵਿਚ ਲਿਖਦਾ ਹਾਂ ਅਤੇ ਇਕਬਾਲ ਨਹੀਂ, ਇਵੇਂ ਹੀ ਹਿੰਦੀ ਦੇ ਇਕ ਪ੍ਰਸਿੱਧ ਕਵੀ ਭਾਰਤੇਂਦੂ ਹਰੀਸ਼ਚੰਦਰ ਨੇ ਲਿਖਿਆ ਹੈ ‘ਨਿੱਜ ਭਾਸ਼ਾ ਉੱਨਤੀ ਅਹੈ ਸਭ ਉੱਨਤੀ ਕੋ ਮੂਲ’। ਇਸ ਦਾ ਮਤਬਲ ਆਪਣੀ ਭਾਸ਼ਾ ਵਿਚ ਹੀ ਮਨੁੱਖ ਵੱਧ ਤਰੱਕੀ ਕਰ ਸਕਦਾ ਹੈ।

ਸਾਡੇ ਪੰਜਾਬੀ ਭੈਣਾਂ ਅਤੇ ਵੀਰ, ਜਿਸ ਵੀ ਮੁਲਕ ਦੇ ਵਸਨੀਕ ਬਣੇ, ਉੱਥੇ ਹੀ ਮਾਂ ਬੋਲੀ ਪੰਜਾਬੀ ਨੂੰ ਘੱਟ-ਗਿਣਤੀ ਦਾ ਦਰਜਾ ਦਿਵਾਇਆ। ਇੰਗਲੈਂਡ, ਜਰਮਨ, ਆਸਟਰੇਲੀਆ, ਅਮਰੀਕਾ ਮਹਾਂਦੀਪ, ਇਟਲੀ, ਨਿਊਜ਼ੀਲੈਂਡ, ਯੂਰਪ ਅਤੇ ਅਰਬ ਦੇਸ਼ਾਂ ਵਿਚ ਜਿੱਥੇ ਪੰਜਾਬੀ ਗਏ, ਉਥੇ ਹੀ ਮਾਂ ਬੋਲੀ ਪੰਜਾਬੀ ਦਾ ਝੰਡਾ ਗੱਡਿਆ। ਕੈਨੇਡਾ ਦੀ 2011 ਦੀ ਮਰਦਮਸ਼ੁਮਾਰੀ ਨੇ ਨਤੀਜਾ ਦੇ ਦਿੱਤਾ ਕਿ ਕੈਨੇਡਾ ਵਿਚ ਪੰਜਾਬੀ ਮਾਂ ਬੋਲੀ ਤੀਜੇ ਨੰਬਰ ’ਤੇ ਬੋਲੀ ਜਾਣ ਵਾਲੀ ਭਾਸ਼ਾ ਬਣ ਗਈ ਹੈ। ਜੇਕਰ ਪੰਜਾਬੀ ਮਾਂ ਬੋਲੀ ਦੀ ਪਿੱਛੇ ਤੋਂ ਖੋਜ ਕਰਨੀ ਹੋਵੇ ਤਾਂ ਪਿਛਲੇਰੇ ਸਮੇਂ ’ਤੇ ਝਾਤ ਮਾਰਨੀ ਹੋਵੇਗੀ, ਮੁਗ਼ਲਕਾਲ ਸਮੇਂ ਸੁਲਤਾਨ ਬਾਹੂ, ਹੁਸੈਨ, ਬੁੱਲ੍ਹੇ ਸ਼ਾਹ ਵਰਗੀਆਂ ਮਹਾਨ ਸ਼ਖ਼ਸੀਅਤਾਂ ਦਾ ਜਨਮ ਹੋਇਆ, ਜਿਨ੍ਹਾਂ ਦੀ ਕਲਮ ਨੇ ਆਪਣੇ ਸਾਹਿਤ ਨੂੰ ਪੰਜਾਬੀ ਭਾਸ਼ਾ ਦੀ ਮਾਲਾ ਵਿਚ ਪਰੋਇਆ। ਸੰਨ 1469 ਈ: ਵਿਚ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਵਤਾਰ ਧਾਰਿਆ, ਉਨ੍ਹਾਂ ਲੋਕ-ਭਾਸ਼ਾ ਪੰਜਾਬੀ ਨੂੰ ਆਪਣੇ ਸੰਚਾਰ ਦਾ ਸਾਧਨ ਬਣਾ, ਰੂਹਾਨੀ ਭਾਸ਼ਾ ਦਾ ਦਰਜਾ ਦਿੱਤਾ। ਉਸ ਤੋਂ ਵੀ ਪਹਿਲਾਂ ਸੰਨ 1178 ਈ: ਵਿਚ ਬਾਬੇ ਫ਼ਰੀਦ ਜੀ ਦਾ ਜਨਮ ਹੋਇਆ ਮਾਤ-ਭਾਸ਼ਾ, ਪੰਜਾਬੀ ਉਨ੍ਹਾਂ ਦੀ ਮਾਂ ਬੋਲੀ ਪੰਜਾਬੀ ਕਹਿਲਾਈ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ ਰਿਗਵੇਦ ਦੀ ਰਚਨਾ ਪੰਜਾਬ ਦੀ ਧਰਤੀ ’ਤੇ ਹੋਈ ਹੈ ਤੇ ਇਸ ਦੀ ਭਾਸ਼ਾ ਸਾਡੀ ਪੁਰਾਣੀ ਪੰਜਾਬੀ ਹੈ। ਕੁਝ ਵਿਦਵਾਨਾਂ ਦਾ ਮਤ ਹੈ ਕਿ ਪੰਜਾਬੀ ਵੈਦਿਕ ਤੇ ਆਰੀਅਨ ਲੋਕਾਂ ਦੀਆਂ ਜ਼ੁਬਾਨਾਂ ਵਿੱਚੋਂ ਇਕ ਭਾਸ਼ਾ ਹੈ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ‘ਬ੍ਰਹਮੀ ਲਿਪੀ’ ਵਿੱਚੋਂ ਇਸ ਦਾ ਜਨਮ ਹੋਇਆ ਹੈ। ਕੁਝ ਵਿਦਵਾਨਾਂ ਦਾ ਮੱਤ ਹੈ ਕਿ 9ਵੀਂ ਸਦੀ ਵਿਚ ਸਭ ਤੋਂ ਪਹਿਲਾਂ ਨਾਥ-ਜੋਗੀਆਂ ਦੇ ਇਤਿਹਾਸ ਵਿਚ ਇਸ ਭਾਸ਼ਾ ਦੇ ਅੰਸ਼ ਮਿਲਦੇ ਹਨ। ਇਸ ਤਰ੍ਹਾਂ ਕੁਝ ਖੋਜਕਾਰਾਂ ਦਾ ਕਹਿਣਾ ਹੈ ਕਿ ਪੰਜਾਬੀ ਬੋਲੀ ਦਾ ਜਨਮ 1300 ਤੋਂ 1400 ਸਾਲ ਦੇ ਆਸ-ਪਾਸ ਹੈ। ਡਾ: ਜਸਪਾਲ ਸਿੰਘ ਮਿਆਲ (ਅਮਰੀਕਨ ਮਾਹਰ) ਨੇ ਆਪਣੀ ਅੰਗਰੇਜ਼ੀ ’ਚ ਲਿਖੀ ਪੁਸਤਕ ਵਿਚ ‘ਪੰਜਾਬੀ ਇਜ਼ 5500 ਈਅਰਜ਼ ਓਲਡ ਲੈਂਗੂਏਜ’ ਵਿਚ ਸਪੱਸ਼ਟ ਲਿਖਦੇ ਹਨ ਕਿ ਪੰਜਾਬੀ ਭਾਸ਼ਾ 5500 ਸਾਲ ਪੁਰਾਣੀ ਹੈ। ਇਸ ਤਰ੍ਹਾਂ ਵਿਦਵਾਨਾਂ ਦੇ ਅਲੱਗ-ਅਲੱਗ ਵਿਚਾਰ ਹਨ। ਇਸ ਗੱਲ ਤੋਂ ਸਪੱਸ਼ਟ ਹੁੰਦਾ ਹੈ ਕਿ ਪੰਜਾਬੀ ਬੋਲੀ ਦੇ ਜਨਮ ਬਾਰੇ ਜਾਨਣ ਲਈ ਅਜੇ ਹੋਰ ਖੋਜ ਦੀ ਲੋੜ ਹੈ।

ਹਰ ਇਕ ਵਿਅਕਤੀ ਦਾ ਆਪਣੀ ਮਾਂ ਬੋਲੀ, ਜਨਮ ਭੂਮੀ ਨਾਲ ਸਨੇਹ ਹੋਣਾ ਕੁਦਰਤੀ ਹੈ। ਅਸੀਂ ਜਿੰਨੀਆਂ ਮਰਜ਼ੀ ਭਾਸ਼ਾਵਾਂ ਸਿੱਖ ਲਈਏ। ਦੁਨੀਆ ਦੇ ਕਿਸੇ ਦੇਸ਼ ਵਿਚ ਚਲੇ ਜਾਈਏ। ਹਮੇਸ਼ਾ ਸਾਡੀ ਮਾਤ-ਭਾਸ਼ਾ ਤੇ ਜਨਮ ਭੂਮੀ ਸਾਡੇ ਜ਼ਿਹਨ ’ਚ ਰਹੇਗੀ। ਜਿਸ ਨੂੰ ਦਿਮਾਗ਼ ਵਿੱਚੋਂ ਕੱਢਣਾ ਬਹੁਤ ਔਖਾ ਕਾਰਜ ਹੈ। ਬਚਪਨ ਦੀਆਂ ਯਾਦਾਂ ਉਮਰ ਭਰ ਵਿਅਕਤੀ ਦੇ ਨਾਲ ਹੀ ਰਹਿੰਦੀਆਂ ਹਨ। ਅੱਜ-ਕੱਲ੍ਹ ਮਾਪਿਆਂ ਦਾ ਰੁਝਾਨ ਵੀ ਬੱਚਿਆਂ ਨੂੰ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਾਉਣ ਦਾ ਹੈ। ਇਹ ਇਸ ਕਰਕੇ ਹੈ ਕਿ ਅੱਜ-ਕੱਲ੍ਹ ਬੱਚਿਆਂ ਨੂੰ ਵਿਦੇਸ਼ ਭੇਜਣ ਦਾ ਵੱਡਾ ਕਾਰਨ ਹੈ। ਇਸ ਕਰਕੇ ਆਪਣੇ ਵਿਰਸੇ ਨਾਲੋਂ ਆਪਣੇ ਬੱਚਿਆਂ ਨੂੰ ਅਲੱਗ ਕਰਨ ਵਿਚ ਮਾਪੇ ਵੀ ਬਰਾਬਰ ਦੇ ਦੋਸ਼ੀ ਹਨ। ਆਪਣੀਆਂ ਜੜ੍ਹਾਂ ’ਤੇ ਆਪ ਪੰਜਾਬੀਆਂ ਨੇ ਕੁਹਾੜਾ ਰੱਖਿਆ ਹੈ, ਜੋ ਅੱਗੇ ਜਾ ਕੇ ਇਕ ਨਾ ਇਕ ਦਿਨ ਨੁਕਸਾਨਦਾਇਕ ਹੋਵੇਗਾ, ਜਦੋਂ ਕਿ ਸਿਵਾਏ ਪਛਤਾਵੇ ਦੇ ਪੱਲੇ ਕੁਝ ਨਹੀਂ ਰਹੇਗਾ। ਤੁਹਾਡਾ ਨਾ ਤਾਂ ਵਿਦੇਸ਼ ਵਾਲਾ ਦੇਸ਼ ਹੋਵੇਗਾ, ਨਾ ਹੀ ਤੁਹਾਡਾ ਆਪਣਾ ਪੰਜਾਬ ਰਹੇਗਾ। ਇਹ ਪੰਜਾਬ ਤਾਂ ‘ਹਮਾਰਾ ਪੰਜਾਬ’ ਬਣ ਜਾਵੇਗਾ! ਨਾ ਘਰ ਦੇ ਰਹਾਂਗੇ ਨਾ ਘਾਟ ਦੇ । ਪੰਜਾਬ ਵੀ ਖੁੱਸੇਗਾ, ਵਿਰਸਾ ਵੀ ਖੁੱਸੇਗਾ ਤੇ ਸਭਿਅਤਾ ਵੀ ਨਹੀਂ ਥਿਆਉਣੀ ਜੇ ਅਜੇ ਨਾ ਚੁਕੰਨੇ ਹੋਏ। ਭਾਰਤ ਦੇ ਕਈ ਸੂਬਿਆਂ ਦੇ ਲੋਕ ਆਪਣੀ ਮਾਤ-ਭਾਸ਼ਾ ਵਿਚ ਗੱਲ ਕਰਕੇ ਫ਼ਖ਼ਰ ਮਹਿਸੂਸ ਕਰਦੇ ਹਨ, ਪਰ ਪੰਜਾਬੀ ਪਤਾ ਨਹੀਂ ਕਿਉਂ ਮਾਤ-ਭਾਸ਼ਾ ਵਿਚ ਗੱਲ ਕਰਨ ਤੋਂ ਕੰਨੀ ਕਤਰਾਉਂਦੇ ਹਨ, ਸ਼ਰਮ ਮਹਿਸੂਸ ਕਰਦੇ ਹਨ। ਪੰਜਾਬੀ ਭਾਸ਼ਾ ਉੱਪਰ ਹਿੰਦੀ ਭਾਸ਼ਾ ਨੇ ਆਪਣਾ ਪ੍ਰਭਾਵ ਬਹੁਤ ਛੱਡਿਆ ਹੈ, ਅੰਗਰੇਜ਼ੀ ਭਾਸ਼ਾ ਨੇ ਹਿੰਦੀ ਭਾਸ਼ਾ ਤੋਂ ਵੀ ਵੱਧ। ਸਿਆਣੇ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਕਿਸੇ ਕੌਮ ਨੂੰ ਖਤਮ ਕਰਨਾ ਹੋਵੇ ਤਾਂ ਉਸ ਦੀ ਬੋਲੀ ’ਤੇ ਹਮਲਾ ਕਰਨਾ ਪਹਿਲਾਂ ਅਤਿ ਜ਼ਰੂਰੀ ਹੈ। ਮਾਂ-ਬੋਲੀ ਖੁੱਸਣ ਨਾਲ ਲੋਕ ਗੁਲਾਮ ਬਣਦੇ ਹਨ। ਗੁਲਾਮ ਦੇ ਹੱਥ-ਵੱਸ ਕੁੱਝ ਨਹੀਂ ਰਹਿੰਦਾ, ਗੁਲਾਮੀ ਦੀਆਂ ਜ਼ੰਜੀਰਾਂ ਵੱਢਣ ਲਈ ਸਦੀਆਂ ਲੱਗਦੀਆਂ ਹਨ। ਪੰਜਾਬੀਓ ਜਾਗੋ ਅਜੇ ਮੌਕਾ ਹੈ। ਉਸ ਨੂੰ ਭੁੱਲਿਆ ਨਹੀਂ ਕਹਿੰਦੇ ਜੋ ਮੁੜ ਕੇ ਘਰ ਆ ਜਾਵੇ।

ਭਾਵੇਂ ਚਾਰੇ ਪਾਸਿਓਂ ਮਾਂ ਬੋਲੀ ’ਤੇ ਅੱਜ ਧਾਵਾ ਬੋਲਿਆ ਜਾ ਰਿਹਾ ਹੈ, ਪਰ ਐਡੀ ਵੀ ਚਿੰਤਾ ਵਾਲੀ ਗੱਲ ਨਹੀਂ ਕਿ ਮਾਂ ਬੋਲੀ ਪੰਜਾਬੀ ਖ਼ਤਮ ਹੋ ਜਾਵੇਗੀ। ਅੱਜ ਇਸ ਮਾਂ ਬੋਲੀ ਪੰਜਾਬੀ ਦੇ ਵਾਰਸ ਜਾਗ ਪਏ ਹਨ। ਪ੍ਰਚਾਰਕ, ਬੁਲਾਰੇ, ਲੇਖਕ, ਸਾਹਿਤਕਾਰ, ਇਤਿਹਾਸਕਾਰ, ਕਵੀ, ਉਪਦੇਸ਼ਕ, ਕਲਾਕਾਰ ਮਾਂ ਬੋਲੀ ਪੰਜਾਬੀ ਲਈ ਦਿਨ-ਰਾਤ ਇਕ ਕਰ ਰਹੇ ਹਨ। ਹੁਣ ਸਰਕਾਰ ਵੀ ਪੂਰਾ ਸਾਥ ਦੇ ਰਹੀ ਹੈ। ਮਾਂ ਬੋਲੀ ਦੇ ਵਿਕਾਸ ਤੇ ਵਿਸਥਾਰ ਲਈ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਵੱਲੋਂ ਸਰਕਾਰ ਦੇ ਸਹਿਯੋਗ ਨਾਲ ਨਵੰਬਰ ਮਹੀਨਾ ਮਨਾਇਆ ਜਾਂਦਾ ਹੈ। ਇਸੇ ਤਰ੍ਹਾਂ 21 ਫਰਵਰੀ ਦਾ ਦਿਨ ਕੌਮਾਂਤਰੀ ‘ਮਾਂ ਬੋਲੀ ਦਿਵਸ’ ਵਜੋਂ ਮਨਾਇਆ ਜਾਂਦਾ ਹੈ।

ਐਤਕੀਂ ਵਾਰ ਤਾਂ 21 ਫਰਵਰੀ ਕੌਮਾਂਤਰੀ ‘ਮਾਂ ਬੋਲੀ ਦਿਵਸ’ ਮਨਾਉਣ ਲਈ ਮੁੱਖ ਮੰਤਰੀ ਭਗਵੰਤ ਮਾਨ ਵੀ ਬਹੁਤ ਉਤਸ਼ਾਹ ਵਿਚ ਨਜ਼ਰ ਆ ਰਹੇ ਹਨ, ਪਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਪੰਜਾਬੀ ਲਾਗੂ ਕਰਵਾਉਣ ਲਈ ‘ਲਛਮਣ ਸਿੰਘ ਗਿੱਲ’ ਬਣਨਾ ਪਵੇਗਾ। ਇਸ ਵਾਰ ਵਿਦਿਅਕ ਅਦਾਰੇ, ਸਕੂਲ, ਕਾਲਜ, ਯੂਨੀਵਰਸਿਟੀਆਂ, ਵਿਦਵਾਨ ਲੇਖਕ, ਕਲਾਕਾਰ ਸਭ ਉਤਸ਼ਾਹ ਨਾਲ ਮਨਾਉਣ ਦੇ ਹੱਕ ਵਿਚ ਨਜ਼ਰ ਆ ਰਹੇ ਹਨ, ਜੋ ਇਕ ਸ਼ਲਾਘਾਯੋਗ ਉਪਰਾਲਾ ਹੈ। ਸਾਡਾ ਸਾਰੇ ਪੰਜਾਬੀਆਂ ਦਾ ਫਰਜ਼ ਵੀ ਹੈ ਕਿ ਆਓ ਸਾਰੇ ਰਲ-ਮਿਲ ਕੇ ਪੰਜਾਬੀ ਮਾਂ-ਬੋਲੀ ਦੀ ਪਛਾਣ ਨੂੰ ਤੇ ਅਵਾਜ਼ ਨੂੰ ਦੁਨੀਆ ਦੇ ਕੋਨੇ-ਕੋਨੇ ਤੱਕ ਪ੍ਰਚਾਰੀਏ।

**# ਸੰਪਰਕ : 98786-06963**

# ’84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਰੋਸ ਮੁਜ਼ਾਹਰੇ


ਮੋਗਾ


ਸ੍ਰੀ ਮੁਕਤਸਰ ਸਾਹਿਬ


ਲੌਂਗੋਵਾਲ


ਪਾਤੜਾਂ

**ਮੋਗਾ (ਅਮਰਜੀਤ ਬੱਬਰੀ)**

ਕਿਰਤੀ ਕਿਸਾਨ ਯੂਨੀਅਨ ਦੇ ਸੱਦੇ ’ਤੇ ਭਰਾਤਰੀ ਜਥੇਬੰਦੀਆਂ ਪੇਂਡੂ ਮਜ਼ਦੂਰ ਯੂਨੀਅਨ, ਨੌਜਵਾਨ ਭਾਰਤ ਸਭਾ ਤੇ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਮਿਲ ਕੇ 3 ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਦੋਸ਼ੀਆਂ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਸਮੇਤ ਸਾਰੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਦੇਣ, ਜੇਲ੍ਹਾਂ ’ਚ ਬੰਦ ਸਿੱਖ ਕੈਦੀਆਂ ਬੁੱਧੀਜੀਵੀਆਂ, ਲੇਖਕਾਂ, ਪੱਤਰਕਾਰਾਂ ਨੂੰ ਰਿਹਾਅ ਕਰਾਉਣ ਲਈ ਮੋਗਾ ਸ਼ਹਿਰ ’ਚ ਰੋਸ ਰੈਲੀ ਕਰਨ ਉਪਰੰਤ ਰੋਸ ਮੁਜ਼ਾਹਰਾ ਕੀਤਾ ਗਿਆ।ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਚਮਕੌਰ ਸਿੰਘ ਰੋਡੇ, ਜ਼ਿਲ੍ਹਾ ਪ੍ਰਧਾਨ ਪ੍ਰਗਟ ਸਿੰਘ ਸਾਫੂਵਾਲਾ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਮੰਗਾ ਸਿੰਘ ਵੈਰੋਕੇ ਨੇ ਸੰਬੋਧਨ ਕਰਦਿਆਂ ਕਿਹਾ ਕਿ 3 ਨਵੰਬਰ 1984 ਨੂੰ ਜੋ ਕੁਝ ਦਿੱਲੀ ਤੇ ਸਿੱਖ ਆਬਾਦੀ ਵਾਲੇ ਆਸ-ਪਾਸ ਇਲਾਕੇ ’ਚ ਵਾਪਰਿਆ, ਉਹ ਕੋਈ ਦੰਗੇ ਨਹੀਂ ਬਲਕਿ ਮਿੱਥ ਕੇ ਕਾਂਗਰਸ ਪਾਰਟੀ ਵੱਲੋਂ ਕੀਤੀ ਗਈ ਸਿੱਖ ਨਸਲਕੁਸ਼ੀ ਸੀ, ਜਿਸ ਦੇ ਦੋਸ਼ੀ ਸੱਜਣ ਕੁਮਾਰ, ਜਗਦੀਸ਼ ਟਾਈਟਲਰ ਵਰਗਿਆਂ ਨੇ ਖੁਦ ਫਿਰਕੂ ਭੀੜ ਦੀ ਅਗਵਾਈ ਕੀਤੀ, ਭੀੜ ਨੂੰ ਹਥਿਆਰ ਦੇ ਉਕਸਾ ਕੇ ਸਿੱਖਾਂ ਦਾ ਕਤਲ ਕਰਵਾਇਆ ਗਿਆ। ਖੁਦ ਸਰਕਾਰ ਦੀਆਂ ਰਿਪੋਰਟਾਂ ਵਿੱਚ ਇਸ ਗੱਲ ਦਾ ਨਿਰਣਾ ਹੋ ਚੁੱਕਾ ਹੈ, ਪਰ ਘੱਟ ਗਿਣਤੀਆਂ ਵਿਰੋਧੀ ਭਾਰਤੀ ਨਿਜ਼ਾਮ ਨੇ ਪਹਿਲਾਂ ਖੁਦ ਸਿੱਖ ਮਾਰੇ ਤੇ ਅੱਜ 40 ਸਾਲ ਬੀਤ ਜਾਣ ’ਤੇ ਵੀ ਅਦਾਲਤਾਂ ਕੋਲ ਇਨਸਾਫ ਲਈ ਦਰ ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹਨ।ਇਸ ਮੌਕੇ ਨੌਜਵਾਨ ਭਾਰਤ ਸਭਾ ਦੇ ਸੂਬਾ ਮੀਤ ਪ੍ਰਧਾਨ ਕਰਮਜੀਤ ਮਾਣੂੰਕੇ, ਪੰਜਾਬ ਸਟੂਡੈਂਟਸ ਯੂਨੀਅਨ ਦੇ ਜ਼ਿਲ੍ਹਾ ਆਗੂ ਹਰਪ੍ਰੀਤ ਸਿੰਘ ਨੇ ਕਿਹਾ ਕਿ 1984 ਤੋਂ ਬਾਅਦ ਗੁਜਰਾਤ ’ਚ ਮੁਜ਼ੱਫਰਨਗਰ ’ਚ ਮੁਸਲਮਾਨਾਂ ਦਾ ਕਤਲੇਆਮ ਤੇ ਅੱਜ ਵੀ ਮੋਦੀ ਸਰਕਾਰ ਫਿਰਕੂ ਫਾਸ਼ੀਵਾਦ ਦੇ ਰਾਹ ਚੱਲਦਿਆਂ ਘੱਟ ਗਿਣਤੀਆਂ ਦਾ ਘਾਣ ਕਰ ਰਹੀ ਹੈ।ਲੇਖਕਾਂ, ਬੁੱਧੀਜੀਵੀਆਂ ਦੀ ਜ਼ੁਬਾਨਬੰਦੀ ਕਰ ਰਹੀ ਹੈ।ਉਕਤ ਤੋਂ ਇਲਾਵਾ ਔਰਤ ਵਿੰਗ ਕਿਰਤੀ ਕਿਸਾਨ ਯੂਨੀਅਨ ਦੇ ਆਗੂ ਛਿੰਦਰਪਾਲ ਕੌਰ ਰੋਡੇ, ਜਗਵਿੰਦਰ ਕੌਰ, ਜਸਵੀਰ ਕੌਰ ਰਾਜਿਆਣਾ, ਕੁਲਜੀਤ ਸਿੰਘ ਭੋਲਾ, ਮੁਖਤਿਆਰ ਸਿੰਘ ਕਾਹਨ ਸਿੰਘਵਾਲਾ, ਕੁਲਦੀਪ ਸਿੰਘ ਖੁਖਰਾਣਾ, ਮੋਹਨ ਸਿੰਘ ਡਾਲਾ, ਚਮਕੌਰ ਸਿੰਘ ਢੁੱਡੀਕੇ ਆਦਿ ਨੇ ਵੀ ਸੰਬੋਧਨ ਕੀਤਾ।

**ਮੁਕਤਸਰ (ਸ਼ਮਿੰਦਰਪਾਲ, ਪੂਜਾ)** : ਕਿਰਤੀ ਕਿਸਾਨ ਯੂਨੀਅਨ, ਨੌਜਵਾਨ ਭਾਰਤ ਸਭਾ, ਪੇਂਡੂ ਮਜ਼ਦੂਰ ਯੂਨੀਅਨ ਤੇ ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਮੁਕਤਸਰ ਦੇ ਮੁਕਤ-ਏ-ਮੀਨਾਰ ਵਿਖੇ ਇਕੱਠ ਕਰਕੇ ਡੀ ਸੀ ਦਫਤਰ ਮੁਕਤਸਰ ਤੱਕ ਰੋਸ ਮਾਰਚ ਕੀਤਾ ਗਿਆ। ਇਸ ਦੌਰਾਨ ਸੰਬੋਧਨ ਕਰਦੇ ਹੋਏ ਕਿਰਤੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਜਸਵਿੰਦਰ ਸਿੰਘ ਝਬੇਲਵਾਲੀ, ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਆਗੂ ਲਖਵੰਤ ਕਿਰਤੀ, ਨੌਜਵਾਨ ਭਾਰਤ ਸਭਾ ਦੇ ਜਨਰਲ ਸਕੱਤਰ ਮੰਗਾ ਸਿੰਘ ਅਜ਼ਾਦ ਤੇ ਪੀ ਐੱਸ ਯੂ ਦੇ ਜ਼ਿਲ੍ਹਾ ਆਗੂ ਸੁਖਪ੍ਰੀਤ ਕੌਰ ਨੇ ਕਿਹਾ ਕਿ 1984 ਦੀ ਸਿੱਖ ਨਸਲਕੁਸ਼ੀ ਦੇ ਕਰੀਬ ਚਾਰ ਦਹਾਕੇ ਬੀਤ ਜਾਣ ਤੇ ਵੀ ਇਨਸਾਫ਼ ਨਹੀਂ ਮਿਲਿਆ। ਪੀੜਤ ਪਰਿਵਾਰ ਦਹਾਕਿਆ ਤੋਂ ਅਦਾਲਤਾਂ ’ਚ ਚੱਕਰ ਕੱਟ ਰਹੇ ਨੇ, ਕਈ ਸਰਕਾਰਾਂ ਬਦਲ ਗਈਆਂ ਪਰ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਮਿਲੀਆਂ। ਆਗੂਆਂ ਨੇ ਕਿਹਾ ਕਿ ਹੁਣ ਆਰ ਐੱਸ ਐੱਸ ਪੂਰੇ ਮੁਲਕ ’ਚ ਹਿੰਦੂ ਰਾਸ਼ਟਰ ਬਣਾਉਣ ਦੀ ਨੀਤੀ ’ਤੇ ਚੱਲਦਿਆਂ ਮੁਲਕ ਭਰ ’ਚੋਂ ਘੱਟ ਗਿਣਤੀਆਂ, ਦਲਿਤਾਂ ਤੇ ਆਰ ਐੱਸ ਐੱਸ ਦੇ ਵਿਚਾਰਾਂ ਦਾ ਵਿਰੋਧ ਕਰਨ ਵਾਲੇ ਕਮਿਊਨਿਸਟਾਂ, ਅੰਬੇਡਕਰਵਾਦੀਆਂ, ਲੇਖਕਾਂ, ਪੱਤਰਕਾਰਾਂ, ਬੁੱਧੀਜੀਵੀਆਂ ਨੂੰ ਜੇਲ੍ਹਾਂ ’ਚ ਸੜਨ ਲਈ ਮਜਬੂਰ ਕਰ ਰਹੀ ਹੈ। ਜਥੇਦਾਰ ਹਰਪ੍ਰੀਤ ਸਿੰਘ ਝਬੇਲਵਾਲੀ, ਬਲਜੀਤ ਸਿੰਘ ਫੌਜੀ, ਬਲਵਿੰਦਰ ਸਿੰਘ ਥਾਂਦੇਵਾਲਾ, ਹਰਜਿੰਦਰ ਸਿੰਘ ਖੋਖਰ, ਮੰਗਲ ਸਿੰਘ ਖੋਖਰ, ਪਰਦੀਪ ਕੌਰ, ਨੌਨਿਹਾਲ ਸਿੰਘ ਥਾਂਦੇਵਾਲਾ, ਮਮਤਾ ਮੁਕਤਸਰ, ਜਸਵੀਰ ਸਿੰਘ ਕਾਲਾ, ਜਗਦੀਪ ਕੌਰ ਆਦਿ ਨੇ ਵੀ ਸੰਬੋਧਨ ਕੀਤਾ।

**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ/ਕੁਲਦੀਪ ਅੱਤਰੀ)** : ਕਿਰਤੀ ਕਿਸਾਨ ਯੂਨੀਅਨ ਵੱਲੋਂ ਦਿੱਤੇ ਸੂਬਾ ਪੱਧਰੀ ਸੱਦੇ ਤਹਿਤ ਪਿੰਡ ਢੱਡਰੀਆਂ ਤੇ ਲੌਂਗੋਵਾਲ ਵਿਖੇ ਕੇਂਦਰ ਸਰਕਾਰ ਦਾ ਪੁਤਲਾ ਫੂਕ ਕੇ ਦਿੱਲੀ ਵਿਖੇ ਹੋਏ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੇਣ ਤੇ ਪੀੜਤਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ ਗਈ। ਇਸ ਮੌਕੇ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਸੂਬਾ ਕਨਵੀਨਰ ਭੁਪਿੰਦਰ ਸਿੰਘ ਲੌਂਗੋਵਾਲ, ਜ਼ਿਲ੍ਹਾ ਮੀਤ ਪ੍ਰਧਾਨ ਭਜਨ ਸਿੰਘ ਢੱਡਰੀਆਂ ਤੇ ਬਲਾਕ ਪ੍ਰਧਾਨ ਕਰਮਜੀਤ ਸਿੰਘ ਸਤੀਪੁਰਾ ਨੇ ਸੰਬੋਧਨ ਕੀਤਾ। ਬੱਸ ਸਟੈਂਡ ਢੱਡਰੀਆਂ ਤੇ ਬੱਸ ਸਟੈਂਡ ਲੌਂਗੋਵਾਲ ਵਿਖੇ ਕਿਸਾਨ ਕਾਰਕੁਨਾਂ ਨੇ ਇਕੱਠੇ ਹੋ ਕੇ ਕੇਂਦਰ ਸਰਕਾਰ ਦਾ ਪੁਤਲਾ ਫੂਕ ਕੇ ਦੋਸ਼ੀਆਂ ਨੂੰ ਸਜ਼ਾਵਾਂ ਤੇ ਪੀੜਤਾਂ ਨੂੰ ਇਨਸਾਫ ਦੇਣ ਦੀ ਮੰਗ ਕੀਤੀ। ਇਸ ਮੌਕੇ ਜ਼ਿਲ੍ਹਾ ਆਗੂ ਅਵਤਾਰ ਸਿੰਘ ਸਾਹੋ ਕੇ, ਹਰਜਿੰਦਰ ਸਿੰਘ ਰੱਤੋ ਕੇ ਸਾਹਿਬ ਸਿੰਘ ਤੇ ਰਵਿੰਦਰ ਸਿੰਘ ਧਕੀਪੁਰ ਭਿੰਦਾ ਸਿੰਘ ਢੱਡਰੀਆਂ, ਭੋਲਾ ਸਿੰਘ ਪਨਾਂਚ, ਦਰਸ਼ਨ ਸਿੰਘ, ਗੁਰਤੇਜ ਸਿੰਘ ਜਥੇਦਾਰ ਸਮੇਤ ਵੱਡੀ ਗਿਣਤੀ ਕਿਸਾਨ ਹਾਜ਼ਰ ਸਨ।

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)** : ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ ਸੂਬਾ ਪੱਧਰੀ ਸੱਦਾ ਤਹਿਤ ਸਰਕਾਰੀ ਕਿਰਤੀ ਕਾਲਜ ਨਿਆਲ ਪਾਤੜਾਂ ਵਿੱਚ 1984 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਤੇ ਪੀੜਤ ਪਰਵਾਰਾਂ ਨੂੰ ਇਨਸਾਫ ਦਿਵਾਉਣ ਲਈ ਰੋਸ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਪੀਐੱਸਯੂ ਦੇ ਸੂਬਾ ਕਮੇਟੀ ਮੈਂਬਰ ਰਵੀ ਰਸੂਲਪੁਰ ਨੇ ਕਿਹਾ ਕਿ 1984 ਦੇ ਕਤਲੇਆਮ ਨੂੰ 39 ਸਾਲ ਬੀਤਣ ਦੇ ਬਾਵਜੂਦ ਭਾਰਤੀ ਨਿਆਂ ਪ੍ਰਣਾਲੀ ਦੋਸ਼ੀਆਂ ਨੂੰ ਸਜ਼ਾ ਦੇਣ ਵਿੱਚ ਅਸਫਲ ਰਹੀ ਹੈ। ਵਿਦਿਆਰਥੀ ਆਗੂ ਗੁਰਦੀਪ ਕਲਵਾਨੂ ਤੇ ਜਤਿੰਦਰ ਕੌਰ ਨੇ ਕਿਹਾ ਤੇ ਮੰਗ ਕੀਤੀ ਕਿ ਸਜ਼ਾਵਾਂ ਪੂਰੀਆਂ ਕਰ ਚੁੱਕੇ ਸਿੱਖ ਸਿਆਸੀ ਕੈਦੀਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਦੇਸ਼ ਵਿੱਚ ਘੱਟ ਗਿਣਤੀਆਂ ਪ੍ਰਤੀ ਬੀਜੇਪੀ ਦੇ ਫਾਸ਼ੀਵਾਦੀ ਏਜੰਡੇ ਤਹਿਤ ਲਗਾਤਾਰ ਨਫਰਤ ਫੈਲਾਅ ਰਹੀ ਹੈ ਜਿਵੇਂ ਧਾਰਮਿਕ ਘੱਟ ਗਿਣਤੀ ਵਿੱਚ ਮੁਸਲਮਾਨਾਂ ਪ੍ਰਤੀ ਲਗਾਤਾਰ ਸੀਏਏ, ਐੱਨਆਰਸੀ ਕਾਨੂੰਨ ਲਿਆ ਕੇ ਦੇਸ਼ ਵਿੱਚ ਫਿਰਕਾਪ੍ਰਸਤੀ ਨੂੰ ਉਤਸ਼ਾਹਤ ਕੀਤਾ ਗਿਆ, ਉਸੇ ਤਰ੍ਹਾਂ ਹੁਣ ਬੀਜੇਪੀ ਯੂਨੀਫਾਰਮ ਸਿਵਲ ਕੋਡ ਨੂੰ ਲਾਗੂ ਕਰਕੇ ਵੱਖ-ਵੱਖ ਵੰਨ ਸੁਵੰਨਤਾ ਨੂੰ ਖਤਮ ਕਰਨ ਵੱਲ ਕਦਮ ਵਧਾ ਰਹੀ ਹੈ। ਉਨ੍ਹਾਂ ਘਟਨਾਕ੍ਰਮ ਦੇ ਦੋਸ਼ੀ ਸੱਜਣ ਕੁਮਾਰ ਨੂੰ ਸਖਤ ਤੋਂ ਸਖਤ ਸਜ਼ਾ ਦੇਣ ਦੀ ਮੰਗ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਿਦਿਆਰਥੀ ਆਗੂ ਜੋਤੀ, ਸੀਮਾ, ਜਸਪਾਲ, ਰਿੰਪੀ, ਮਨਪ੍ਰੀਤ, ਰੇਖਾ, ਬਿੰਦੂ, ਰਾਹੁਲ, ਮਨੀਸ਼, ਗੁਰਮੀਤ, ਜੱਗੀ, ਪ੍ਰਿਤਪਾਲ ਆਦਿ ਹਾਜ਼ਰ ਸਨ।

## ਕਾਤਰਾਂ

### ਕਾਮਰੇਡ ਰਣਧੀਰ ਗਿੱਲ ਦੀ ਬਰਸੀ ਸੰਬੰਧੀ ਸੈਮੀਨਾਰ ਭਲਕੇ



**ਮੋਗਾ (ਅਮਰਜੀਤ ਬੱਬਰੀ)**-ਉੱਘੇ ਕਮਿਊਨਿਸਟ ਆਗੂ ਕਾਮਰੇਡ ਰਣਧੀਰ ਗਿੱਲ ਦੀ ਪਹਿਲੀ ਬਰਸੀ ’ਤੇ ਭਾਰਤੀ ਕਮਿਊਨਿਸਟ ਪਾਰਟੀ ਜ਼ਿਲ੍ਹਾ ਮੋਗਾ ਵੱਲੋਂ 5 ਨਵੰਬਰ ਸਵੇਰੇ 11 ਵਜੇ ਸੈਮੀਨਾਰ ਕਰਵਾਇਆ ਜਾ ਰਿਹਾ ਹੈ।ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਹੋ ਰਹੇ ਇਸ ਸੈਮੀਨਾਰ ਵਿੱਚ ਪ੍ਰਗਤੀਸ਼ੀਲ ਲੇਖਕ ਸੰਘ ਦੇ ਕੌਮੀ ਜਨਰਲ ਸਕੱਤਰ ਡਾ. ਸੁਖਦੇਵ ਸਿਰਸਾ ਤੇ ਉੱਘੇ ਮਾਰਕਸਵਾਦੀ ਚਿੰਤਕ ਕਾਮਰੇਡ ਜਗਰੂਪ ਪੇਪਰ ਪੜ੍ਹਨਗੇ।ਇਸ ਦੀ ਜਾਣਕਾਰੀ ਪ੍ਰੈੱਸ ਨਾਲ ਸਾਂਝੀ ਕਰਦਿਆਂ ਭਾਰਤੀ ਕਮਿਊਨਿਸਟ ਪਾਰਟੀ ਦੇ ਜ਼ਿਲ੍ਹਾ ਸਕੱਤਰ ਕੁਲਦੀਪ ਭੋਲਾ ਨੇ ਦੱਸਿਆ ਕਿ ਇਸ ਮੌਕੇ ਮੁਲਾਜ਼ਮ ਆਗੂਆਂ ਰਣਬੀਰ ਸਿੰਘ ਢਿੱਲੋਂ, ਅਵਤਾਰ ਸਿੰਘ ਫਿਰੋਜ਼ਪੁਰ ਤੇ ਚਰਨ ਸਿੰਘ ਸਰਾਭਾ ਨੂੰ ਵਿਸ਼ੇਸ਼ ਤੌਰ ’ਤੇ ਸਨਮਾਨਤ ਕੀਤਾ ਜਾਵੇਗਾ।ਉਨ੍ਹਾ ਸਮੂਹ ਅਗਾਂਹਵਧੂ ਤੇ ਇਨਸਾਫ਼ ਪਸੰਦ ਲੋਕਾਂ ਨੂੰ ਇਸ ਸੈਮੀਨਾਰ ਵਿੱਚ ਪਹੁੰਚਣ ਦੀ ਅਪੀਲ ਕੀਤੀ।

### ਸੜਕ ਹਾਦਸੇ ’ਚ ਮੋਟਰਸਾਈਕਲ ਸਵਾਰ ਦੀ ਮੌਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਹਲਕਾ ਮਹਿਲ ਕਲਾਂ ਦੇ ਪਿੰਡ ਕੁਰੜ-ਮਨਾਲ ਲਿੰਕ ਰੋਡ ’ਤੇ ਪੈਂਦੇ ਸੂਏ ਉੱਪਰ ਵਾਪਰੇ ਸੜਕ ਹਾਦਸੇ ’ਚ ਇਕ ਮੋਟਰਸਾਈਕਲ ਸਵਾਰ ਬਜ਼ੁਰਗ ਦੀ ਮੌਤ ਹੋ ਗਈ। ਜਾਣਕਾਰੀ ਅਨੁਸਾਰ ਦਰਸ਼ਨ ਸਿੰਘ (60) ਵਾਸੀ ਕੁਰੜ (ਬਰਨਾਲਾ) ਆਪਣੇ ਮੋਟਰਸਾਈਕਲ ’ਤੇ ਜਾ ਰਿਹਾ ਸੀ, ਤਾਂ ਉਸ ਦੀ ਅੱਗਿਓਂ ਆ ਰਹੀ ਕਾਰ ਨਾਲ ਟੱਕਰ ਹੋ ਜਾਣ ਕਾਰਨ ਮੌਤ ਹੋ ਗਈ। ਪੁਲਸ ਥਾਣਾ ਠੁੱਲੀਵਾਲ ਦੇ ਅਧਿਕਾਰੀਆਂ ਨੇ ਕਿਹਾ ਕਿ ਬਿਆਨ ਦਰਜ ਕਰਵਾਏ ਜਾਣ ਤੋਂ ਬਾਅਦ ਕੋਈ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ, ਪਰ ਪਤਾ ਲੱਗਿਆ ਕਿ ਦੋਵੇਂ ਧਿਰਾਂ ਵਿਚਕਾਰ ਸਮਝੌਤੇ ਦੀ ਗੱਲਬਾਤ ਚੱਲ ਰਹੀ ਹੈ।

### ਫੀਡ ਦੀ ਪੇਮੈਂਟ ਨਾ ਦੇਣ ’ਤੇ ਪਰਚਾ ਦਰਜ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੁਲਸ ਥਾਣਾ ਠੁੱਲੀਵਾਲ ਵਿਖੇ ਫੀਡ ਫੈਕਟਰੀ ਮਾਲਕ ਦੀ ਦਰਖਾਸਤ ਉੱਪਰ ਕਾਰਵਾਈ ਕਰਦਿਆਂ ਫੀਡ ਦੀਆਂ 390 ਬੋਰੀਆਂ ਦੀ ਪੇਮੈਂਟ ਨਾ ਦੇਣ ’ਤੇ ਧੋਖਾਧੜੀ ਦੇ ਦੋਸ਼ਾਂ ਤਹਿਤ ਪਰਚਾ ਦਰਜ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ ਹਰਜਿੰਦਰ ਸਿੰਘ ਪੁੱਤਰ ਮੁਖਤਿਆਰ ਸਿੰਘ ਛਾਪਾ ਨੇ ਦਰਜ ਕਰਵਾਏ ਬਿਆਨਾਂ ’ਚ ਦੱਸਿਆ ਕਿ ਉਹ ਹਰਜਿੰਦਰ ਸਿੰਘ ਟਰੇਡਿੰਗ ਕੰਪਨੀ ਦੇ ਨਾਂਅ ਉਪਰ ਪਿੰਡ ਛਾਪਾ ਵਿਖੇ ਫੀਡ ਫੈਕਟਰੀ ਚਲਾ ਰਿਹਾ ਹੈ। ਪਿਛਲੇ ਦਿਨੀਂ ਹਸਨਪ੍ਰੀਤ ਸਿੰਘ ਨੇ ਫੀਡ ਦੀਆਂ 390 ਬੋਰੀਆਂ ਮੰਗਵਾਉਣ ਉਪਰੰਤ ਇਸ ਦੀ ਪੇਮੈਂਟ 4,01,700 ਨਾ ਕਰਕੇ ਉਨ੍ਹਾਂ ਨਾਲ ਧੋਖਾਧੜੀ ਕੀਤੀ ਹੈ। ਇਸ ਮਾਮਲੇ ਦੀ ਪੜਤਾਲ ਕਰਨ ਉਪਰੰਤ ਪੁਲਸ ਥਾਣਾ ਠੁੱਲੀਵਾਲ ਵਿਖੇ ਹਸਨਪ੍ਰੀਤ ਸਿੰਘ ਉਰਫ ਹਸਨ ਪੁੱਤਰ ਸ਼ੇਰ ਸਿੰਘ ਵਾਸੀ ਲਸੋਈ (ਮਲੇਰ ਕੋਟਲਾ) ਖਿਲਾਫ ਧੋਖਾਧੜੀ ਕਰਨ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕਰਕੇ ਦੋਸ਼ੀ ਦੀ ਭਾਲ ਸ਼ੁਰੂ ਕੀਤੀ ਹੈ।

### ਯੂਨੀਵਰਸਿਟੀ ਕਾਲਜ ਬਹਾਦਰਪੁਰ ਦੀ ਹੀਨਾ ਰਾਣੀ ਸਬ ਇੰਸਪੈਕਟਰ ਬਣੀ



**ਬਰੇਟਾ (ਰੀਤਵਾਲ)**-ਸਥਾਨਕ ਯੂਨੀਵਰਸਿਟੀ ਕਾਲਜ ਬਹਾਦਰਪੁਰ ਬਤੌਰ ਅਸਿਸਟੈਂਟ ਪ੍ਰੋਫੈਸਰ ਆਪਣੀਆਂ ਸੇਵਾਵਾਂ ਨਿਭਾਅ ਰਹੀ ਹੀਨਾ ਰਾਣੀ ਨੇ ਪੰਜਾਬ ਪੁਲਸ ਦੇ ਟੈਕਨੀਕਲ ਐਂਡ ਸਪੋਰਟ ਸਰਵਿਸਜ਼ ਵਿਭਾਗ ਵਿੱਚ ਸਬ ਇੰਸਪੈਕਟਰ ਦਾ ਰੈਂਕ ਹਾਸਲ ਕਰਕੇ ਆਪਣੇ ਇਲਾਕੇ ਦੇ ਨਾਂਅ ਰੋਸ਼ਨ ਕੀਤਾ। ਇਸ ਸੰਬੰਧੀ ਕਾਲਜ ਦੇ ਵਿਹੜੇ ’ਚ ਪਹੁੰਚਣ ’ਤੇ ਜਿੱਥੇ ਹੀਨਾ ਦਾ ਸ਼ਾਨਦਾਰ ਸਵਾਗਤ ਕੀਤਾ ਗਿਆ, ਉਥੇ ਉਨ੍ਹਾ ਦੱਸਿਆ ਕਿ ਹੀਨਾ ਰਾਣੀ ਨੇੜਲੇ ਹਲਕੇ ਲਹਿਰਾਗਾਗਾ ਦੀ ਰਹਿਣ ਵਾਲੀ ਹੈ, ਜੋ ਲੰਬੇ ਸਮੇਂ ਤੋਂ ਕਾਲਜ ਅੰਦਰ ਬਤੌਰ ਅਸਿਟੈਂਟ ਪ੍ਰੋਫੈਸਰ ਵਜੋਂ ਸੇਵਾ ਨਿਭਾਅ ਰਹੀ ਹੈ। ਇਸ ਨਿਯੁਕਤੀ ਤੇ ਜਿੱਥੇ ਇਹ ਵਿਦਿਆਰਥੀਆਂ ਲਈ ਪ੍ਰੇਰਨਾ ਸਰੋਤ ਬਣੀ ਹੈ। ਉਨ੍ਹਾਂ ਕਿਹਾ ਕਿ ਅੱਜ ਮੁਕਾਬਲੇ ਦੇ ਯੁੱਗ ਵਿੱਚ ਸਖਤ ਮਿਹਨਤ ਨਾਲ ਹਰ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਸ ਦੇ ਮਾਤਾ ਪਿਤਾ, ਮੋਨੂੰ ਕੋਚ ਲਹਿਰਾ, ਕਾਲਜ ਪ੍ਰਿੰਸੀਪਲ ਡਾ. ਬਲਦੇਵ ਸਿੰਘ ਦੋਦੜਾ ਤੇ ਪ੍ਰੋਫੈਸਰ ਹਰੀਸ਼ ਪ੍ਰੋਫੈਸਰ ਗਿਨੀ ਬੇਦੀ ਪ੍ਰੋਫੈਸਰ ਪੂਜਾ ਰਾਣੀ ਤੇ ਪ੍ਰੋਫੈਸਰ ਰਜਨੀ ਰਾਣੀ ਦਾ ਬਹੁਤ ਵੱਡਾ ਯੋਗਦਾਨ ਰਿਹਾ।

## ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ ਦਾ ਚੋਣ ਅਜਲਾਸ

**ਦਿੜ੍ਹਬਾ (ਜਸਵੀਰ ਲਾਡੀ)**

ਟੈਕਨੀਕਲ ਐਂਡ ਮਕੈਨੀਕਲ ਇੰਪਲਾਈਜ਼ ਯੂਨੀਅਨ ਪੰਜਾਬ ਬ੍ਰਾਂਚ 2 ਸੰਗਰੂਰ ਦਾ ਦੋ ਸਾਲਾ 2023 ਤੋਂ 2025 ਤੱਕ ਚੋਣ ਅਜਲਾਸ ਸੂਬਾਈ ਅਬਜ਼ਰਵਰ ਉਜਾਗਰ ਸਿੰਘ ਜੱਗਾ, ਰਾਜਿੰਦਰਪਾਲ ਚੰਗਾਲੀਵਾਲਾ ਦੀ ਨਿਗਰਾਨੀ ਹੇਠ ਵਾਟਰ ਵਰਕਸ ਡੀ ਸੀ ਕੰਪਲੈਕਸ ਸੰਗਰੂਰ ਵਿਖੇ ਸੰਪੰਨ ਹੋਇਆ। ਅਜਲਾਸ ਦੇ ਸ਼ੁਰੂਆਤ ਵਿੱਚ ਜਨਰਲ ਸਕੱਤਰ ਗੁਰਚਰਨ ਸਿੰਘ ਅਕੋਈ ਸਾਹਿਬ ਨੇ ਜਥੇਬੰਦਕ ਕਾਰਜਕਾਰੀ ਨੇ ਰਿਪੋਰਟ ਪੇਸ਼ ਕੀਤੀ, ਇਸ ਤੋਂ ਉਪਰੰਤ ਬ੍ਰਾਂਚ ਵਿੱਤ ਸਕੱਤਰ ਸਮਸ਼ੇਰ ਸਿੰਘ ਬਡਰੁੱਖਾਂ ਨੇ ਆਮਦਨ ਖਰਚ ਦਾ ਲੇਖਾ ਜੋਖਾ ਦੀ ਰਿਪੋਰਟ ਪੇਸ਼ ਕੀਤੀ, ਜਿਸ ਤਹਿਤ ਸੈਸ਼ਨ ਦੀ ਆਮਦਨ ਤੇ ਖਰਚ ਉਕਤ ਦੋਵੇਂ ਰਿਪੋਰਟਾਂ ਸਮੂਹ ਸ਼ਾਮਲ ਸਾਥੀਆਂ ਵੱਲੋਂ ਆਪਣੇ ਆਪਣੇ ਵਿਚਾਰ ਸਾਂਝੇ ਕਰਕੇ ਸਰਵਸੰਮਤੀ ਨਾਲ ਪਾਸ ਕੀਤੀਆਂ। ਅੰਤ ਵਿੱਚ ਬ੍ਰਾਂਚ ਪ੍ਰਧਾਨ ਹਰਜੀਤ ਸਿੰਘ ਬਾਲੀਆਂ ਵੱਲੋਂ ਸੰਖੇਪ ਭਾਸ਼ਣ ਉਪਰੰਤ ਪਿਛਲੀ ਵਰਕਿੰਗ ਕਮੇਟੀ ਭੰਗ ਕਰਕੇ ਅਗਲੇ ਸੈਸ਼ਨ 2023-2025 ਲਈ ਵਰਕਿੰਗ ਕਮੇਟੀ ਚੁਣਨ ਦੇ ਅਧਿਕਾਰ ਸਮੂਹ ਹਾਜ਼ਰ ਸਾਥੀਆਂ ਨੂੰ ਦਿੱਤੇ। ਉਕਤ ਸੂਬਾਈ ਨਿਗਰਾਨ ਦੇਖ ਰੇਖ ਹੇਠ ਸਮੂਹ ਸਾਥੀਆਂ ਵੱਲੋਂ ਨਿਮਨ ਲਿਖਤ ਅਨੁਸਾਰ ਸਰਵਸੰਮਤੀ ਨਾਲ ਕੀਤੀ ਗਈ, ਜਿਸ ’ਚ ਚੀਫ ਆਰਗੇਨਾਈਜ਼ਰ ਹਰਜੀਤ ਸਿੰਘ ਬਾਲੀਆਂ, ਚੇਅਰਮੈਨ ਗੁਰਚਰਨ ਸਿੰਘ ਅਕੋਈ ਸਾਹਿਬ, ਪ੍ਰਧਾਨ ਦਰਸ਼ਨ ਸਿੰਘ ਝਨੇੜੀ, ਸੀਨੀ. ਮੀਤ ਪ੍ਰਧਾਨ ਰਾਮ ਸਿੰਘ ਧੂਰੀ, ਸੀਨੀ. ਮੀਤ ਪ੍ਰਧਾਨ ਮੇਜਰ ਸਿੰਘ ਕੋਟਕਲਾਂ, ਮੀਤ ਪ੍ਰਧਾਨ ਬੂਟਾ ਸਿੰਘ ਖੇੜੀ, ਜਨਰਲ ਸਕੱਤਰ ਬਬਨਪਾਲ ਵਿੱਤ, ਸਕੱਤਰ ਸਮਸ਼ੇਰ ਸਿੰਘ ਬਡਰੁੱਖਾਂ, ਸਹਾਇਕ ਸਕੱਤਰ ਬਲਵਿੰਦਰ ਕਪਿਆਲ, ਸਹਾਇਕ ਵਿੱਤ ਸਕੱਤਰ ਬਲਕਾਰ ਸਿੰਘ ਬੱਖੋਪੀਰ, ਪ੍ਰੈੱਸ ਸਕੱਤਰ ਸੁਰਿੰਦਰ ਸਿੰਘ ਕਾਕੜਾ, ਪ੍ਰਚਾਰ ਸਕੱਤਰ ਓਮ ਪ੍ਰਕਾਸ਼ ਕਾਂਝਲਾ ਆਦਿ ਚੁਣੇ ਗਏ।



## ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਰੋਸ ਧਰਨਾ ਜਾਰੀ

### ਰੋਸ ਧਰਨੇ ਦੌਰਾਨ ਦਫਤਰੀ ਅਤੇ ਟੈਕਨੀਕਲ ਕੰਮ ਬੰਦ ਰੱਖਿਆ


ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਆਗੂ ਸਬ ਡਵੀਜ਼ਨ ਮੱਖੂ ਵਿਖੇ ਰੋਸ ਧਰਨਾ ਦਿੰਦੇ ਹੋਏ।

**ਮੱਖੂ (ਰਛਪਾਲ ਸਿੰਘ ਸੰਧੂ)**

ਟੈਕਨੀਕਲ ਸਰਵਿਸਜ਼ ਯੂਨੀਅਨ ਸਬ ਡਵੀਜ਼ਨ ਮੱਖੂ ਕਮੇਟੀ ਵੱਲੋਂ ਦਫਤਰ ਉੱਪ ਮੰਡਲ ਮੱਖੂ ਵਿਖੇ ਦਫਤਰੀ ਸਟਾਫ ਦੀ ਘਾਟ ਨੂੰ ਪੂਰਾ ਕਰਵਾਉਣ ਦੇ ਸਬੰਧ ਵਿੱਚ ਸਬ ਡਵੀਜ਼ਨ ਮੱਖੂ ਵਿਖੇ ਲਗਾਇਆ ਧਰਨਾ ਜਾਰੀ ਰੱਖਿਆ ਹੋਇਆ ਹੈ। ਇਸ ਰੋਸ ਧਰਨੇ ਵਿੱਚ ਡਵੀਜ਼ਨ ਪ੍ਰਧਾਨ ਸੁਖਦੇਵ ਸਿੰਘ ਲੋਹਕਾ ਵਿਸ਼ੇਸ਼ ਤੌਰ ’ਤੇ ਸ਼ਾਮਲ ਹੋ ਰਹੇ ਹਨ। ਰੋਸ ਧਰਨੇ ਦੌਰਾਨ ਟੈਕਨੀਕਲ ਸਰਵਿਸਜ਼ ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਦਫਤਰ ਉੱਪ ਮੰਡਲ ਮੱਖੂ ਵਿਖੇ ਦਫਤਰੀ ਸਟਾਫ ਦੇ ਸਿਰਫ ਤਿੰਨ ਹੀ ਮੁਲਾਜ਼ਮ ਹਨ। ਦਫਤਰੀ ਸਟਾਫ ਦੀ ਘਾਟ ਹੋਣ ਕਾਰਨ ਖਪਤਕਾਰਾਂ ਨੂੰ ਦਫਤਰੀ ਕੰਮ ਕਰਵਾਉਣ ਵਿੱਚ ਕਈ ਤਰ੍ਹਾਂ ਦੀਆਂ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਦਫਤਰੀ ਸਟਾਫ ਦੇ ਤਿੰਨਾਂ ਮੁਲਾਜ਼ਮਾਂ ’ਤੇ ਕੰਮ ਦਾ ਬੋਝ ਹੋਣ ਕਾਰਨ ਮੁਲਾਜ਼ਮ ਮਾਨਸਿਕ ਪ੍ਰੇਸ਼ਾਨ ਰਹਿੰਦੇ ਹਨ। ਆਗੂਆਂ ਨੇ ਕਿਹਾ ਕਿ ਟੈਕਨੀਕਲ ਸਰਵਿਸਜ਼ ਯੂਨੀਅਨ ਵੱਲੋਂ ਪਹਿਲਾਂ ਸਵੇਰੇ 9 ਵਜੇ ਤੋਂ 11 ਵਜੇ ਤੱਕ ਰੋਸ ਧਰਨਾ ਲਗਾਇਆ ਜਾਂਦਾ ਸੀ, ਪਰ ਉੱਚ ਅਧਿਕਾਰੀਆਂ ਵੱਲੋਂ ਮੁਲਾਜ਼ਮਾਂ ਦੀਆਂ ਮੰਗਾਂ ਵੱਲ ਧਿਆਨ ਨਹੀਂ ਦਿੱਤਾ ਜਾ ਰਿਹਾ। ਇਸ ਕਾਰਨ ਅੱਜ ਤੋਂ ਰੋਸ ਧਰਨਾ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਲਗਾ ਕੇ ਦਫਤਰੀ ਤੇ ਟੈਕਨੀਕਲ ਕੰਮ ਪੂਰੀ ਤਰ੍ਹਾਂ ਬੰਦ ਰੱਖਿਆ ਗਿਆ। ਆਗੂਆਂ ਨੇ ਕਿਹਾ ਕਿ ਜੇਕਰ ਦਫਤਰੀ ਸਟਾਫ ਜਲਦ ਪੂਰਾ ਨਾ ਕੀਤਾ ਗਿਆ ਤਾਂ ਜਥੇਬੰਦੀ ਵੱਲੋਂ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਰੋਸ ਧਰਨੇ ਵਿੱਚ ਸੁਖਵਿੰਦਰ ਸਿੰਘ ਘੁੱਦੂਵਾਲਾ ਪ੍ਰਧਾਨ, ਉਪ ਪ੍ਰਧਾਨ ਜਸਬੀਰ ਸਿੰਘ ਪੱਟੀ, ਬਲਵੀਰ ਸਿੰਘ ਲੋਹਕਾ, ਸਕੱਤਰ ਪ੍ਰਤਾਪ ਸਿੰਘ, ਜੁਆਇੰਟ ਸਕੱਤਰ ਜੀਵਨਜੀਤ ਸਿੰਘ, ਖਜ਼ਾਨਚੀ ਸੁਖਦੇਵ ਸਿੰਘ ਗਿੱਲ, ਜੇਈ ਯੋਗਿੰਦਰ ਸਿੰਘ, ਜਸਮੀਤ ਸਿੰਘ, ਸੁਖਵਿੰਦਰ ਸਿੰਘ, ਐੱਸ ਐੱਸ ਏ ਗੁਰਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਲਾਈਨਮੈਨ ਉਪਦੇਸ਼ ਕੁਮਾਰ, ਲਖਵੀਰ ਸਿੰਘ, ਬਲਕਾਰ ਸਿੰਘ, ਗੁਰਚਾਨਨ ਸਿੰਘ, ਗੁਰਬਾਜ ਸਿੰਘ, ਬਹਾਦਰ ਸਿੰਘ, ਜਗਜੀਤ ਸਿੰਘ, ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਰਛਪਾਲ ਸਿੰਘ ਸੰਧੂ, ਕਮਲ, ਬਲਵਿੰਦਰ ਸਿੰਘ, ਸੀਐੱਚਬੀ ਕਰਨੈਲ ਸਿੰਘ ਮਾਲੜਾ ਆਦਿ ਹਾਜ਼ਰ ਸਨ।

## ਸਿੱਖ ਵੱਧ ਤੋਂ ਵੱਧ ਸ਼੍ਰੋਮਣੀ ਕਮੇਟੀ ਦੀਆਂ ਵੋਟਾਂ ਬਣਵਾਉਣ : ਹੈਰੀ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਪ੍ਰਬੰਧਕੀ ਕਮੇਟੀ ਚੁਣਨ ਲਈ ਹਰ ਇੱਕ ਸਿੱਖ ਨੂੰ ਮਿਲੇ ਵੋਟ ਦੇ ਅਧਿਕਾਰ ਲਈ ਸਾਰਿਆਂ ਨੂੰ ਵੋਟਾਂ ਬਣਵਾਉਣ ਦੀ ਅਪੀਲ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਇਕਬਾਲਦੀਪ ਸਿੰਘ ਹੈਰੀ ਤੇ ਨਿਹਾਲ ਸਿੰਘ ਤਲਵੰਡੀ ਭੰਗੇਰੀਆਂ ਅਤੇ ਨਿਸ਼ਾਨ ਸਿੰਘ ਮੂਸੇਵਾਲਾ ਸਰਕਲ ਪ੍ਰਧਾਨ ਢੋਲੇਵਾਲਾ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਨਵੀਆਂ ਬਣ ਰਹੀਆਂ ਵੋਟਾਂ ਲਈ ਫਾਰਮ ਵੰਡਣ ਦੌਰਾਨ ਕੀਤਾ। ਇਸ ਮੌਕੇ ਇਕਬਾਲਦੀਪ ਸਿੰਘ ਹੈਰੀ ਨੇ ਅਪੀਲ ਕੀਤੀ ਕਿ ਹਲਕਾ ਧਰਮਕੋਟ ਦੇ ਸਮੂਹ ਕੇਸਾਧਾਰੀ ਸਿੱਖ ਆਪਣੀ ਵੋਟ ਜ਼ਰੂਰ ਬਣਵਾਉਣ। ਉਨ੍ਹਾ ਦੱਸਿਆ ਕਿ ਸ. ਬਰਜਿੰਦਰ ਸਿੰਘ ਮੱਖਣ ਬਰਾੜ ਹਲਕਾ ਇੰਚਾਰਜ ਦੇ ਯਤਨਾਂ ਸਦਕਾ ਹਲਕਾ ਧਰਮਕੋਟ ਦੇ ਸਮੂਹ ਪਿੰਡਾਂ ’ਚ ਸ਼੍ਰੋਮਣੀ ਅਕਾਲੀ ਦਲ ਦੇ ਵਰਕਰ ਸਾਹਿਬਾਨ ਨੂੰ ਵੋਟਾਂ ਬਣਾਉਣ ਵਾਲੇ ਫਾਰਮ ਪਹੁੰਚਾਏ ਗਏ ਹਨ। ਇਸ ਸੰਬੰਧੀ ਸ਼੍ਰੋਮਣੀ ਅਕਾਲੀ ਦਲ ਦੇ ਸਮੂਹ ਨੌਜਵਾਨ ਆਗੂਆਂ ਨੂੰ ਵੀ ਅਪੀਲ ਕੀਤੀ ਕਿ ਉਹ ਆਪਣੇ ਇਸ ਵੋਟ ਦੇ ਅਧਿਕਾਰ ਦੀ ਵਰਤੋਂ ਲਈ ਵੱਧ ਤੋਂ ਵੱਧ ਵੋਟਾਂ ਬਣਵਾਉਣ।

## ਬਾਬਾ ਕਸ਼ਮੀਰ ਸਿੰਘ ਵੱਲੋਂ ਕਬੱਡੀ ਕੱਪ ਦਾ ਪੋਸਟਰ ਰਿਲੀਜ਼



**ਨਾਭਾ (ਵਰਿੰਦਰ ਵਰਮਾ)**-ਪੰਜਾਬ ਦੀ ਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ 14 ਤੇ 15 ਨਵੰਬਰ ਸਿੱਧਸਰ ਗੁਰਦੁਆਰਾ ਅਲੌਹਰਾਂ ਸਾਹਿਬ ਵਿਖੇ ਕਰਵਾਇਆ ਜਾ ਰਿਹਾ ਹੈ, ਜਿਸ ਦਾ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰ ਸਿੰਘ ਵੱਲੋਂ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਕਬੱਡੀ ਕੱਪ ਦਾ ਪੋਸਟਰ ਜਾਰੀ ਕੀਤਾ ਗਿਆ। ਇਸ ਮੌਕੇ ਸਿੱਖ ਪ੍ਰਚਾਰਕ ਜਥੇਦਾਰ ਬਾਬਾ ਕਸ਼ਮੀਰ ਸਿੰਘ ਨੇ ਗੱਲਬਾਤ ਕਰਦਿਆਂ ਕਿਹਾ ਕਿ ਇਹ ਪਹਿਲਾ ਕਬੱਡੀ ਕੱਪ ਗੁਰਦੁਆਰਾ ਸਿੱਧਸਰ ਅਲੌਹਰਾਂ ਸਾਹਿਬ ਵਿਖੇ ਪਹਿਲੀ ਪਾਤਸ਼ਾਹੀ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਲੜਕੀਆਂ ਦੇ ਮੈਚ ਵੀ ਕਰਵਾਏ ਜਾਣਗੇ। ਉਨ੍ਹਾ ਕਿਹਾ ਕਿ ਜੇਤੂ ਟੀਮਾਂ ਲਈ ਵੱਡੇ ਇਨਾਮ ਰੱਖੇ ਗਏ ਹਨ, ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਦੀ ਦਲਦਲ ’ਚੋਂ ਕੱਢਣ ਲਈ ਇਹ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਮੌਕੇ ਇਲਾਕੇ ਦੀਆਂ ਸੰਗਤਾਂ ਨੇ ਵੀ ਇਸ ਕਬੱਡੀ ਕੱਪ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਨ੍ਹਾਂ ਮਹਾਂਪੁਰਸ਼ਾਂ ਵੱਲੋਂ ਇਹ ਵੱਡਾ ਫੈਸਲਾ ਕੀਤਾ ਜਾ ਰਿਹਾ ਹੈ, ਜਿਸ ਨਾਲ ਨੌਜਵਾਨ ਬੱਚੇ ਖੇਡਾਂ ਵੱਲ ਉਤਸ਼ਾਹਤ ਹੋਣਗੇ। ਇਸ ਮੌਕੇ ਬਾਬਾ ਜਸਪਾਲ ਸਿੰਘ, ਬਾਬਾ ਬਲਜੀਤ ਸਿੰਘ ਫੱਕਰ, ਬਾਬਾ ਨਾਮਦੇਵ ਸਿੰਘ, ਬਾਬਾ ਅਮਰੀਕ ਸਿੰਘ, ਬਾਬਾ ਅਰਜਨ ਸਿੰਘ, ਬਾਬਾ ਬਲਦੇਵ ਸਿੰਘ, ਬਾਬਾ ਹਰਦੇਵ ਸਿੰਘ, ਬਾਬਾ ਵਿਸਾਖਾ ਸਿੰਘ, ਬਾਬਾ ਜਤਿੰਦਰ ਸਿੰਘ, ਜੋਤੀ ਬਾਬਾ ਗੁਰਵੰਤ ਸਿੰਘ, ਬਾਬਾ ਤਰਲੋਚਨ ਸਿੰਘ ਹੈੱਡ ਗ੍ਰੰਥੀ, ਬਾਬਾ ਗਮਦੂਰ ਸਿੰਘ, ਗੁਰਸਰਨ ਸਿੰਘ ਨੰਬਰਦਾਰ, ਪਰਮਜੀਤ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਾਦਸੋਂ, ਇਛਿਆਮਾਨ ਸਿੰਘ ਭੋਜੋਮਾਜਰੀ ਬਲਾਕ ਸੰਮਤੀ ਸਾਬਕਾ ਚੇਅਰਮੈਨ ਨਾਭਾ ਆਦਿ ਸੰਗਤ ਹਾਜ਼ਰ ਸੀ।

## ਵਿਧਾਇਕ ਨੇ ਸ਼ਹਿਰ ਦੇ ਕੰਮਾਂ ਨੂੰ ਲੈ ਕੇ ਨਗਰ ਕੌਂਸਲ ’ਚ ਕੀਤੀ ਮੀਟਿੰਗ

**ਨਾਭਾ (ਵਰਿੰਦਰ ਵਰਮਾ)**-ਨਗਰ ਕੌਂਸਲ ਨਾਭਾ ਵਿਖੇ ਸ਼ਹਿਰ ’ਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਲੈ ਕੇ ਗੁਰਦੇਵ ਸਿੰਘ ਦੇਵ ਮਾਨ ਐੱਮ ਐੱਲ ਏ ਨਾਭਾ ਨੇ ਮੀਟਿੰਗ ਕੀਤੀ, ਜਿਸ ਵਿੱਚ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਦੀ ਚਰਚਾ ਕੀਤੀ। ਇਸ ਦੇ ਨਾਲ ਹੀ ਅਮਰੁਤ ਯੋਜਨਾ ਤਹਿਤ 2:0 ਸਕੀਮ ਅਧੀਨ ਪਾਣੀ ਦੀਆਂ ਟੈਂਕੀਆਂ ਤੇ 4 ਟਿਊਬਵੈੱਲ ਲਗਾਏ ਜਾਣ ਬਾਰੇ ਚਰਚਾ ਕੀਤੀ ਅਤੇ ਇਸ ਸੰਬੰਧੀ ਨਗਰ ਕੌਂਸਲ ਦੀ ਹਦੂਦ ਅੰਦਰ 1 ਲੱਖ ਗੈਲਨ ਵਾਲੀ ਪਾਣੀ ਦੀ ਟੈਂਕੀ ਹੀਰਾ ਸਿੰਘ ਪਾਰਕ ਤੇ 2 ਲੱਖ ਗੈਲਨ ਦੀ ਇਕ ਪਾਣੀ ਦੀ ਟੈਂਕੀ ਨਗਰ ਕੌਂਸਲ ਦਫਤਰ ਦੇ ਨੇੜੇ ਬਣਾਉਣ ਸੰਬੰਧੀ ਫੀਡਬੈਕ ਲਿਆ ਗਿਆ। ਇਸ ਦੇ ਨਾਲ ਹੀ ਇਸ ਮੀਟਿੰਗ ਵਿੱਚ ਵਾਟਰ ਟ੍ਰੀਟਮੈਂਟ ਪਲਾਂਟ, ਟੈਂਕੀਆਂ, ਟਿਊਬਵੈੱਲ, ਵਾਟਰ ਸਪਲਾਈ ਲਾਈਨ ਤੇ ਹੋਰ ਕੰਮਾਂ ਨੂੰ ਪੂਰਾ ਕਰਨ ਲਈ ਨਿਰਦੇਸ਼ ਦਿੱਤੇ। ਵਿਧਾਇਕ ਦੇਵ ਮਾਨ ਨੇ ਦੱਸਿਆ ਕਿ ਸ਼ਹਿਰ ਵਿੱਚ ਚੱਲ ਰਹੇ ਵਿਕਾਸ ਕਾਰਜਾਂ ਨੂੰ ਜਲਦ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਤੇ ਨਗਰ ਕੌਂਸਲ ਦੇ ਸਟਾਫ ਨੂੰ ਸਮੇਂ ਸਿਰ ਦਫਤਰ ਪਹੁੰਚਕੇ ਆਮ ਜਨਤਾ ਦੇ ਕੰਮ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾ ਕਿਹਾ ਕਿ ਭ੍ਰਿਸ਼ਟਾਚਾਰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਉਨ੍ਹਾਂ ਨਾਲ ਸੁਜਾਤਾ ਚਾਵਲਾ ਪ੍ਰਧਾਨ ਨਗਰ ਕੌਂਸਲ ਨਾਭਾ, ਗੁਰਚਰਨ ਸਿੰਘ ਈ ਓ ਨਾਭਾ, ਹਰਪ੍ਰੀਤ ਸਿੰਘ ਪ੍ਰੀਤ ਸੀਨੀਅਰ ਕੌਂਸਲਰ, ਦਲੀਪ ਕੁਮਾਰ ਬਿੱਟੂ ਕੌਂਸਲਰ, ਅਸ਼ੋਕ ਬਿੱਟੂ ਕੌਂਸਲਰ, ਕ੍ਰਿਸ਼ਨ ਕੁਮਾਰ ਕੌਂਸਲਰ, ਰੋਜ਼ੀ ਨਾਗਪਾਲ ਕੌਂਸਲਰ, ਊਸ਼ਾ ਰਾਣੀ ਮੱਗੋ ਕੌਂਸਲਰ, ਚਰਨਜੀਵ ਮਿੱਤਲ ਸੁਪਰਡੈਂਟ, ਸੋਨੀਆ ਪਹੂਜਾ ਕੌਂਸਲਰ, ਕਰਮਜੀਤ ਕੌਰ ਕੌਂਸਲਰ, ਨੀਰੂ ਸ਼ਰਮਾ ਕੌਂਸਲਰ, ਗੌਤਮ ਬਾਤਿਸ਼ ਕੌਂਸਲਰ, ਅਮਰਜੀਤ ਕੌਰ ਸਾਹਨੀ ਕੌਂਸਲਰ ਤੇ ਨਗਰ ਕੌਂਸਲ ਦੇ ਕਰਮਚਾਰੀ ਮੌਜੂਦ ਸਨ।



## 15,000 ਰੁਪਏ ਰਿਸ਼ਵਤ ਲੈਂਦੇ 2 ਡਾਕਟਰ ਕਾਬੂ



**ਲੁਧਿਆਣਾ (ਜਸਦੀਪ ਵਰਤੀਆ)**-ਪੰਜਾਬ ਵਿਜੀਲੈਂਸ ਬਿਊਰੋ ਨੇ ਜ਼ਿਲ੍ਹਾ ਲੁਧਿਆਣਾ ਦੇ ਕਸਬਾ ਸਾਹਨੇਵਾਲ ਦੇ ਕਮਿਊਨਿਟੀ ਹੈਲਥ ਸੈਂਟਰ (ਸੀਐੱਚਸੀ) ਵਿੱਚ ਤਾਇਨਾਤ ਡਾ: ਪੂਨਮ ਗੋਇਲ ਐੱਸਐੱਮਓ ਅਤੇ ਡਾ: ਗੌਰਵ ਜੈਨ ਬੀਏਐੱਮਐੱਸ ਨੂੰ 15,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਕਾਬੂ ਕੀਤਾ ਹੈ। ਜਾਣਕਾਰੀ ਦਿੰਦਿਆਂ ਸੂਬਾ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਪਰੋਕਤ ਦੋਵੇਂ ਡਾਕਟਰਾਂ ਨੂੰ ਕੁਲਵਿੰਦਰ ਸਿੰਘ ਵਾਸੀ ਗੁਰੂ ਅਰਜਨ ਦੇਵ ਨਗਰ, ਸਾਹਨੇਵਾਲ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਦੇ ਆਧਾਰ ’ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਰੇਂਜ ਦਫਤਰ ਲੁਧਿਆਣਾ ਵਿਖੇ ਪਹੁੰਚ ਕੇ ਆਪਣੇ ਬਿਆਨ ਦਰਜ ਕਰਵਾਏ ਅਤੇ ਦੋਸ਼ ਲਾਇਆ ਕਿ ਉਕਤ ਦੋਵੇਂ ਡਾਕਟਰ ਉਸ ਤੋਂ ਰਿਸ਼ਵਤ ਦੀ ਮੰਗ ਕਰ ਰਹੇ ਹਨ।

ਉਸਨੇ ਦੱਸਿਆ ਕਿ ਡਾ: ਗੌਰਵ ਜੈਨ 2 ਹੋਰਾਂ ਨਾਲ ਉਸਦੀ ਕੈਮਿਸਟ ਦੀ ਦੁਕਾਨ ’ਤੇ ਚੈਕਿੰਗ ਲਈ ਆਇਆ ਅਤੇ ਉਥੇ ਮੌਜੂਦ ਉਸਦੇ ਭਰਾ ਨੂੰ ਆਖਿਆ ਕਿ ਕੁਲਵਿੰਦਰ ਸਿੰਘ (ਸ਼ਿਕਾਇਤਕਰਤਾ) ਵਿਰੁੱਧ ਬਿਨਾਂ ਲਾਇਸੈਂਸ ਤੋਂ ਦਵਾਈਆਂ ਵੇਚਣ ਅਤੇ ਗੈਰ-ਕਾਨੂੰਨੀ ਪੈਥੋਲੋਜੀਕਲ ਲੈਬਾਰਟਰੀ ਚਲਾਉਣ ਦੀ ਸ਼ਿਕਾਇਤ ਹੈ। ਡਾ. ਗੌਰਵ ਜੈਨ ਨੇ ਉਸਦੇ ਭਰਾ ਨੂੰ ਡਾ: ਪੂਨਮ ਗੋਇਲ ਨੂੰ ਮਿਲਣ ਲਈ ਕਿਹਾ। ਉਹ ਐੱਸਐੱਮਓ ਪੂਨਮ ਗੋਇਲ ਨੂੰ ਮਿਲਿਆ ਤਾਂ ਉਸ ਨੇ ਮਾਮਲਾ ਸੁਲਝਾਉਣ ਲਈ ਡਾ. ਗੌਰਵ ਜੈਨ ਨੂੰ ਮਿਲਣ ਲਈ ਕਿਹਾ। ਡਾ. ਗੌਰਵ ਜੈਨ ਨੇ ਸ਼ਿਕਾਇਤਕਰਤਾ ਨੂੰ ਦੱਸਿਆ ਕਿ ਐੱਸਐੱਮਓ ਇੱਕ ਲੱਖ ਰੁਪਏ ਰਿਸ਼ਵਤ ਮੰਗ ਰਹੀ ਹੈ। ਸੌਦਾ 20 ਹਜ਼ਾਰ ਰੁਪਏ ਵਿੱਚ ਹੋ ਗਿਆ।

ਡਾ: ਗੌਰਵ ਜੈਨ ਨਾਲ ਫੋਨ ਕਾਲਾਂ ਦੌਰਾਨ ਸ਼ਿਕਾਇਤਕਰਤਾ ਨੇ ਗੱਲਬਾਤ ਦੀ ਰਿਕਾਰਡਿੰਗ ਕਰ ਲਈ ਜੋ ਉਸਨੇ ਸਬੂਤ ਵਜੋਂ ਵਿਜੀਲੈਂਸ ਨੂੰ ਸੌਂਪੀ ਹੈ। ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਜਿਸ ਵਿੱਚ ਡਾ. ਗੌਰਵ ਜੈਨ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 15000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਗਿਆ। ਡਾ. ਪੂਨਮ ਗੋਇਲ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ। ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀ ਧਾਰਾ 7 ਅਤੇ ਆਈਪੀਸੀ ਦੀ 120-ਬੀ ਤਹਿਤ ਵਿਜੀਲੈਂਸ ਬਿਊਰੋ ਦੇ ਥਾਣਾ ਲੁਧਿਆਣਾ ਰੇਂਜ ਵਿਖੇ ਐੱਫਆਈਆਰ ਨੰਬਰ 28 ਦਰਜ ਕਰ ਲਈ ਹੈ। ਦੋਵਾਂ ਮੁਲਜ਼ਮਾਂ ਨੂੰ ਭਲਕੇ ਲੁਧਿਆਣਾ ਦੀ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

## ਪਾਥਵੇਜ਼ ਗਲੋਬਲ ਸਕੂਲ ਵਿਖੇ ਇੰਟਰ ਹਾਊਸ ਸਾਇੰਸ ਕੁਇੱਜ਼ ਮੁਕਾਬਲੇ



**ਕੋਟ ਈਸੇ ਖਾਂ (ਅਰੋੜਾ)**-ਪਾਥਵੇਜ਼ ਗਲੋਬਲ ਸਕੂਲ ਕੋਟ ਈਸੇ ਖਾਂ ਵਿਖੇ ਸਾਇੰਸ ਵਿਭਾਗ ਦੁਆਰਾ ਅੰਤਰ ਹਾਊਸ ਸਾਇੰਸ ਪ੍ਰਸ਼ਨੋਤਰੀ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਪੰਜਵੀਂ ਤੋਂ ਲੈ ਕੇ ਗਿਆਰਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੇ ਭਾਗ ਲਿਆ। ਹਰੇਕ ਹਾਊਸ ਵਿੱਚੋਂ 10-10 ਵਿਦਿਆਰਥੀ ਸ਼ਾਮਲ ਹੋਏ। ਇਸ ਪ੍ਰਸ਼ਨੋਤਰੀ ਮੁਕਾਬਲੇ ਦਾ ਵਿਸ਼ਾ ਜਨਰਲ ਸਾਇੰਸ ਲਿਆ ਗਿਆ। ਇਨ੍ਹਾਂ ਮੁਕਾਬਲਿਆਂ ਦਾ ਵਿਸ਼ੇਸ਼ ਮਨੋਰਥ ਵਿਦਿਆਰਥੀਆਂ ਵਿੱਚ ਪੜ੍ਹਾਈ ਦੇ ਪੱਧਰ ਨੂੰ ਉੱਪਰ ਚੁੱਕਣਾ ਹੈ। ਇਨ੍ਹਾਂ ਮੁਕਾਬਲਿਆਂ ਵਿੱਚ ਰੈੱਡ ਹਾਊਸ ਜੇਤੂ ਰਿਹਾ। ਜੇਤੂ ਰਹਿਣ ਵਾਲੇ ਸਾਰੇ ਹੀ ਵਿਦਿਆਰਥੀਆਂ ਨੂੰ ਸਰਟੀਫਿਕੇਟ ਤਕਸੀਮ ਕਰਕੇ ਉਨ੍ਹਾਂ ਦੀ ਹੌਸਲਾ ਅਫਜ਼ਾਈ ਕੀਤੀ ਗਈ। ਇਸ ਮੌਕੇ ਸਕੂਲ ਦੇ ਕਮੇਟੀ ਮੈਂਬਰ ਮਾਨਯੋਗ ਚੇਅਰਮੈਨ ਸੁਰਜੀਤ ਸਿੰਘ ਸਿੱਧੂ, ਪ੍ਰਧਾਨ ਡਾ. ਅਨਿਲਜੀਤ ਕੰਬੋਜ, ਵਾਈਸ ਚੇਅਰਮੈਨ ਅਵਤਾਰ ਸਿੰਘ ਸੌਂਦ, ਚਾਹਤ ਕੰਬੋਜ, ਸਤਨਾਮ ਸਿੰਘ ਸੌਂਦ, ਗੁਰਪ੍ਰੀਤ ਸਿੰਘ ਸਿੱਧੂ ਕੌਂਸਲਰ, ਜੋਗਿੰਦਰ ਸਿੰਘ ਸਰਪੰਚ, ਜਸਵਿੰਦਰ ਸਿੰਘ ਸਿੱਧੂ ਤੇ ਮਾਨਯੋਗ ਪ੍ਰਿੰਸੀਪਲ ਡਾਕਟਰ ਪੰਕਜ ਧਮੀਜਾ ਨੇ ਇਨ੍ਹਾਂ ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਵਧਾਈਆਂ ਦਿੱਤੀਆਂ ਤੇ ਉਨ੍ਹਾਂ ਦਾ ਹੌਸਲਾ ਅਫਜ਼ਾਈ ਕੀਤੀ।

## ਜ਼ਿਲ੍ਹਾ ਪੱਧਰੀ ਖੇਡਾਂ ’ਚ ਡੀ ਐੱਮ ਗਰੁੱਪ ਕਰਾੜਵਾਲਾ ਦੀ ਹਾਕੀ ਟੀਮ ਅੱਵਲ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਸਰਕਾਰ ਵੱਲੋਂ ਕਰਵਾਈਆਂ ਜਾ ਰਹੀਆਂ ਸਕੂਲ ਖੇਡਾਂ ਵਿੱਚ ਇਲਾਕੇ ਦੀ ਹਾਕੀ ਦੀ ਨਰਸਰੀ ਨਰਸਰੀ ਵਜੋਂ ਜਾਣੀ ਜਾਂਦੀ ਸੰਸਥਾ ਡੀ ਐੱਮ ਗਰੁੱਪ ਕਰਾੜਵਾਲਾ ਦੀ ਹਾਕੀ ਦੀ ਟੀਮ ਲਗਾਤਾਰ ਗਿਆਰਵੀਂ ਵਾਰ ਬਠਿੰਡਾ ਜ਼ਿਲ੍ਹੇ ਦੀ ਅਗਵਾਈ ਕਰੇਗੀ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸੰਸਥਾ ਦੇ ਚੇਅਰਮੈਨ ਇੰਜੀਨੀਅਰ ਅਵਤਾਰ ਸਿੰਘ ਢਿੱਲੋਂ ਨੇ ਦੱਸਿਆ ਕਿ ਜ਼ਿਲ੍ਹਾ ਪੱਧਰ ’ਤੇ ਹੋਈਆਂ 67ਵੀਆਂ ਖੇਡਾਂ ’ਚ ਡੀ ਐੱਮ ਗਰੁੱਪ ਕਰਾੜਵਾਲਾ ਨੇ ਅੰਡਰ-17 ’ਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਉਨ੍ਹਾਂ ਦੱਸਿਆ ਕਿ ਪਿਛਲੇ 11 ਸਾਲਾਂ ਤੋਂ ਲਗਾਤਾਰ ਪਹਿਲੇ ਸਥਾਨ ’ਤੇ ਦਬਦਬਾ ਕਾਇਮ ਰੱਖਣਾ ਸੰਸਥਾ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਇਸ ਮੌਕੇ ਖਿਡਾਰੀਆਂ ਦੀ ਪ੍ਰਾਪਤੀ ’ਤੇ ਮਾਣ ਮਹਿਸੂਸ ਕਰਦੇ ਹੋਏ ਉਨ੍ਹਾਂ ਨੂੰ ਅੱਗੇ ਵਧਣ ਲਈ ਪ੍ਰੇਰਨਾਮਈ ਅਸੀਸਾਂ ਦੇਣ ਦੇ ਨਾਲ ਨਾਲ ਸਬੰਧਤ ਅਧਿਆਪਕ ਤੇ ਖਿਡਾਰੀਆਂ ਦੇ ਮਾਤਾ ਪਿਤਾ ਨੂੰ ਵਧਾਈ ਦਿੱਤੀ ਹੈ।

## ਕਲੱਬ ਨੇ ਨਗਰ ਕੌਂਸਲ ਦੀ ਮਦਦ ਨਾਲ ਵੱਖ-ਵੱਖ ਵਾਰਡਾਂ ’ਚ ਕੀਤੀ ਫੌਗਿੰਗ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਪਿਛਲੇ ਲੰਮੇ ਅਰਸੇ ਤੋਂ ਸਮਾਜ ਸੇਵਾ ’ਚ ਮੋਹਰੀ ਰੋਲ ਅਦਾ ਕਰਨ ਵਾਲੀ ਪ੍ਰਸਿੱਧ ਸਮਾਜ ਸੇਵੀ ਸੰਸਥਾ ਰੋਟਰੀ ਕਲੱਬ ਨੇ ਅੱਜ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਨਾਲ ਲੈ ਕੇ ਸ਼ਹਿਰ ਫੌਗਿੰਗ ਕਰਵਾਈ ਗਈ, ਤਾਂ ਜੋ ਡੇਂਗੂ ਦੀ ਬਿਮਾਰੀ ਤੋਂ ਸ਼ਹਿਰ ਵਾਸੀਆਂ ਨੂੰ ਬਚਾਇਆ ਜਾ ਸਕੇ। ਦਿਨੋਂ ਦਿਨ ਡੇਂਗੂ ਦੀ ਬਿਮਾਰੀ ਦੀ ਲਪੇਟ ਵਿੱਚ ਆਉਣ ਕਾਰਨ ਸ਼ਹਿਰ ਵਾਸੀ ਬੜੇ ਚਿੰਤਤ ਸਨ ਅਤੇ ਨਗਰ ਕੌਂਸਲ ਬਾਘਾ ਪੁਰਾਣਾ ਵੱਲੋਂ ਵੀ ਅੱਜ ਤੱਕ ਸ਼ਹਿਰ ਵਿੱਚ ਕੋਈ ਫੌਗਿੰਗ ਵਗੈਰਾ ਨਹੀਂ ਕਰਵਾਈ ਗਈ ਸੀ, ਜਿਸ ਨੂੰ ਦੇਖਦਿਆਂ ਅੱਜ ਰੋਟਰੀ ਕਲੱਬ ਦੇ ਪ੍ਰਧਾਨ ਅਰੁਣ ਬਾਂਸਲ ਦੀ ਅਗਵਾਈ ਵਿੱਚ ਨਗਰ ਕੌਂਸਲ ਦੇ ਕਰਮਚਾਰੀਆਂ ਨੂੰ ਨਾਲ ਲੈ ਕੇ ਸ਼ਹਿਰ ਦੇ ਵੱਖ-ਵੱਖ ਵਾਰਡਾਂ ਵਿੱਚ ਫੌਗਿੰਗ ਕਰਵਾਈ ਗਈ ਤਾਂ ਕਿ ਲੋਕਾਂ ਨੂੰ ਡੇਂਗੂ ਦੀ ਬਿਮਾਰੀ ਤੋਂ ਬਚਾਇਆ ਜਾ ਸਕੇ। ਇਸ ਮੌਕੇ ਫੌਗਿੰਗ ਕਰਵਾਉਣ ਦੇ ਨਾਲ ਨਾਲ ਪ੍ਰਧਾਨ ਅਰੁਣ ਬਾਂਸਲ, ਰਿੰਪੀ ਬਾਂਸਲ, ਬਿਮਲ ਗਰਗ ਵਿੱਕੀ, ਪਵਨ ਗੁਪਤਾ, ਰਾਮ ਗੁਪਤਾ, ਕਾਲਾ ਗਰਗ, ਰਿੰਕੂ ਗਰਗ, ਭੂਸ਼ਨ ਮਿੱਤਲ ਤੇ ਨਗਰ ਕੌਂਸਲ ਦੇ ਕਰਮਚਾਰੀਆਂ ਵੱਲੋਂ ਸ਼ਹਿਰੀਆਂ ਨੂੰ ਡੇਂਗੂ ਤੋਂ ਬਚਣ ਲਈ ਜਾਗਰੂਕ ਕੀਤਾ ਗਿਆ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਸਮੇਂ ਸਮੇਂ ’ਤੇ ਫਰਿਜਾਂ, ਟੈਂਕੀਆਂ, ਤਵੱਚਿਆਂ ਦੇ ਇਲਾਵਾ ਆਸ ਪਾਸ ਟੋਇਆਂ ਵਿੱਚ ਪਾਣੀ ਨਾ ਖੜਨ ਦੇਣ ਦੀ ਅਪੀਲ ਕੀਤੀ, ਕਿਉਂਕਿ ਡੇਂਗੂ ਦਾ ਮੱਛਰ ਸਾਫ਼ ਪਾਣੀ ਤੋਂ ਪੈਦਾ ਹੁੰਦਾ ਹੈ। ਇਸ ਮੌਕੇ ਰੋਟਰੀ ਕਲੱਬ ਦੇ ਅਹੁਦੇਦਾਰਾਂ ਤੇ ਨਗਰ ਕੌਂਸਲ ਦੇ ਕਰਮਚਾਰੀਆਂ ਨੇ ਕਿਹਾ ਕਿ ਉਨ੍ਹਾਂ ਵੱਲੋਂ ਹੁਣ ਸ਼ਹਿਰ ਵਿੱਚ ਲਗਾਤਾਰ ਫੌਗਿੰਗ ਕਰਵਾਈ ਜਾਵੇਗੀ। ਇਸ ਮੌਕੇ ਨਗਰ ਕੌਂਸਲ ਦੇ ਸੈਨਟਰੀ ਇੰਸਪੈਕਟਰ ਦੀਪਕ ਕੁਮਾਰ ਦੇ ਇਲਾਵਾ ਹੋਰ ਵੀ ਕਰਮਚਾਰੀ ਹਾਜ਼ਰ ਸਨ।

## ਕਿਸਾਨ ਕਣਕ ਦੀ ਬਿਜਾਈ ਲਈ ਡੀ ਏ ਪੀ ਖਾਦ ਦੀ ਥੋੜ੍ਹ ਨਾਲ ਜੂਝ ਰਿਹੈ : ਡੱਲੇਵਾਲ



**ਸਮਰਾਲਾ (ਸੁਰਜੀਤ ਸਿੰਘ)**-ਭਾਰਤੀ ਕਿਸਾਨ ਯੂਨੀਅਨ ਏਕਤਾ ਸਿੱਧੂਪੁਰ ਦੀ ਸੂਬਾ ਪੱਧਰੀ ਮੀਟਿੰਗ ਸੂਬਾ ਪ੍ਰਧਾਨ ਜਗਜੀਤ ਸਿੰਘ ਡੱਲੇਵਾਲ, ਜਸਵੀਰ ਸਿੰਘ ਸਿੱਧੂਪੁਰ, ਕਾਕਾ ਸਿੰਘ ਕੋਟੜਾ, ਮੇਹਰ ਸਿੰਘ ਥੇੜੀ, ਮਾਨ ਸਿੰਘ ਰਾਜਪੁਰਾ ਦੀ ਪ੍ਰਧਾਨਗੀ ਵਿੱਚ ਪੰਜਾਬ ਭਰ ਤੋਂ ਆਏ ਹੋਏ ਸਾਰੇ ਜ਼ਿਲ੍ਹਾ ਪ੍ਰਧਾਨ, ਜ਼ਿਲ੍ਹਾ ਜਨਰਲ ਸਕੱਤਰ, ਬਲਾਕ ਪ੍ਰਧਾਨ, ਬਲਾਕਜਨਰਲ ਸਕੱਤਰ ਨਾਲ ਹੋਈ।

ਜਗਜੀਤ ਸਿੰਘ ਡੱਲੇਵਾਲ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਇਸ ਸਮੇਂ ਕਣਕ ਦੀ ਬਿਜਾਈ ਆਪਣੇ ਪੂਰੇ ਜੋਬਨ ਉੱਪਰ ਹੈ, ਪ੍ਰੰਤੂ ਕਿਸਾਨਾਂ ਨੂੰ ਆਪਣੀ ਫਸਲ ਬੀਜਣ ਲਈ ਕਿਤੋਂ ਵੀ ਡੀ.ਏ.ਪੀ. ਨਹੀਂ ਮਿਲ ਰਿਹਾ ਹੈ, ਜਿਸ ਕਾਰਨ ਕਣਕ ਦੀ ਬਿਜਾਈ ਦਾ ਸੁਨਹਿਰੀ ਸਮਾਂ 2 ਕਾਰਨਾਂ ਕਰਕੇ ਕਿਸਾਨਾਂ ਦੇ ਹੱਥੋਂ ਨਿਕਲਦਾ ਜਾ ਰਿਹਾ ਹੈ। ਇੱਕ ਸਰਕਾਰ ਵੱਲੋਂ ਕਿਸਾਨਾਂ ਨੂੰ ਡੀ.ਏ.ਪੀ. ਖਾਦ ਨਾ ਦੇਣਾ ਅਤੇ ਇੱਕ ਸਰਕਾਰ ਵੱਲੋਂ ਕਿਸਾਨਾਂ ਨੂੰ ਝੋਨੇ ਦੀ ਰਹਿੰਦ-ਖੂੰਹਦ ਨੂੰ ਅੱਗ ਨਾ ਲਗਾਉਣ ਦੇਣਾ ਅਤੇ ਨਾ ਹੀ ਸਰਕਾਰ ਵੱਲੋਂ ਕਿਸਾਨਾਂ ਨੂੰ ਪਰਾਲੀ ਦੀ ਸੰਭਾਲ ਲਈ ਮਸ਼ੀਨਾਂ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ, ਜਿਸ ਨਾਲ ਕਿਸਾਨਾਂ ਦੇ ਖੇਤਾ ਵਿੱਚੋਂ ਪਰਾਲੀ ਚੁੱਕੀ ਜਾ ਸਕੇ ਅਤੇ ਕਿਸਾਨ ਆਪਣੀ ਫਸਲ ਸਮੇਂ ਸਿਰ ਬੀਜ ਸਕਣ ਤੇ ਮਸ਼ੀਨਾਂ ਵਾਲਿਆਂ ਵੱਲੋਂ ਵੀ ਕਿਸਾਨਾਂ ਨੂੰ ਸਿੱਧਾ ਸਪੱਸ਼ਟ ਪਰਾਲੀ ਚੁੱਕਣ ਤੋਂ ਜਵਾਬ ਦਿੱਤਾ ਜਾ ਰਿਹਾ ਹੈ ਅਤੇ ਬੰਨ੍ਹੀਆਂ ਜਾ ਚੁੱਕੀਆਂ ਗੱਠਾਂ ਨੂੰ ਵੀ ਮਸ਼ੀਨ ਮਾਲਕਾਂ ਵੱਲੋਂ ਚੁੱਕਣ ਤੋਂ ਕੋਰੀ ਨਾਂਹ ਕੀਤੀ ਜਾ ਰਹੀ ਹੈ। ਅਜਿਹੇ ਹਾਲਾਤਾਂ ਵਿੱਚ ਕਿਸਾਨ ਦੀ ਜਾਨ ਕੁੜਿੱਕੀ ਵਿੱਚ ਫਸੀ ਹੋਈ ਹੈ ਤੇ ਜਿਹੜਾ ਡੀ.ਏ.ਪੀ. ਦਾ ਪ੍ਰਬੰਧ ਸਰਕਾਰ ਵੱਲੋਂ ਕੀਤਾ ਗਿਆ ਹੈ, ਉਹ ਵੀ ਭਰੋਸੇਯੋਗ ਨਹੀਂ ਹੈ। ਭਾਵੇਂ ਪਿਛਲੇ ਦਿਨੀਂ ਸਰਕਾਰ ਵੱਲੋਂ ਕਿਹਾ ਗਿਆ ਹੈ ਕਿ ਕੋ-ਆਪ੍ਰੇਟਿਵ ਸੁਸਾਇਟੀਆਂ ਵਿੱਚ ਕਿਸਾਨਾਂ ਦੀ ਹਿੱਸੇਦਾਰੀ ਪਾ ਕੇ ਨਵੇਂ ਖਾਤੇ ਖੋਲ੍ਹ ਜਾਣਗੇ ਤੇ ਨਵੇਂ ਖਾਤੇ ਖੋਲ੍ਹ ਕੇ ਖਾਦ ਦਿੱਤੀ ਜਾਵੇਗੀ, ਪ੍ਰੰਤੂ ਕੋ-ਆਪ੍ਰੇਟਿਵ ਬੈਂਕਾਂ ਵੱਲੋਂ ਕੋਰੀ ਨਾਂਹ ਕਰਕੇ ਖਾਤੇ ਖੋਲ੍ਹਣ ਤੋਂ ਜਵਾਬ ਦਿੱਤਾ ਜਾ ਰਿਹਾ ਹੈ, ਜਿਸ ਕਾਰਨ ਕਿਸਾਨਾਂ ਦੇ ਕੋਆਪ੍ਰੇਟਿਵ ਸੁਸਾਇਟੀਆਂ ਵਿੱਚ ਖਾਤੇ ਨਹੀਂ ਖੁੱਲ੍ਹ ਰਹੇ ਹਨ ਅਤੇ ਪ੍ਰਾਈਵੇਟ ਸੰਸਥਾਵਾਂ ਤੋਂ ਕਿਸਾਨਾਂ ਨੂੰ ਕੋਈ ਖਾਦ ਮਿਲਣ ਦੀ ਉਮੀਦ ਨਹੀਂ ਰਹੀ ਹੈ ਅਤੇ ਜਿੰਨੀ ਕੁ ਖਾਦ ਆਉਂਦੀ ਹੈ, ਉਸ ਨਾਲ ਵੀ ਬੇਲੋੜੀਆਂ ਵਸਤੂਆਂ ਦਿੱਤੀਆਂ ਜਾ ਰਹੀਆਂ ਹਨ। ਇਸ ਕਰਕੇ ਅੱਜ ਦੀ ਮੀਟਿੰਗ ’ਚ ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖ ਕੇ ਇਹ ਫੈਸਲਾ ਹੋਇਆ ਹੈ ਕਿ ਇਨ੍ਹਾਂ ਹਾਲਾਤਾਂ ਨੂੰ ਧਿਆਨ ’ਚ ਰੱਖ ਕੇ ਡੀ.ਏ.ਪੀ. ਖਾਦ ਦਾ ਪ੍ਰਬੰਧ ਸਰਕਾਰ ਵੱਲੋਂ ਨਹੀਂ ਹੁੰਦਾ ਹੈ ਤੇ ਕਿਸਾਨਾਂ ਦੀ ਪਰਾਲੀ ਦਾ ਪ੍ਰਬੰਧ ਕਰਨ ਦੀ ਬਜਾਏ ਮਜਬੂਰੀ ਵੱਸ ਪਰਾਲੀ ਸਾੜਨ ਵਾਲੇ ਕਿਸਾਨਾਂ ਉੱਪਰ ਸਰਕਾਰ ਮੁਕੱਦਮੇ ਦਰਜ ਕਰਦੀ ਹੈ ਤਾਂ ਕਿਸਾਨਾਂ ਦੇ ਰੋਹ ਦਾ ਸਰਕਾਰ ਨੂੰ ਸਾਹਮਣਾ ਕਰਨਾ ਪਵੇਗਾ ਅਤੇ ਅਸੀਂ ਆਪਣੇ ਕਿਸਾਨਾਂ ਦੇ ਨਾਲ ਖੜਾਂਗੇ।

## ਵਾਤਾਵਰਣ ਸਾਂਭ ਸੰਭਾਲ ਸੰਬੰਧੀ ਚਿੱਤਰਕਲਾ ਪ੍ਰਤੀਯੋਗਤਾ ਕਰਾਈ



**ਧਰਮਕੋਟ (ਗੁਰਦੀਪ ਸਿੰਘ ਭੁੱਲਰ)**

ਸ਼ਹੀਦ ਬਲਵੰਤ ਸਿੰਘ ਕੰਨਿਆ ਹਾਈ ਸਕੂਲ ਭਿੰਡਰ ਕਲਾਂ ਵਿਖੇ ਵਾਤਾਵਰਣ ਦੀ ਸਾਂਭ ਸੰਭਾਲ ਸਬੰਧੀ ਮਾਨਵ ਵਿਕਾਸ ਸੰਸਥਾ ਦੀ ਟੀਮ ਵੱਲੋਂ ਇੱਕ ਚਿੱਤਰਕਲਾ ਪ੍ਰਤੀਯੋਗਤਾ ਦਾ ਆਯੋਜਨ ਕੀਤਾ ਗਿਆ। ਇਸ ਵਿੱਚ ਛੇਵੀਂ ਤੋਂ ਦਸਵੀਂ ਤੱਕ ਦੀਆਂ ਵਿਦਿਆਰਥਣਾਂ ਨੇ ਭਾਗ ਲਿਆ। ਸੰਸਥਾ ਦੇ ਅਧਿਕਾਰੀਆਂ ਨੇ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਣ ਅਜੋਕੇ ਮਨੁੱਖ ਲਈ ਗੰਭੀਰ ਚੁਣੌਤੀ ਬਣਦਾ ਜਾ ਰਿਹਾ। ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਣ ਤੇ ਜੀਵ ਜੰਤੂਆਂ ਦੀ ਸਿਹਤ ਮਾੜੇ ਪ੍ਰਭਾਵ ਪੈ ਰਹੇ ਹਨ। ਸੋ ਸਾਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਵਾਤਾਵਰਣ ਸ਼ੁੱਧ ਕਰਨਾ ਚਾਹੀਦਾ ਹੈ। ਪ੍ਰਤੀਯੋਗਤਾ ਵਿੱਚ ਭਾਗ ਲੈਣ ਵਾਲੇ ਸਮੂਹ ਵਿਦਿਆਰਥੀ ਨੂੰ ਪ੍ਰਸੰਸਾ ਪੱਤਰ ਦਿੱਤੇ ਗਏ। ਇਹ ਸਮਾਗਮ ਦੀਪਕ ਕੁਮਾਰ ਸਕੂਲ ਮੁਖੀ, ਸ੍ਰੀਮਤੀ ਬਲਵਿੰਦਰ ਕੌਰ, ਸ੍ਰੀਮਤੀ ਗੁਰਪ੍ਰੀਤ ਕੌਰ, ਸ੍ਰੀਮਤੀ ਅਮਨਦੀਪ ਕੌਰ, ਸ੍ਰੀਮਤੀ ਰਮਨਦੀਪ ਕੌਰ ਡਰਾਇੰਗ ਟੀਚਰ, ਸ੍ਰੀਮਤੀ ਪ੍ਰੇਮ ਲਤਾ, ਸ੍ਰੀਮਤੀ ਗੁਰਪ੍ਰੀਤ ਕੌਰ, ਸ੍ਰੀਮਤੀ ਚੈਰੀ ਗੋਇਲ ਤੇ ਕਰਨਜੋਤ ਸਿੰਘ ਗਰੇਵਰ ਖੇਤੀਬਾੜੀ ਸੁਪਰਵਾਈਜ਼ਰ ਅਤੇ ਕਿਸਾਨ ਮਿੱਤਰ ਬੂਟਾ ਸਿੰਘ ਨੇ ਇਸ ਸਮਾਗਮ ਵਿੱਚ ਸ਼ਿਰਕਤ ਕੀਤੀ।

4-NOV-PAGE-7-advt.qxd 11/3/2023 10:05 PM Page 1



# ਸੀਨੀਅਰ ਪੱਤਰਕਾਰ ਨੂੰ ਤੰਗ-ਪ੍ਰੇਸ਼ਾਨ ਕਰਨ ਖਿਲਾਫ ਵਫਦ ਐੱਸ ਐੱਸ ਪੀ ਕੋਲ ਪੁੱਜਾ

## ਪੱਤਰਕਾਰ ਨਾਲ ਜ਼ਿਆਦਤੀ ਨਹੀਂ ਕੀਤੀ ਜਾਵੇਗੀ ਬਰਦਾਸ਼ਤ : ਜੰਡੂ/ਜੰਮੂ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**

ਸੀਨੀਅਰ ਪੱਤਰਕਾਰ ਨਾਲ ਜ਼ਿਆਦਤੀ ਕਰਨ ਤੇ ਬਲੈਕ ਮੇਲਿੰਗ ਦੀ ਮਨਸ਼ਾ ਨਾਲ ਉਸ ਨੂੰ ਤੰਗ-ਪ੍ਰੇਸ਼ਾਨ, ਜ਼ਲੀਲ ਤੇ ਪ੍ਰੇਸ਼ਾਨ ਕਰਨ ਦੇ ਵਿਰੋਧ ਵਿੱਚ ਜ਼ਿਲ੍ਹਾ ਫਰੀਦਕੋਟ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਨੇ ਜ਼ਿਲ੍ਹਾ ਪੁਲਸ ਮੁਖੀ ਫਰੀਦਕੋਟ ਨੂੰ ਇਨਸਾਫ ਲਈ ਮੰਗ ਪੱਤਰ ਸੌਂਪਿਆ ਤੇ ਉਸ ਤੋਂ ਬਾਅਦ ਪੱਤਰਕਾਰਾਂ ਦਾ ਵਫਦ ਮਾਨਯੋਗ ਚੇਅਰਮੈਨ ਲੀਗਲ ਸਰਵਿਸ ਅਥਾਰਟੀ ਜ਼ਿਲ੍ਹਾ ਫਰੀਦਕੋਟ ਤੇ ਮਾਨਯੋਗ ਪ੍ਰਧਾਨ ਜ਼ਿਲ੍ਹਾ ਬਾਰ ਐਸੋਸੀਏਸ਼ਨ ਫਰੀਦਕੋਟ ਕੋਲ ਪੁੱਜਾ ਅਤੇ ਕ੍ਰਮਵਾਰ ਉਕਤ ਦਫਤਰਾਂ ਵਿੱਚ ਵੀ ਮੰਗ ਪੱਤਰ ਸੌਂਪ ਕੇ ਸਾਰੀ ਘਟਨਾ ਤੋਂ ਵਿਸਥਾਰ ਸਹਿਤ ਜਾਣੂ ਕਰਵਾਇਆ। ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਇਕਾਈ ਕੋਟਕਪੂਰਾ ਦੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ, ਸਰਪ੍ਰਸਤ ਅਮਿਤ ਸ਼ਰਮਾ ਤੇ ਨਰਿੰਦਰ ਬੈੜ ਦੀ ਅਗਵਾਈ 'ਚ ਜ਼ਿਲ੍ਹੇ ਭਰ ਦੇ ਵੱਖ ਵੱਖ ਸਟੇਸ਼ਨਾਂ 'ਤੇ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਏ ਲਈ ਪੱਤਰਕਾਰੀ ਕਰਨ ਵਾਲੇ ਪੱਤਰਕਾਰਾਂ ਦੇ ਵਫਦ ਦੇ ਜ਼ਿੰਮੇਵਾਰ ਅਹੁਦੇਦਾਰਾਂ ਨੇ ਦੱਸਿਆ ਕਿ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਇਕਾਈ ਕੋਟਕਪੂਰਾ ਦੇ ਚੇਅਰਮੈਨ ਗੁਰਿੰਦਰ ਸਿੰਘ ਮਹਿੰਦੀਰੱਤਾ ਪਿਛਲੇ ਲੰਮੇ ਸਮੇਂ ਤੋਂ ਸਮਾਜਸੇਵਾ ਤੇ ਸਮਾਜ ਸੁਧਾਰਕ ਕਾਰਜ ਕਰਦੇ ਆ ਰਹੇ ਹਨ। ਇੱਕ ਵਿਅਕਤੀ ਵੱਲੋਂ ਆਪਣੇ ਸਾਥੀ ਤੇ ਇੱਕ ਔਰਤ ਨਾਲ ਸਾਜ਼ਬਾਜ਼ ਹੋ ਕੇ ਪਿਛਲੇ ਕਰੀਬ 6 ਮਹੀਨਿਆਂ ਤੋਂ ਮਹਿੰਦੀਰੱਤਾ ਨੂੰ ਬਲੈਕਮੇਲ ਕਰਨ ਦੀ ਮਨਸ਼ਾ ਨਾਲ ਤੰਗ-ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਜ਼ਿੰਮੇਵਾਰ ਅਹੁਦੇਦਾਰਾਂ ਨੇ ਜ਼ਿਲ੍ਹਾ ਪੁਲਸ ਮੁਖੀ ਸਮੇਤ ਹੋਰਨਾਂ ਮਾਨਯੋਗ ਸ਼ਖਸੀਅਤਾਂ ਨੂੰ ਵਿਸਥਾਰ ਸਹਿਤ ਘਟਨਾ ਤੋਂ ਜਾਣੂ ਕਰਵਾਉਂਦਿਆਂ ਦੱਸਿਆ ਕਿ ਅਜੇ ਤੱਕ ਅਦਾਲਤ 'ਚ ਕੇਸ ਲੱਗਾ ਨਹੀਂ ਤੇ ਨਾ ਹੀ ਸਮਨਿੰਗ ਹੋਈ, ਪਰ ਉਕਤ ਵਿਅਕਤੀ ਨੇ ਆਪਣੇ ਸਾਥੀ ਨਾਲ ਸਾਜ਼ਬਾਜ਼ ਹੋ ਕੇ ਸੋਸ਼ਲ ਮੀਡੀਏ ਰਾਹੀਂ ਗੁਰਿੰਦਰ ਸਿੰਘ ਮਹਿੰਦੀਰੱਤਾ ਨੂੰ ਬਦਨਾਮ, ਪ੍ਰੇਸ਼ਾਨ ਤੇ ਜ਼ਲੀਲ ਕਰਨਾ ਸ਼ੁਰੂ ਕਰ ਦਿੱਤਾ। ਜ਼ਿਲ੍ਹਾ ਫਰੀਦਕੋਟ ਦੇ ਵੱਖ ਵੱਖ ਸਟੇਸ਼ਨਾਂ ਜਿਵੇਂ ਕਿ ਫਰੀਦਕੋਟ, ਕੋਟਕਪੂਰਾ, ਜੈਤੋ, ਬਰਗਾੜੀ, ਬਾਜਾਖਾਨਾ, ਪੰਜਗਰਾਈਂ ਕਲਾਂ ਤੇ ਸਾਦਿਕ ਦੇ ਦੋ ਦਰਜਨ ਤੋਂ ਵੀ ਜ਼ਿਆਦਾ ਸੀਨੀਅਰ ਪੱਤਰਕਾਰਾਂ ਨੇ ਦਾਅਵਾ ਕੀਤਾ ਕਿ ਇਕ ਇਮਾਨਦਾਰ, ਸਮਾਜ ਸੇਵੀ ਤੇ ਸਮਾਜ ਸੁਧਾਰਕ ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ। ਉਨ੍ਹਾ ਆਖਿਆ ਕਿ ਜੇਕਰ ਇਨਸਾਫ ਨਾ ਮਿਲਿਆ ਤਾਂ ਚੀਫ ਜਸਟਿਸ ਪੰਜਾਬ ਐਂਡ ਹਰਿਆਣਾ ਹਾਈ ਕੋਰਟ, ਚੇਅਰਮੈਨ ਮਨੁੱਖੀ ਅਧਿਕਾਰ ਕਮਿਸ਼ਨ, ਚੇਅਰਮੈਨ ਬਾਰ ਕੌਂਸਲ ਆਫ ਪੰਜਾਬ ਐਂਡ ਹਰਿਆਣਾ, ਕ੍ਰਾਈਮ ਬਰਾਂਚ ਚੰਡੀਗੜ੍ਹ ਤੇ ਚੇਅਰਮੈਨ ਪ੍ਰੈੱਸ ਕੌਂਸਲ ਆਫ ਇੰਡੀਆ ਦਾ ਦਰਵਾਜ਼ਾ ਖੜਕਾਉਣ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

ਅੰਤ ਵਿੱਚ ਪੱਤਰਕਾਰ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਜ਼ਿਲ੍ਹਾ ਫਰੀਦਕੋਟ ਦੇ ਸਮੁੱਚੇ ਪੱਤਰਕਾਰ ਭਾਈਚਾਰੇ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਪੱਤਰਕਾਰ ਭਾਈਚਾਰੇ ਦਾ ਸਿਰ ਨਹੀਂ ਝੁਕਣ ਦੇਵੇਗਾ। ਉਂਝ ਉਨ੍ਹਾਂ ਦੱਸਿਆ ਕਿ ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਪ੍ਰਧਾਨ ਬਲਵੀਰ ਸਿੰਘ ਜੰਡੂ ਤੇ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਸਮੇਤ ਸਮੁੱਚੀ ਸੂਬਾਈ ਕਾਰਜਕਾਰਨੀ ਨੇ ਵੀ ਜਥੇਬੰਦੀ ਦੇ ਆਗੂ ਤੇ ਸੀਨੀਅਰ ਪੱਤਰਕਾਰ ਨਾਲ ਹੋ ਰਹੀ ਜ਼ਿਆਦਤੀ ਖਿਲਾਫ ਕੀਤੀਆਂ ਗਈਆਂ ਸ਼ਿਕਾਇਤਾਂ ਦਾ ਸਮਰਥਨ ਕਰਦਿਆਂ ਵਿਸ਼ਵਾਸ ਦਿਵਾਇਆ ਹੈ ਕਿ ਜਥੇਬੰਦੀ ਦੇ ਕਿਸੇ ਵੀ ਅਹੁਦੇਦਾਰ ਤੇ ਮੈਂਬਰ ਨਾਲ ਇਸ ਤਰ੍ਹਾਂ ਦੀ ਬਦਸਲੂਕੀ ਜਾਂ ਜ਼ਿਆਦਤੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

# ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਵੱਲੋਂ ਮੁਫਤ ਮੈਡੀਕਲ ਚੈੱਕਅਪ ਕੈਂਪ



**ਭਗਤਾ ਭਾਈ ਕਾ (ਰਾਜੀਵ ਗੋਇਲ)**-'ਦ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈ ਕਾ ਵੱਲੋਂ ਬੀਤੇ ਦਿਨ ਆਦੇਸ਼ ਮੈਡੀਕਲ ਕਾਲਜ ਭੁੱਚੋ (ਬਠਿੰਡਾ) ਦੀ ਸਹਾਇਤਾ ਨਾਲ ਮੁਫਤ ਈ.ਐੱਨ.ਟੀ. ਤੇ ਡੈਂਟਲ ਚੈੱਕਅੱਪ ਕੈਂਪ ਲਗਾਇਆ ਗਿਆ। ਦੂਸਰੀ ਤੋਂ ਪੰਜਵੀਂ ਜਮਾਤ ਦੇ ਵਿਦਿਆਰਥੀਆਂ ਦਾ ਡਾ. ਮੋਨਿਕਾ ਭੱਟ ਤੇ ਉਨ੍ਹਾਂ ਦੀ ਟੀਮ ਦੁਆਰਾ ਦੰਦਾਂ ਦਾ ਚੈੱਕਅੱਪ ਕੀਤਾ ਗਿਆ ਤੇ ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਾ ਡਾ. ਸ਼ੀਵਾਤੀ ਤੇ ਉਨ੍ਹਾਂ ਦੀ ਟੀਮ ਦੁਆਰਾ ਕੰਨ, ਨੱਕ ਤੇ ਗਲੇ ਦਾ ਚੈੱਕਅੱਪ ਕੀਤਾ ਗਿਆ।

ਇਸ ਸਮੇਂ ਮੈਡੀਕਲ ਕਾਲਜ ਦੀ ਟੀਮ ਵੱਲੋਂ ਵਿਦਿਆਰਥੀਆਂ ਨੂੰ ਸਿਹਤ ਸੰਭਾਲ ਦੇ ਨੁਕਤੇ ਦੱਸ ਕੇ ਇੱਕ ਸਿਹਤਮੰਦ ਨਾਗਰਿਕ ਬਣਨ ਤੇ ਸਿਹਤਮੰਦ ਸਮਾਜ ਸਿਰਜਨ ਦਾ ਸੁਨੇਹਾ ਦਿੱਤਾ ਗਿਆ। ਇਸ ਸੰਬੰਧੀ ਪ੍ਰਿੰਸੀਪਲ ਰੂਪ ਲਾਲ ਬਾਂਸਲ ਨੇ ਕਿਹਾ ਕਿ ਸਮੇਂ-ਸਮੇਂ 'ਤੇ ਸਕੂਲ ਵਿੱਚ ਇਹੋ-ਜਿਹੇ ਮੈਡੀਕਲ ਕੈਂਪਾਂ ਦਾ ਲੱਗਣਾ ਜ਼ਰੂਰੀ ਹੈ, ਕਿਉਂਕਿ ਇੱਕ ਤੰਦਰੁਸਤ ਸਰੀਰ ਵਿੱਚ ਤੰਦਰੁਸਤ ਮਨ ਦਾ ਵਾਸ ਹੁੰਦਾ ਹੈ। ਉਨ੍ਹਾ ਨੇ ਡਾ. ਸ਼ੀਵਾਤੀ, ਡਾ. ਮੋਨਿਕਾ ਭੱਟ ਤੇ ਉਨ੍ਹਾਂ ਦੀ ਪੂਰੀ ਟੀਮ ਦਾ ਧੰਨਵਾਦ ਕਰਦਿਆਂ ਉਨ੍ਹਾਂ ਨੂੰ ਯਾਦਗਾਰੀ ਚਿੰਨ੍ਹ ਭੇਟ ਕੀਤੇ।

ਇਸ ਮੌਕੇ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਸ੍ਰ: ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਭਗਤਾ ਭਾਈ ਕਾ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਤੇ ਕੁਆਰਡੀਨੇਟਰਜ਼ ਵੀ ਮੌਜੂਦ ਸਨ।

# ਡਾ. ਪੂਨਮਪ੍ਰੀਤ ਕੌਰ ਨੇ ਐੱਸ ਡੀ ਐੱਮ ਦਾ ਅਹੁਦਾ ਸੰਭਾਲਿਆ



**ਪਾਇਲ (ਜਸਦੀਪ ਵਰਤੀਆ)**-ਸਬ ਡਵੀਜ਼ਨਲ ਪਾਇਲ ਦੇ ਐੱਸ ਡੀ ਐੱਮ ਜਸਲੀਨ ਕੌਰ ਭੁੱਲਰ ਦੀ ਬਦਲੀ ਹੋ ਜਾਣ ਬਾਅਦ ਨਿਯੁਕਤ ਕੀਤੇ ਨਵੇਂ ਐੱਸ ਡੀ ਐੱਮ ਡਾ. ਪੂਨਮਪ੍ਰੀਤ ਕੌਰ ਨੇ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਤਹਿਸੀਲ ਦੇ ਸਮੂਹ ਸਟਾਫ ਨੇ ਨਵੀਂ ਐੱਸ.ਡੀ.ਐੱਮ. ਨੂੰ ਜੀ ਆਇਆਂ ਕਿਹਾ ਤੇ ਫੁੱਲਾਂ ਦੇ ਗੁਲਦਸਤੇ ਭੇਟ ਕਰਕੇ ਸਵਾਗਤ ਕੀਤਾ। ਐੱਸ.ਡੀ.ਐੱਮ. ਪੂਨਮਪ੍ਰੀਤ ਕੌਰ ਇਸ ਤੋਂ ਪਹਿਲਾਂ ਲੁਧਿਆਣਾ ਵਿਖੇ ਆਰ.ਟੀ.ਏ. ਵਜੋਂ ਆਪਣੀਆਂ ਸੇਵਾਵਾਂ ਨਿਭਾਅ ਰਹੇ ਸਨ। ਐੱਸ.ਡੀ.ਐੱਮ. ਪੂਨਮਪ੍ਰੀਤ ਕੌਰ ਨੇ ਚਾਰਜ ਸੰਭਾਲਣ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਉਨ੍ਹਾਂ ਦੀ ਪਹਿਲ ਐੱਸ.ਡੀ.ਐੱਮ. ਦਫਤਰ ਵਿਖੇ ਕੰਮ ਕਰਵਾਉਣ ਆਉਣ ਵਾਲੇ ਲੋਕਾਂ ਨੂੰ ਬਿਨਾਂ ਕਿਸੇ ਖੱਜਲਖੁਆਰੀ ਦੇ ਕੰਮ ਕਰਵਾਉਣਾ ਹੋਵੇਗਾ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਸੇਵਾ ਕੇਂਦਰ ਤੇ ਫਰਦ ਕੇਂਦਰ ਵਿਖੇ ਕਿਸੇ ਵੀ ਵਿਅਕਤੀ ਨੂੰ ਕੰਮ ਕਰਵਾਉਣ ਲਈ ਪ੍ਰੇਸ਼ਾਨੀ ਨਹੀਂ ਆਉਣ ਦਿੱਤੀ ਜਾਵੇਗੀ ਤੇ ਸਾਰੇ ਲੋਕਾਂ ਨੂੰ ਇਨਸਾਫ ਦਿੱਤਾ ਜਾਵੇਗਾ। ਚਾਰਜ ਸੰਭਾਲਣ ਉਪਰੰਤ ਉਨ੍ਹਾਂ ਪਾਇਲ ਦੇ ਸੇਵਾ ਕੇਂਦਰ ਤੇ ਫਰਦ ਕੇਂਦਰ ਦੀ ਚੈਕਿੰਗ ਵੀ ਕੀਤੀ ਅਤੇ ਉਨ੍ਹਾਂ ਨੂੰ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਲੋਕਾਂ ਦਾ ਕੰਮਕਾਜ ਸਮੇਂ ਸਿਰ ਕਰਕੇ ਦੇਣ ਦੀਆਂ ਹਦਾਇਤਾਂ ਕੀਤੀਆਂ।

# ਵੀਨਾ ਸ਼ਰਮਾ ਨੂੰ ਸੇਵਾ ਮੁਕਤੀ ਮੌਕੇ ਵਿਦਾਇਗੀ ਪਾਰਟੀ ਤੇ ਸਨਮਾਨ



**ਕੋਟਕਪੂਰਾ (ਰਛਪਾਲ ਭੁੱਲਰ)**-ਦਫਤਰ ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ ਦੇ ਦਰਜਾ ਚਾਰ ਮੁਲਾਜ਼ਮ ਵੀਨਾ ਸ਼ਰਮਾ 30 ਸਾਲ ਦੀ ਸੇਵਾ ਨਿਭਾਉਣ ਉਪਰੰਤ 31 ਅਕਤੂਬਰ 2023 ਨੂੰ ਸੇਵਾ ਮੁਕਤ ਹੋ ਗਏ ਹਨ। ਉਨ੍ਹਾਂ ਦੀ ਸੇਵਾ ਮੁਕਤੀ ਮੌਕੇ ਪਸ਼ੂ ਪਾਲਣ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਵਿਦਾਇਗੀ ਪਾਰਟੀ ਦਿੱਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਦੀ ਕਲਾਸ ਫੋਰਥ ਗੌਰਮਿੰਟ ਇੰਪਲਾਈਜ਼ ਯੂਨੀਅਨ ਪਸ਼ੂ ਪਾਲਣ ਵਿਭਾਗ ਦੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਬਰਨਾਲਾ, ਸੂਬਾ ਮੀਤ ਪ੍ਰਧਾਨ ਇਕਬਾਲ ਸਿੰਘ, ਜ਼ਿਲ੍ਹਾ ਪ੍ਰਧਾਨ ਕੁਲਵੀਰ ਸਿੰਘ, ਕਸ਼ਮੀਰ ਸਿੰਘ ਜਨਰਲ ਸਕੱਤਰ, ਰਜਿੰਦਰ ਸਿੰਘ ਖਜ਼ਾਨਚੀ ਤੇ ਡਿਪਟੀ ਡਾਇਰੈਕਟਰ ਦਫਤਰ ਦੇ ਕੁਲਦੀਪ ਸਿੰਘ ਸੀਨੀਅਰ ਸਹਾਇਕ, ਮਨਜੀਤ ਸਿੰਘ ਸੀਨੀਅਰ ਸਹਾਇਕ ਨੇ ਵੀਨਾ ਸ਼ਰਮਾ ਵੱਲੋਂ ਵਿਭਾਗ ਦੀ ਬਿਹਤਰੀ ਲਈ ਨਿਭਾਈਆਂ ਗਈਆਂ ਸ਼ਾਨਦਾਰ ਸੇਵਾਵਾਂ ਦੀ ਸ਼ਲਾਘਾ ਕੀਤੀ ਤੇ ਉਨ੍ਹਾਂ ਨੂੰ ਯਾਦਗਾਰੀ ਤੋਹਫੇ ਦੇ ਕੇ ਸਨਮਾਨ ਕੀਤਾ ਗਿਆ ਅਤੇ ਵੀਨਾ ਸ਼ਰਮਾ ਦੇ ਸਮੁੱਚੇ ਪਰਿਵਾਰ ਦੇ ਉੱਜਵਲ ਭਵਿੱਖ ਦੀ ਕਾਮਨਾ ਕੀਤੀ ਗਈ। ਬੁਲਾਰਿਆਂ ਨੇ ਕਿਹਾ ਕਿ ਜਦੋਂ ਦੀ ਸਾਡੀ ਯੂਨੀਅਨ ਹੋਂਦ ਵਿੱਚ ਆਈ ਹੈ, ਉਦੋਂ ਤੋਂ ਲੈ ਕੇ ਸਾਡੇ ਸੂਬਾ ਪ੍ਰਧਾਨ ਜਗਦੀਸ਼ ਸਿੰਘ ਬਰਨਾਲਾ ਦੀ ਰਹਿਨੁਮਾਈ ਹੇਠ ਯੂਨੀਅਨ ਦੇ ਸਾਰੇ ਦਰਜਾਚਾਰ ਸਾਥੀਆਂ ਦੇ ਕੰਮ ਬਹੁਤ ਵਧੀਆ ਢੰਗ ਨਾਲ ਕੀਤੇ ਜਾ ਰਹੇ ਹਨ, ਜਿਵੇਂ ਕਿ ਪ੍ਰਮੋਸ਼ਨ ਚੈਨਲ, ਨਵੀਂ ਭਰਤੀ ਆਦਿ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਬਹੁਤ ਜਲਦੀ ਆਪਣੇ ਮਹਿਕਮੇ ਵਿੱਚ ਨਵੀਂਆਂ ਦਰਜਾਚਾਰ ਦੀਆਂ 1183 ਪੋਸਟਾਂ ਦੀ ਭਰਤੀ ਸ਼ੁਰੂ ਕਰ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਸੰਤ ਸਿੰਘ ਜਰਨਲ ਸੈਕਟਰੀ ਮੋਗਾ, ਚੇਅਰਮੈਨ ਰਾਮ ਸਿੰਘ ਬਠਿੰਡਾ, ਸੀਨੀਅਰ ਮੀਤ ਪ੍ਰਧਾਨ ਗੌਤਮ ਭਾਰਦਵਾਜ ਪਟਿਆਲਾ, ਅਮੋਲਕ ਸਿੰਘ ਦਫਤਰ ਸਕੱਤਰ ਲੁਧਿਆਣਾ ਤੇ ਗੁਰਮੇਲ ਸਿੰਘ ਖਜ਼ਾਨਚੀ ਸ੍ਰੀ ਮੁਕਤਸਰ ਸਾਹਿਬ ਆਦਿ ਸ਼ਾਮਲ ਸਨ

## ਕਾਤਰਾਂ

### ਪ੍ਰਿੰ. ਬੇਰੀ ਦੇ ਕਾਵਿ ਸੰਗ੍ਰਹਿ ਦਾ ਲੋਕ ਅਰਪਣ 7 ਨੂੰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਪੰਜਾਬ ਦੇ ਸਿੱਖਿਆ ਵਿਭਾਗ 'ਚੋਂ ਸੇਵਾ ਮੁਕਤ ਪ੍ਰਿੰਸੀਪਲ ਕਰਤਾਰ ਸਿੰਘ ਬੇਰੀ ਦੁਆਰਾ ਲਿਖਤ ਦੂਸਰਾ ਕਾਵਿ ਸੰਗ੍ਰਹਿ "ਜਿੰਦੜੀ ਬੋਲ ਪਈ" ਛਪ ਕੇ ਤਿਆਰ ਹੋ ਚੁੱਕਾ ਹੈ। ਇਸ ਕਾਵਿ ਸੰਗ੍ਰਹਿ ਦਾ ਲੋਕ ਅਰਪਣ 7 ਨਵੰਬਰ ਨੂੰ ਸ਼ਾਮ ਦੇ 4:00 ਵਜੇ ਸਥਾਨਕ ਸਿਟੀ ਹੋਟਲ ਵਿਖੇ ਕੀਤਾ ਜਾਵੇਗਾ। ਕਾਵਿ ਸੰਗ੍ਰਹਿ ਨੂੰ ਲੋਕ ਅਰਪਣ ਕਰਨ ਦੀ ਰਸਮ ਸੇਵਾ ਮੁਕਤ ਡਿਪਟੀ ਡੀ.ਈ.ਓ. ਬਲਦੇਵ ਸਿੰਘ ਬੇਦੀ ਕਰਨਗੇ। ਪ੍ਰਿੰ. ਬੇਰੀ ਨੇ ਸਮੂਹ ਪੈਨਸ਼ਨਰਾਂ ਤੇ ਸੀਨੀਅਰ ਸਿਟੀਜਨਾਂ ਨੂੰ ਕਾਵਿ ਸੰਗ੍ਰਹਿ ਲੋਕ ਅਰਪਣ ਸਮੇਂ ਸ਼ਾਮਲ ਹੋਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

### ਵਿਪੁਲ ਨਾਰੰਗ ਵੱਲੋਂ ਬੱਚਿਆਂ ਦੀ ਪੜ੍ਹਾਈ ਲਈ ਵਿੱਤੀ ਮਦਦ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਮਾਜ ਸੇਵੀ ਤੇ ਰੋਟਰੀ ਕਲੱਬ ਫ਼ਿਰੋਜ਼ਪੁਰ ਛਾਉਣੀ ਦੇ ਮੁਖੀ ਵਿਪੁਲ ਨਾਰੰਗ ਨੇ ਪਿੰਡ ਕਟੋਰਾ ਦੇ ਲੋੜਵੰਦ ਬੱਚਿਆਂ ਨੂੰ 11 ਹਜ਼ਾਰ ਰੁਪਏ ਦਾ ਚੈੱਕ ਦਿੱਤਾ।ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ, ਡਾ. ਕਮਲ ਬਾਗੀ, ਅਸ਼ੋਕ ਬਹਿਲ ਸਕੱਤਰ ਰੈੱਡ ਕਰਾਸ, ਡਾ. ਸਤਿੰਦਰ ਸਿੰਘ ਪ੍ਰਿੰਸੀਪਲ ਤੇ ਐੱਨ.ਜੀ.ਓ. ਦੇ ਹੋਰ ਮੈਂਬਰ ਹਾਜ਼ਰ ਸਨ। ਦੱਸ ਦੇਈਏ ਕਿ ਵਿਪੁਲ ਨਾਰੰਗ ਇਸ ਤੋਂ ਪਹਿਲਾਂ ਵੀ ਲੋੜਵੰਦ ਬੱਚਿਆਂ ਦੀ ਮਦਦ ਲਈ ਹਜ਼ਾਰਾਂ ਰੁਪਏ ਖਰਚ ਕਰ ਚੁੱਕੇ ਹਨ।ਇਸੇ ਤਰ੍ਹਾਂ ਕੁਝ ਸਮਾਂ ਪਹਿਲਾਂ ਵੀ ਉਨ੍ਹਾਂ ਨੇ ਕੈਂਸਰ ਤੋਂ ਪੀੜਤ ਦਿਵਿਆ ਦੀ ਬੇਟੀ ਪ੍ਰਵੀਨ ਦੀ ਮਦਦ ਲਈ 5000 ਰੁਪਏ ਦਿੱਤੇ ਸਨ।

### 700 ਗ੍ਰਾਮ ਅਫੀਮ ਸਣੇ ਕਾਬੂ

**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਸਥਾਨਕ ਪੁਲਸ ਵੱਲੋਂ ਗਸ਼ਤ ਦੌਰਾਨ ਪਿੰਡ ਹੀਰਾਂ ਵਾਲੀ ਤੋਂ ਲਿੰਕ ਰੋਡ ਪਿੰਡ ਜੰਡ ਵਾਲਾ ਖਰਤਾ ਨੂੰ ਜਾਂਦੀ ਸੜਕ 'ਤੇ ਸਾਹਮਣ ਤੋਂ ਹੀਰਾਂ ਵਾਲੀ ਪਿੰਡ ਤੋਂ ਪੈਦਲ ਨੌਜਵਾਨ ਹੱਥ 'ਚ ਝੋਲਾ ਫੜੀ ਆਉਂਦਾ ਦਿਖਾਈ ਦਿੱਤਾ, ਜੋ ਪੁਲਸ ਪਾਰਟੀ ਨੂੰ ਦੇਖ ਕੇ ਝੋਲਾ ਸੁੱਟ ਕੇ ਪਿਸ਼ਾਬ ਕਰਨ ਬੈਠ ਗਿਆ, ਜਿਸ ਨੂੰ ਕਾਬੂ ਕਰਕੇ ਨਾਮ ਪਤਾ ਪੁੱਛਿਆ ਤਾਂ ਉਸ ਨੇ ਆਪਣਾ ਨਾਮ (ਦੋਸੀ) ਹਰਪ੍ਰੀਤ ਸਿੰਘ ਪੁੱਤਰ ਰਘਵੀਰ ਸਿੰਘ ਵਾਸੀ ਜੰਡ ਵਾਲਾ ਖਰਤਾ ਦੱਸਿਆ। ਝੋਲੇ ਦੀ ਤਲਾਸ਼ੀ ਲੈਣ 'ਤੇ ਉਸ 'ਚੋਂ 700 ਗਰਾਮ ਅਫੀਮ ਬਰਾਮਦ ਹੋਈ, ਜਿਸ 'ਤੇ ਥਾਣਾ ਸਦਰ ਫਾਜ਼ਿਲਕਾ ਕੇਸ ਦਰਜ ਕਰਕੇ ਮੁਲਜ਼ਮ ਹਰਪ੍ਰੀਤ ਸਿੰਘ ਨੂੰ ਗ੍ਰਿਫਤਾਰ ਕਰ ਲਿਆ।

### ਅੱਧਾ ਕਿੱਲੋ ਅਫੀਮ ਸਮੇਤ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਫ਼ਿਰੋਜ਼ਪੁਰ ਪੁਲਸ ਨੇ ਗਸ਼ਤ ਤੇ ਛਾਪੇਮਾਰੀ ਦੌਰਾਨ ਅਫੀਮ ਨਸ਼ਾ ਤਸਕਰ ਨੂੰ ਕਾਬੂ ਕੀਤਾ ਹੈ, ਜਿਸ ਕੋਲੋਂ ਅੱਧਾ ਕਿੱਲੋ ਅਫੀਮ ਬਰਾਮਦ ਕੀਤੀ।ਮੁਲਜ਼ਮ ਖ਼ਿਲਾਫ਼ ਐੱਨ ਡੀ ਪੀ ਐੱਸ ਐਕਟ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ।ਜਲਦੀ ਹੀ ਮੁਲਜ਼ਮਾਂ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।ਥਾਣਾ ਘੱਲਖੁਰਦ ਦੇ ਐੱਸਆਈ ਜਸਪਾਲ ਸਿੰਘ ਨੇ ਦੱਸਿਆ ਕਿ ਉਹ ਪੁਲਸ ਪਾਰਟੀ ਸਮੇਤ ਗਸ਼ਤ 'ਤੇ ਸਨ ਤਾਂ ਮੁਖ਼ਬਰ ਨੇ ਇਤਲਾਹ ਦਿੱਤੀ ਕਿ ਮੁਲਜ਼ਮ ਲਾਰੈਂਸ ਪੁੱਤਰ ਸੁਨੀਲ ਕੁਮਾਰ ਵਾਸੀ ਮੇਨ ਬਜ਼ਾਰ ਮੱਖੂ ਅਫ਼ੀਮ ਵੇਚਣ ਦਾ ਆਦੀ ਹੈ।ਇਸ ਸਮੇਂ ਉਹ ਕ੍ਰੇਟਾ ਕਾਰ 'ਚ ਅਫੀਮ ਨਸ਼ੀਲੇ ਪਦਾਰਥ ਵੇਚਣ ਲਈ ਲਿਆ ਰਿਹਾ ਸੀ, ਉਪਰੋਕਤ ਸੂਚਨਾ ਦੇ ਆਧਾਰ 'ਤੇ ਜਦੋਂ ਨਾਕਾਬੰਦੀ ਕਰਕੇ ਦੋਸ਼ੀ ਨੂੰ ਕਾਬੂ ਕੀਤਾ ਗਿਆ ਤਾਂ ਦੋਸ਼ੀ ਕੋਲੋਂ 500 ਗ੍ਰਾਮ ਅਫੀਮ ਨਸ਼ੀਲਾ ਪਦਾਰਥ ਤੇ ਕ੍ਰੇਟਾ ਕਾਰ ਬਰਾਮਦ ਹੋਈ। ਮੁਲਜ਼ਮ ਖ਼ਿਲਾਫ਼ ਕੇਸ ਦਰਜ ਕਰਕੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

# ਕਿਸਾਨ ਡੀ ਏ ਪੀ ਖਾਦ ਨਾ ਮਿਲਣ ਕਾਰਨ ਪ੍ਰੇਸ਼ਾਨ



**ਸਮਰਾਲਾ (ਸੁਰਜੀਤ ਸਿੰਘ)**-ਆਲੂਆਂ ਅਤੇ ਕਣਕ ਦੀ ਬਿਜਾਈ ਦਾ ਕੰਮ ਜ਼ੋਰ ਫੜਨ ਲੱਗਾ ਹੈ, ਪ੍ਰੰਤੂ ਇਨ੍ਹਾਂ ਫਸਲਾਂ ਦੀ ਬਿਜਾਈ ਲਈ ਡੀ. ਏ. ਪੀ. ਖਾਦ ਦਾ ਸੁਸਾਇਟੀਆਂ ਤੇ ਬਜ਼ਾਰਾਂ ਵਿਚ ਨਾਮੋ ਨਿਸ਼ਾਨ ਨਹੀਂ ਹੈ। ਅਜਿਹਾ ਸਮਾਂ ਪਹਿਲੀਆਂ ਸਰਕਾਰਾਂ ਵੇਲੇ ਕਦੇ ਵੀ ਕਿਸਾਨਾਂ ਨੂੰ ਦੇਖਣ ਲਈ ਨਹੀਂ ਮਿਲਿਆ, ਪ੍ਰੰਤੂ ਭਗਵੰਤ ਮਾਨ ਦੀ ਸਰਕਾਰ ਨੇ ਕਿਸਾਨਾਂ ਨੂੰ ਦਿਨੇ ਹੀ ਤਾਰੇ ਦਿਖਾਏ ਪਏ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬੀ. ਕੇ. ਯੂ. ਲੱਖੋਵਾਲ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਮਨਜੀਤ ਸਿੰਘ ਢੀਂਡਸਾ ਅਤੇ ਗੁਰਸੇਵਕ ਸਿੰਘ ਬਲਾਕ ਪ੍ਰਧਾਨ ਸਮਰਾਲਾ ਨੇ ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਇਸ ਸਮੇਂ ਨਾ ਪਿੰਡਾਂ ਦੀਆਂ ਸੁਸਾਇਟੀਆਂ ਵਿੱਚ ਅਤੇ ਨਾ ਹੀ ਬਜ਼ਾਰ ਵਿੱਚ ਕਿਸਾਨਾਂ ਨੂੰ ਡੀ. ਏ. ਪੀ. ਖਾਦ ਮਿਲ ਰਹੀ ਹੈ, ਜਿਸ ਕਾਰਨ ਕਿਸਾਨਾਂ ਵਿੱਚ ਆਲੂਆਂ ਦੀ ਬਿਜਾਈ ਪਛੜ ਜਾਣ ਦਾ ਖੌਫ ਪੈਦਾ ਹੋ ਗਿਆ ਅਤੇ ਸਰਕਾਰ ਪ੍ਰਤੀ ਭਾਰੀ ਰੋਸ ਪੈਦਾ ਹੋ ਰਿਹਾ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਮੰਗ ਕੀਤੀ ਕਿਸਾਨਾਂ ਦੀ ਇਸ ਮੁਸ਼ਕਿਲ ਨੂੰ ਧਿਆਨ ਵਿੱਚ ਰੱਖਦੇ ਹੋਏ ਡੀ. ਏ. ਪੀ. ਖਾਦ ਸੁਸਾਇਟੀਆਂ ਵਿੱਚ ਤੁਰੰਤ ਭੇਜੇ। ਆਗੂਆਂ ਨੇ ਚਿਤਾਵਨੀ ਦਿੰਦੇ ਹੋਏ ਕਿਹਾ ਕਿ ਜੇਕਰ ਸਰਕਾਰ ਨੇ ਇਸ ਵੱਲ ਫੌਰੀ ਧਿਆਨ ਨਾ ਦਿੱਤਾ ਤਾਂ ਬੀ. ਕੇ. ਯੂ. (ਲੱਖੋਵਾਲ) ਵੱਲੋਂ ਤਹਿਸੀਲ ਅਤੇ ਜ਼ਿਲ੍ਹਾ ਪੱਧਰ ਤੇ ਰੋਸ ਪ੍ਰਦਰਸ਼ਨ ਕਰਨਗੇ।

# ਐੱਚ ਐੱਮ ਡੀ ਏ ਵੀ ਪਬਲਿਕ ਸਕੂਲ 'ਚ ਡੇਂਗੂ ਦਾ ਲਾਰਵਾ ਮਿਲਿਆ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਿਵਲ ਸਰਜਨ ਡਾਕਟਰ ਮੀਨਾਕਸ਼ੀ ਅਬਰੋਲ ਦੇ ਦਿਸ਼ਾ ਨਿਰਦੇਸ਼ ਅਨੁਸਾਰ ਤੇ ਜ਼ਿਲ੍ਹਾ ਐਪੀਡਮੋਲਜਿਸਟ ਡਾਕਟਰ ਯੁਵਰਾਜ ਨਾਰੰਗ ਤੇ ਸ਼ਮਿੰਦਰ ਪਾਲ ਕੌਰ ਦੇ ਹੁਕਮਾਂ ਸਦਕਾ ਡਰਾਈ ਡੇਅ ਨੂੰ ਮੁੱਖ ਰੱਖਦੇ ਹੋਏ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਪੰਜਾਬ ਚੰਡੀਗੜ੍ਹ ਦੇ ਆਰਡਰਾਂ ਦੀ ਪਾਲਣਾ ਕਰਦੇ ਹੋਏ ਅੱਜ ਮਾਡਲ ਟਾਊਨ ਮੱਲਵਾਲ ਰੋਡ ਦੇ ਪ੍ਰਾਈਵੇਟ ਸਕੂਲ ਤੇ ਸਰਕਾਰੀ ਸਕੂਲਾਂ ਵਿੱਚ ਡੇਂਗੂ ਲਾਰਵੇ ਦੀ ਭਾਲ ਕੀਤੀ ਗਈ।ਇਸ ਮੌਕੇ ਅਸਿਸਟੈਂਟ ਮਲੇਰੀਆ ਅਫਸਰ ਹਰਮੇਸ਼ ਚੰਦਰ ਦੀ ਅਗਵਾਈ ਵਿੱਚ ਤੇ ਨਰਿੰਦਰ ਸ਼ਰਮਾ ਵੱਲੋਂ ਐੱਚ ਐੱਮ ਡੀਏਵੀ ਸੀਨੀਅਰ ਸੈਕੰਡਰੀ ਸਕੂਲ, ਐੱਚ ਐੱਮ ਕਾਨਵੈਂਟ ਸਕੂਲ, ਗੋਬਿੰਦ ਕਾਨਵੈਂਟ ਸਕੂਲ ਤੇ ਹੋਰ ਸਕੂਲਾਂ ਵਿੱਚ ਡੇਂਗੂ ਲਾਰਵੇ ਦੀ ਭਾਲ ਕੀਤੀ ਗਈ।ਇਸ ਦੌਰਾਨ ਐੱਚ ਐੱਮ ਡੀਏਵੀ ਪਬਲਿਕ ਸਕੂਲ ਵਿੱਚ ਭਾਰੀ ਮਾਤਰਾ ਵਿੱਚ ਡੇਂਗੂ ਦਾ ਲਾਰਵਾ ਮਿਲਿਆ।ਲਾਰਵੇ ਮਿਲਣ ਉਪਰੰਤ ਲਾਰਵੇ ਵਾਲੀ ਜਗ੍ਹਾ 'ਤੇ ਸਪਰੇਅ ਕਰਵਾਈ ਗਈ। ਨਰਿੰਦਰ ਸ਼ਰਮਾ ਨੇ ਦੱਸਿਆ ਕਿ ਇਸ ਸਮੇਂ ਡੇਂਗੂ ਸੀਜ਼ਨ ਪੂਰੇ ਜ਼ੋਰਾਂ 'ਤੇ ਹੈ ਤੇ ਡੇਂਗੂ ਦੇ ਬਹੁਤ ਸਾਰੇ ਕੇਸ ਆ ਰਹੇ।ਉਨ੍ਹਾਂ ਦੱਸਿਆ ਕਿ ਇਹ ਸਕੂਲ ਵਿੱਚ ਪਹਿਲਾਂ ਵੀ ਇੱਕ ਵਾਰ ਵਾਰਨਿੰਗ ਦੇਰ ਉਪਰੰਤ ਡੇਂਗੂ ਲਾਰਵਾ ਨਸ਼ਟ ਕਰਵਾਇਆ ਗਿਆ, ਪਰ ਇਸ ਵਾਰ ਉਨ੍ਹਾਂ ਦੀ ਟੀਮ ਵੱਲੋਂ ਉੱਚ ਅਧਿਕਾਰੀਆਂ ਨੂੰ ਲਿਖ ਕੇ ਇਸ ਦੀ ਸੂਚਨਾ ਦੇ ਦਿੱਤੀ ਗਈ ਹੈ, ਜੋ ਵੀ ਬਣਦੀ ਕਾਰਵਾਈ, ਉਹ ਡਿਪਾਰਟਮੈਂਟ ਵੱਲੋਂ ਕੀਤੀ ਜਾਵੇਗੀ। ਨਰਿੰਦਰ ਸ਼ਰਮਾ ਨੇ ਦੱਸਿਆ ਕਿ ਡੇਂਗੂ ਬੁਖਾਰ ਹੋਣ ਨਾਲ ਸਿਰ ਵਿੱਚ ਦਰਦ, ਬਹੁਤ ਤੇਜ਼ ਅੱਖਾਂ ਵਿੱਚ ਦਰਦ, ਅੱਖਾਂ ਦਾ ਲਾਲ ਹੋਣਾ, ਮੂੰਹ ਵਿੱਚ ਖੂਨ ਆਉਣਾ, ਜੋੜਾਂ ਵਿੱਚ ਦਰਦ ਹੋਣਾ, ਬਾਥਰੂਮ ਰਾਹੀਂ ਖੂਨ ਆਉਣਾ ਤੇ ਕਈ ਵਾਰ ਲੈਟਰਿੰਗ ਵਿੱਚ ਵੀ ਖੂਨ ਆਉਣਾ ਸ਼ੁਰੂ ਹੋ ਜਾਂਦਾ ਹੈ, ਜਿਸ ਨਾਲ ਮਰੀਜ਼ ਦੀ ਮੌਤ ਵੀ ਹੋ ਸਕਦੀ ਹੈ।ਉਨ੍ਹਾਂ ਦੱਸਿਆ ਕਿ ਸਾਨੂੰ ਕਿਸੇ ਨੂੰ ਵੀ ਬੁਖਾਰ ਹੁੰਦਾ ਹੈ ਤੇ ਆਪਣੀ ਜਾਂਚ ਸਿਵਲ ਹਸਪਤਾਲ ਫਿਰੋਜ਼ਪੁਰ ਵਿਖੇ ਬਿਲਕੁਲ ਫ੍ਰੀ ਕਰਵਾਉਣੀ ਚਾਹੀਦੀ ਹੈ।ਡੇਂਗੂ ਦਾ ਟੈਸਟ ਤੇ ਇਲਾਜ ਸਿਵਲ ਹਸਪਤਾਲ ਵਿੱਚ ਬਿਲਕੁਲ ਫ੍ਰੀ ਕੀਤਾ ਜਾਂਦਾ ਹੈ।ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਿੰਦਰ ਸਿੰਘ ਤੇ ਵਿਜੇ ਆਦਿ ਮੌਜੂਦ ਸਨ।

# ਪ੍ਰਾਇਮਰੀ ਸਕੂਲਾਂ ਦੀਆਂ ਬਲਾਕ ਪੱਧਰੀ ਖੇਡਾਂ ਸੰਪੰਨ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਪ੍ਰਾਇਮਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੀਆਂ ਬਲਾਕ ਪੱਧਰੀ ਖੇਡਾਂ ਘੱਗਾ ਦੇ ਨੇੜਲੇ ਪਿੰਡ ਦੇਧਨਾ ਵਿਖੇ ਗੁਰਪ੍ਰੀਤ ਵਰਮਾ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਸਮਾਣਾ 3 ਤੇ ਬਲਾਕ ਨੋਡਲ ਅਫਸਰ ਜਸਵਿੰਦਰ ਸਿੰਘ ਦੀ ਅਗਵਾਈ ਹੇਠ ਕਰਵਾਈਆਂ ਗਈਆਂ। ਇਨ੍ਹਾਂ ਖੇਡਾਂ 'ਚ ਬਲਾਕ ਦੇ ਲਗਭਗ ਸੱਠ ਤੋਂ ਵੱਧ ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ। ਕੁੜੀਆਂ ਦੀ ਕਬੱਡੀ ਮੁਕਾਬਲੇ 'ਚ ਬਾਦਸ਼ਾਹਪੁਰ ਪ੍ਰਾਇਮਰੀ ਸਕੂਲ ਦੀਆਂ ਵਿਦਿਆਰਥਣਾਂ ਨੇ ਫਾਈਨਲ ਮੁਕਾਬਲੇ ਨੂੰ ਜਿੱਤ ਕੇ ਬਾਜ਼ੀ ਮਾਰੀ। ਇਸ ਤੋਂ ਇਲਾਵਾ ਰੀਲੇਅ ਕੁੜੀਆਂ, 200 ਮੀ. ਦੌੜ ਕੁੜੀਆਂ ਤੇ ਲੰਮੀ ਛਾਲ ਕੁੜੀਆਂ ਵਿੱਚ ਪ੍ਰਾਇਮਰੀ ਸਕੂਲ ਕਲਵਾਨੂੰ ਦੀਆਂ ਕੁੜੀਆਂ ਨੇ ਬਾਜ਼ੀ ਮਾਰੀ। ਜੇਤੂ ਬੱਚਿਆਂ ਨੂੰ ਮੁਬਾਰਕਬਾਦ ਦਿੰਦਿਆਂ ਸੀ ਐੱਚ ਟੀ ਕੁਲਦੀਪ ਕੌਰ, ਮੁੱਖ ਅਧਿਆਪਕ ਬਾਦਸ਼ਾਹਪੁਰ ਧਰਮਿੰਦਰ ਜੀਤ ਤੇ ਰਾਜਿੰਦਰ ਸਿੰਘ ਮੁੱਖ ਅਧਿਆਪਕ ਕਲਵਾਨੂੰ ਨੇ ਇਸ ਜਿੱਤ ਲਈ ਵੱਧ ਤੋਂ ਵੱਧ ਖੇਡਾਂ 'ਚ ਹਿੱਸਾ ਲੈਣ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਇਸ ਮੌਕੇ ਕੋਚ ਹਰਬੰਸ ਸਿੰਘ, ਪੁਨੀਤ ਸ਼ਰਮਾ, ਨਿਸ਼ਚਲ ਕੁਮਾਰ, ਮੈਡਮ ਸਿਮਰਪ੍ਰੀਤ, ਗਗਨਦੀਪ ਕੌਰ, ਮਹਿੰਗਾ ਸਿੰਘ ਵੱਲੋਂ ਸਕੂਲ 'ਚ ਜੇਤੂ ਵਿਦਿਆਰਥੀਆਂ ਨੂੰ ਮੈਡਲ ਪਾ ਕੇ ਸਨਮਾਨਤ ਕੀਤਾ ਗਿਆ।

# ਥਾਣਾ ਮੁਖੀ ਜਸਵਿੰਦਰ ਸਿੰਘ ਨੂੰ ਕੀਤਾ ਸਨਮਾਨਤ



**ਕੋਟ ਈਸੇ ਖਾਂ (ਅਰੋੜਾ)**-ਥਾਣਾ ਮੁਖੀ ਇਕਬਾਲ ਹੁਸੈਨ ਦੀ ਬਦਲੀ ਹੋਣ ਉਪਰੰਤ ਨਵੇਂ ਥਾਣਾ ਮੁਖੀ ਇੰਸਪੈਕਟਰ ਜਸਵਿੰਦਰ ਸਿੰਘ ਨੂੰ ਕ੍ਰਿਸ਼ਨ ਕੁਮਾਰ ਬਜਾਜ, ਡਾ. ਬ੍ਰਿਜ ਮੋਹਨ ਅਤੇ ਗੁਰਸੇਵਕ ਸਿੰਘ ਤਲਵੰਡੀ-ਨੌ-ਬਹਾਰ ਵੱਲੋਂ ਸਨਮਾਨਤ ਕੀਤਾ ਗਿਆ। ਇਸ ਮੌਕੇ ਮੀਟਿੰਗ ਕਰਦਿਆਂ ਆਗੂਆਂ ਵੱਲੋਂ ਥਾਣਾ ਮੁਖੀ ਜਸਵਿੰਦਰ ਸਿੰਘ ਨਾਲ ਵਿਚਾਰ ਵਟਾਂਦਰਾ ਕਰਦਿਆਂ ਬੁਲਟ ਤੇ ਪਟਾਕੇ ਪਾਉਣ, ਟਰੈਫਿਕ ਦੀ ਸਮੱਸਿਆ, ਪ੍ਰੈਸ਼ਰ ਹਾਰਨ ਅਤੇ ਬਿਨਾਂ ਕਿਸੇ ਕਾਰਨ ਦੇ ਸ਼ੋਰ ਪ੍ਰਦੂਸ਼ਣ ਸਬੰਧੀ ਗੱਲਬਾਤ ਕੀਤੀ ਗਈ। ਇਸ ਮੌਕੇ ਥਾਣਾ ਮੁਖੀ ਜਸਵਿੰਦਰ ਸਿੰਘ ਨੇ ਕਿਹਾ ਕਿ ਇਲਾਕੇ ਅੰਦਰ ਅਮਨ ਕਾਨੂੰਨ ਦੀ ਸਥਿਤੀ ਨਿਯੰਤਰ ਰੱਖਣ ਲਈ ਉਹ ਵਚਨਬੱਧ ਹਨ ਤੇ ਸਮਾਜ ਵਿਰੋਧੀ ਘਟਨਾਵਾਂ ਨੂੰ ਲੈ ਕੇ ਸਖਤ ਚੇਤਾਵਨੀ ਦਿੱਤੀ ਗਈ ਹੈ ਤੇ ਜੇਕਰ ਫਿਰ ਵੀ ਅਜਿਹਾ ਕੁਝ ਨਜ਼ਰ ਆਉਂਦਾ ਹੈ ਤਾਂ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਆਮ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਜੇਕਰ ਕੋਈ ਵੀ ਗਲਤ ਅਨਸਰ ਸਮਾਜ ਵਿਰੋਧੀ ਕੰਮ ਕਰਦਾ ਹੈ ਤਾਂ ਉਸ ਬਾਰੇ ਬਿਨਾਂ ਕਿਸੇ ਡਰ ਦੇ ਜਾਣਕਾਰੀ ਪੁਲਸ ਨੂੰ ਦੇਣ, ਉਨ੍ਹਾਂ ਦੀ ਜਾਣਕਾਰੀ ਗੁਪਤ ਰੱਖੀ ਜਾਵੇਗੀ।

# 'ਮੇਲਾ ਦੇਸ਼ ਭਗਤਾਂ ਦਾ' 16 ਨੂੰ, ਪੋਸਟਰ ਰਿਲੀਜ਼



**ਲੌਂਗੋਵਾਲ (ਪ੍ਰਦੀਪ ਸੱਪਲ/ਕੁਲਦੀਪ ਅੱਤਰੀ)**

ਮਾਲਵੇ ਦਾ ਰਵਾਇਤੀ ਤੇ ਪਹਿਚਾਣ ਬਣ ਚੁੱਕਿਆ 'ਮੇਲਾ ਦੇਸ਼ ਭਗਤਾਂ' ਦਾ 16 ਨਵੰਬਰ ਨੂੰ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਤੇ ਗਦਰ ਲਹਿਰ ਦੇ ਨਾਇਕਾਂ ਦੀ ਯਾਦ ਵਿੱਚ ਦੇਸ਼ ਭਗਤ ਯਾਦਗਾਰ ਦੇ ਵਿਹੜੇ ਵਿੱਚ ਹੋਵੇਗਾ। ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਹਰ ਸਾਲ ਕਰਾਏ ਜਾਣ ਵਾਲੇ 19ਵੇਂ ਮੇਲੇ ਨੂੰ ਫਿਰਕਾਪ੍ਰਸਤੀ ਖਿਲਾਫ ਚੱਲੀਆਂ ਤੇ ਚੱਲ ਰਹੀਆਂ ਲਹਿਰਾਂ ਨੂੰ ਸਮਰਪਤ ਕੀਤਾ ਗਿਆ ਹੈ। ਇਸ ਮੌਕੇ ਹਰਕੇਸ਼ ਚੌਧਰੀ ਦੀ ਨਿਰਦੇਸ਼ਨਾਂ ਹੇਠ ਰਾਤ ਨੂੰ ਵਿਦਰੋਹੀ ਤੇ ਅੱਲੜ੍ਹ ਉਮਰਾ ਤਲਖ਼ ਸੁਨੇਹੇ ਨਾਟਕਾਂ ਦਾ ਮੰਚਨ ਕੀਤਾ ਜਾਵੇਗਾ, ਜਦਕਿ ਦਿਨ ਵੇਲੇ ਸਕੂਲਾਂ ਦੇ ਵਿਦਿਆਰਥੀਆਂ ਦੇ ਗਾਇਨ, ਭਾਸ਼ਣ ਤੇ ਕੋਰੀਓਗਰਾਫੀ ਮੁਕਾਬਲੇ ਕਰਵਾਏ ਜਾਣਗੇ। ਇਸ ਮੌਕੇ ਮੇਲੇ ਦਾ ਪੋਸਟਰ ਤੇ ਹੋਰ ਸਮੱਗਰੀ ਰਿਲੀਜ਼ ਕੀਤੀ ਗਈ। ਇਸ ਮੌਕੇ ਸੰਸਥਾ ਖਜ਼ਾਨਚੀ ਅਨਿਲ ਸ਼ਰਮਾ, ਮੀਡੀਆ ਇੰਚਾਰਜ ਬੀਰਬਲ ਸਿੰਘ, ਦਾਤਾ ਸਿੰਘ ਨਮੋਲ, ਗੁਰਮੇਲ ਸਿੰਘ, ਰਾਮ ਕੁਮਾਰ ਤੇ ਸੁਖਬੀਰ ਸਿੰਘ ਹਾਜ਼ਰ ਸਨ।

# ਬਾਬਾ ਫਤਹਿ ਸਿੰਘ ਫੁੱਟਬਾਲ ਕੱਪ ਦਾ ਵਿਧਾਇਕ ਤੇ ਡੀ ਸੀ ਵੱਲੋਂ ਪੋਸਟਰ ਜਾਰੀ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬਾਬਾ ਫਤਹਿ ਸਿੰਘ ਫੁੱਟਬਾਲ ਅਕੈਡਮੀ ਦੇ ਪ੍ਰਧਾਨ ਕਰਮਜੀਤ ਸਿੰਘ ਤੇ ਵਾਈਸ ਪ੍ਰਧਾਨ ਰਣਦੇਵ ਸਿੰਘ ਦੇਬੀ ਨੇ ਦੱਸਿਆ ਕਿ ਅੱਜ ਤੀਜਾ ਆਲ ਇੰਡੀਆ ਬਾਬਾ ਫਤਹਿ ਸਿੰਘ ਅੰਡਰ 17 ਸਾਲ ਫੁੱਟਬਾਲ ਕੱਪ 2023 ਦਾ ਪੋਸਟਰ ਡਿਪਟੀ ਕਮਿਸ਼ਨਰ ਪਰਨੀਤ ਸ਼ੇਰਗਿੱਲ ਤੇ ਵਿਧਾਇਕ ਐਡਵੋਕੇਟ ਲਖਵੀਰ ਸਿੰਘ ਰਾਏ ਵੱਲੋਂ ਜਾਰੀ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਹ ਟੂਰਨਾਮੈਂਟ 11 ਦਸੰਬਰ ਤੋਂ 14 ਦਸੰਬਰ ਤੱਕ ਕਰਵਾਇਆ ਜਾ ਰਿਹਾ ਹੈ, ਇਸ ਵਿੱਚ ਪੂਰੇ ਭਾਰਤ ਵਿੱਚੋਂ 16 ਟੀਮਾਂ ਭਾਗ ਲੈ ਰਹੀਆਂ ਹਨ। ਇਸ ਵਿੱਚ ਪਹਿਲਾ ਇਨਾਮ ਇੱਕ ਲੱਖ, ਦੂਜਾ ਇਨਾਮ ਇਕਵੰਜਾ ਹਜ਼ਾਰ ਤੇ ਤੀਜਾ ਇਨਾਮ ਇੱਕੀ ਹਜ਼ਾਰ ਰੁਪਏ ਦਿੱਤਾ ਜਾਵੇਗਾ। ਲੜਕੀਆਂ ਦੇ ਪੰਜਾਬ ਤੇ ਹਿਮਾਚਲ ਦੀਆਂ ਟੀਮਾਂ ਦੇ ਮੈਚ ਕਰਵਾਏ ਜਾਣਗੇ। ਇਸ ਮੌਕੇ ਪ੍ਰਿੰਸੀਪਲ ਮੈਡਮ ਗੁਰਮੀਤ ਕੌਰ, ਕਰਮਜੀਤ ਸਿੰਘ ਢਿੱਲੋਂ, ਦਵਿੰਦਰ ਸਿੰਘ ਗਰੇਵਾਲ ਗਰੇਵਾਲ ਬਿਲਡਰਜ਼ ਐਂਡ ਪਰਮੋਟਰਜ਼, ਹਰਪ੍ਰੀਤ ਸਿੰਘ ਕੰਗ ਮਾਧੋਪੁਰ ਬੈਂਕ ਮੈਨੇਜਰ, ਨਿਰਮਲ ਸਿੰਘ ਏ ਐੱਸ ਆਈ ਪੰਜਾਬ ਪੁਲਸ, ਰਣਜੀਤ ਸਿੰਘ ਟੀ ਟੀ ਈ ਰੇਲਵੇ, ਮਨਿੰਦਰਜੀਤ ਚੀਮਾ, ਜਸਪ੍ਰੀਤ ਸਿੰਘ ਧਰਮਗੜ੍ਹ, ਅਨੂਪ, ਦੀਪਕ ਸ਼ਰਮਾ, ਐਡਵੋਕੇਟ ਬਿਕਰਮ ਸਿੰਘ, ਮਨਵੀਰ ਸ਼ਰਮਾ ਅਸਟ੍ਰੇਲੀਆ, ਪ੍ਰਸ਼ਾਂਤ ਕੁਮਾਰ (ਕੁਮਾਰ ਬੱਸ ਸਰਵਿਸ), ਸੌਰਵ ਸ਼ਰਮਾ, ਜੋਨੀ ਭਾਰਦਵਾਜ, ਪ੍ਰਭਜੋਤ, ਗੁਰਿੰਦਰ ਸਿੰਘ ਰੰਧਾਵਾ, ਐਡਵੋਕੇਟ ਮਗਨਮੀਤ ਸਿੰਘ ਤੇ ਗੁਰਮੀਤ ਸਿੰਘ ਟੌਹੜਾ ਆਦਿ ਹਾਜ਼ਰ ਸਨ।

# ਨਿਰੰਕਾਰੀ ਸਮੂਹਕ ਸ਼ਾਦੀ ਸਮਾਗਮ ਮੌਕੇ 77 ਜੋੜੇ ਵਿਆਹ ਬੰਧਨ 'ਚ ਬੱਝੇ



**ਸਮਾਣਾ/ਸਮਾਲਖਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸੰਤ ਨਿਰੰਕਾਰੀ ਮੰਡਲ ਸਮਾਣਾ ਬਰਾਂਚ ਦੇ ਸੰਯੋਜਕ ਸੁਰਿੰਦਰ ਸਿੰਘ ਐਡਵੋਕੇਟ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਾਲਾਨਾ ਸੰਤ ਨਿਰੰਕਾਰੀ ਸਮਾਗਮ ਉਪਰੰਤ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜਪਿਤਾ ਰਮਿਤ ਜੀ ਦੀ ਛਤਰ ਛਾਇਆ ਹੇਠ ਕਾਰਵਾਈਆਂ ਸਾਦਾ ਸ਼ਾਦੀਆਂ ਵਿੱਚ 77 ਨਵੇਂ ਵਿਆਹੇ ਜੋੜੇ ਵਿਆਹ ਦੇ ਪਵਿੱਤਰ ਬੰਧਨ ਵਿੱਚ ਬੱਝੇ। ਸਤਿਗੁਰੂ ਮਾਤਾ ਜੀ ਨੇ ਗ੍ਰਹਿਸਥੀ ਜੀਵਨ ਨੂੰ ਸ਼ਰਧਾ ਭਗਤੀ ਨਾਲ ਜਿਉਣ ਦਾ ਆਸ਼ੀਰਵਾਦ ਦਿੱਤਾ। ਨਵੇਂ ਜੋੜਿਆਂ ਨੂੰ ਵਿਆਹੁਤਾ ਜੀਵਨ ਸ਼ੁਰੂ ਕਰਨ ਤੇ ਖੁਸ਼ਹਾਲ ਜੀਵਨ ਬਤੀਤ ਕਰਨ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਮੁਬਾਰਕਾਂ ਦਿੱਤੀਆਂ। ਸੰਤ ਨਿਰੰਕਾਰੀ ਅਧਿਆਤਮਕ ਸਥਲ ਸਮਾਲਖਾ ਵਿਖੇ ਬਣੇ ਵਿਸ਼ਾਲ ਸਤਿਸੰਗ ਪੰਡਾਲ ਵਿੱਚ ਹਜ਼ਾਰਾਂ ਨਿਰੰਕਾਰੀ ਸ਼ਰਧਾਲੂਆਂ ਦੀ ਹਾਜ਼ਰੀ ਵਿੱਚ ਦੇਸ਼-ਵਿਦੇਸ਼ ਤੋਂ ਆਏ ਜੋੜੇ ਵਿਆਹ ਦੇ ਬੰਧਨ ਵਿੱਚ ਬੱਝੇ। ਨਿਰੰਕਾਰੀ ਰਾਜਪਿਤਾ ਦੇ ਭਰਾ ਰੋਹਨ ਚਾਂਦਨਾ ਦਾ ਵਿਆਹ ਯੂਨਾਈਟਿਡ ਕਿੰਗਡਮ ਤੋਂ ਆਈ ਪੂਰਵਾ ਸਾਹਨੀ ਨਾਲ ਇਨ੍ਹਾਂ ਸਮੂਹਕ ਸ਼ਾਦੀਆਂ ਦੌਰਾਨ ਹੀ ਸਾਦਗੀ ਪੂਰਵਕ ਸੰਪੰਨ ਹੋਇਆ। ਇਸ ਸਾਦੇ ਰੀਤੀ ਰਿਵਾਜ ਵਿੱਚ ਨਿਰੰਕਾਰੀ ਵਿਆਹ ਦੇ ਵਿਸ਼ੇਸ਼ ਪ੍ਰਤੀਕ ਜੈ-ਮਾਲਾ ਦੇ ਨਾਲ ਹਰ ਜੋੜੇ ਨੂੰ ਮਿਸ਼ਨ ਦੇ ਨੁਮਾਇੰਦਿਆਂ ਵੱਲੋਂ ਸਾਂਝਾ ਹਾਰ ਵੀ ਪਹਿਨਾਇਆ ਗਿਆ। ਲਾਵਾਂ ਦੌਰਾਨ ਸਤਿਗੁਰੂ ਮਾਤਾ ਜੀ ਨੇ ਲਾੜੇ ਤੇ ਲਾੜੀਆਂ 'ਤੇ ਫੁੱਲਾਂ ਦੀ ਵਰਖਾ ਕੀਤੀ ਅਤੇ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ।

# ਨਵ-ਨਿਯੁਕਤ ਨਾਇਬ ਤਹਿਸੀਲਦਾਰ ਪ੍ਰਿਆ ਦਾ ਸਨਮਾਨ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸਥਾਨਕ ਮਲੋਟ-ਬਠਿੰਡਾ ਬਾਈਪਾਸ ਰੋਡ ਨਿਵਾਸੀ ਪ੍ਰਿਆ ਰਾਣੀ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੀ ਵਕਾਰੀ ਪ੍ਰੀਖਿਆ ਪਾਸ ਕਰਕੇ ਨਾਇਬ ਤਹਿਸੀਲਦਾਰ ਦੇ ਅਹੁਦੇ ਲਈ ਚੁਣੀ ਗਈ ਹੈ। ਪ੍ਰਿਆ ਦੇ ਪਰਿਵਾਰ, ਰਿਸ਼ਤੇਦਾਰਾਂ ਤੇ ਹੋਰ ਸੁਹਿਰਦ ਸੱਜਣਾਂ ਮਿੱਤਰਾਂ ਵਿੱਚ ਖੁਸ਼ੀ ਦੀ ਲਹਿਰ ਫੈਲ ਗਈ ਹੈ। ਸਮਾਜ ਦੇ ਭਲੇ ਤੇ ਵਿਕਾਸ ਨੂੰ ਸਮਰਪਤ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਦੇ ਉੱਚ ਪੱਧਰੀ ਵਫ਼ਦ ਨੇ ਆਪਣੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਅਗਵਾਈ ਹੇਠ ਪ੍ਰਿਆ ਦੇ ਪਰਿਵਾਰ ਨਾਲ ਮਿਲ ਕੇ ਖੁਸ਼ੀ ਸਾਂਝੀ ਕੀਤੀ। ਵਫ਼ਦ 'ਚ ਮਿਸ਼ਨ ਦੇ ਚੇਅਰਮੈਨ ਇੰਜ. ਅਸ਼ੋਕ ਕੁਮਾਰ ਭਾਰਤੀ, ਸੀਨੀਅਰ ਮੀਤ ਪ੍ਰਧਾਨ ਨਿਰੰਜਣ ਸਿੰਘ ਰੱਖਰਾ, ਮੁੱਖ ਸਲਾਹਕਾਰ ਜਗਦੀਸ਼ ਚੰਦਰ ਧਵਾਲ, ਉੱਪ ਪ੍ਰਧਾਨ ਡਾ. ਸੁਰਿੰਦਰ ਗਿਰਧਰ, ਓ. ਪੀ. ਖਿੱਚੀ, ਬਰਨੇਕ ਸਿੰਘ ਦਿਉਲ ਤੇ ਨਰਿੰਦਰ ਕਾਕਾ ਫੋਟੋਗ੍ਰਾਫਰ ਆਦਿ ਸ਼ਾਮਲ ਸਨ। ਪ੍ਰਿਆ ਦੇ ਪਿਤਾ ਦਿਆਲ ਚੰਦ ਸੇਵਾ ਮੁਕਤ ਜੇ.ਈ., ਮਾਤਾ ਕਮਲੇਸ਼ ਰਾਣੀ, ਭਰਾ ਬਲਵੰਤ ਰਾਏ ਤੇ ਭਰਜਾਈ ਕਾਂਤਾ ਨੇ ਸਮੂਹ ਮਿਸ਼ਨ ਮੈਂਬਰਾਂ ਦਾ ਸਵਾਗਤ ਕੀਤਾ।

ਦਿਆਲ ਚੰਦ ਦੇ ਨੇੜਲੇ ਦੋਸਤ ਮਿੱਤਰ ਦਵਿੰਦਰ ਸਿੰਘ ਚਹਿਲ, ਅਮਨਦੀਪ ਸਿੰਘ ਚਹਿਲ, ਸਨਬੀਰ ਸਿੰਘ ਬਰਾੜ ਤੇ ਰਾਧਾ ਸੁਆਮੀ ਪਟਵਾਰੀ ਵੀ ਉਚੇਚੇ ਤੌਰ 'ਤੇ ਮੌਜੂਦ ਸਨ। ਸਮੂਹ ਮਿਸ਼ਨ ਮੈਂਬਰਾਂ ਨੇ ਪ੍ਰਿਆ ਰਾਣੀ ਨੂੰ ਉਨ੍ਹਾਂ ਦੀ ਸ਼ਾਨਦਾਰ ਪ੍ਰਾਪਤੀ 'ਤੇ ਹਾਰਦਿਕ ਵਧਾਈ ਦਿੱਤੀ ਤੇ ਹਾਰ ਪਾ ਕੇ ਉਜਲੇ ਭਵਿੱਖ ਦੀ ਕਾਮਨਾ ਕੀਤੀ। ਪ੍ਰਧਾਨ ਢੋਸੀਵਾਲ ਨੇ ਸਮੁੱਚੇ ਮਿਸ਼ਨ ਵੱਲੋਂ ਪ੍ਰਿਆ ਰਾਣੀ ਨੂੰ ਸ਼ਾਨਦਾਰ ਮੋਮੈਂਟੋ ਭੇਟ ਕੀਤਾ। ਇਸ ਮੌਕੇ ਪ੍ਰਿਆ ਨੇ ਕਿਹਾ ਕਿ ਉਹ ਭਵਿੱਖ ਵਿੱਚ ਆਪਣੀ ਡਿਊਟੀ ਨੂੰ ਪੂਰੀ ਨੇਕਨੀਤੀ ਤੇ ਇਮਾਨਦਾਰੀ ਨਾਲ ਨਿਭਾਉਣਗੇ।

# ਪਰਾਲੀ ਨੂੰ ਅੱਗ ਨਾ ਲਾਉਣ ਵਾਲੇ ਕਿਸਾਨਾਂ ਨੂੰ ਕੀਤਾ ਸਨਮਾਨਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਡਾ. ਰੂਹੀ ਦੁੱਗ ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ ਦੇ ਹੁਕਮਾਂ ਦੀ ਪਾਲਣਾ ਕਰਦੇ ਹੋਏ ਜਿਹੜੇ ਕਿਸਾਨਾਂ ਵੱਲੋਂ ਪਰਾਲੀ ਨੂੰ ਅੱਗ ਨਾ ਲਗਾਉਂਦਿਆਂ ਇਸ ਦੀ ਸਾਂਭ ਸੰਭਾਲ ਕੀਤੀ ਗਈ ਹੈ, ਉਨ੍ਹਾਂ ਨੂੰ ਸ਼੍ਰੀਮਤੀ ਬਲਜੀਤ ਕੌਰ (ਪੀ.ਸੀ.ਐਸ) ਉੱਪ ਮੰਡਲ ਮੈਜਿਸਟਰੇਟ ਗਿੱਦੜਬਾਹਾ ਦੀ ਪ੍ਰਧਾਨਗੀ ਹੇਠ ਬੀ.ਡੀ.ਪੀ.ਓ. ਦਫਤਰ ਗਿੱਦੜਬਾਹਾ ਵਿਖੇ ਪ੍ਰਸ਼ੰਸਾ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਸ਼੍ਰੀ ਜਗਤਾਰ ਸਿੰਘ ਖੇਤੀਬਾੜੀ ਵਿਸਥਾਰ ਅਫਸਰ ਨੇ ਆਏ ਕਿਸਾਨਾਂ ਨੂੰ ਪਰਾਲੀ ਨਾ ਸਾੜ ਕੇ ਵਾਤਾਵਰਨ ਨੂੰ ਬਚਾਉਣ ਲਈ ਉਨ੍ਹਾਂ ਵੱਲੋਂ ਪਾਏ ਜਾ ਰਹੇ ਯੋਗਦਾਨ ਦੀ ਪ੍ਰਸ਼ੰਸਾ ਕਰਦੇ ਹੋਏ ਹੋਰ ਕਿਸਾਨਾਂ ਨੂੰ ਅਜਿਹੇ ਅਗਾਂਹਵਧੂ ਕਿਸਾਨਾਂ ਤੋਂ ਸੇਧ ਦੇਣ ਬਾਰੇ ਵਿਚਾਰ ਸਾਂਝੇ ਕੀਤੇ। ਸ੍ਰੀ ਜਗਮੋਹਨ ਸਿੰਘ ਖੇਤੀਬਾੜੀ ਵਿਕਾਸ ਅਫਸਰ ਵੱਲੋਂ ਆਏ ਮੁੱਖ ਮਹਿਮਾਨ ਤੇ ਸਮੂਹ ਕਿਸਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਲਵਪ੍ਰੀਤ ਸਿੰਘ ਏ.ਟੀ.ਐੱਮ, ਗੁਰਭੇਜ ਸਿੰਘ ਤੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

# ਸੰਜੀਵ ਬਾਂਸਲ ਨੇ ਕੰਪਨੀ ਦੀ ਵਰ੍ਹੇਗੰਢ ਮੌਕੇ ਕੀਤਾ ਖੂਨ ਦਾਨ



**ਸੰਗਰੂਰ (ਪ੍ਰਵੀਨ ਸਿੰਘ)**-ਇਲਾਕੇ ਦੇ ਸਮਾਜ ਸੇਵੀ ਬਾਂਸਲ'ਜ਼ ਗਰੁੱਪ ਸੂਲਰ ਘਰਾਟ ਦੇ ਐੱਮ ਡੀ ਸ੍ਰੀ ਸੰਜੀਵ ਬਾਂਸਲ, ਉੱਪ ਪ੍ਰਧਾਨ ਪੰਜਾਬ ਪੈਸਟੀਸਾਈਡਜ਼ ਮੈਨੂਫੈਕਚਰਿੰਗ ਐਸੋਸੀਏਸ਼ਨ, ਚੇਅਰਮੈਨ ਸਸਟੋਬਾਲ ਐਸੋਸੀਏਸ਼ਨ ਸੰਗਰੂਰ, ਵਾਇਸ ਚੇਅਰਮੈਨ ਮਾਤਾ ਚਿੰਤਪੂਰਨੀ ਚੈਰੀਟੇਬਲ ਟਰੱਸਟ, ਨੇ ਆਪਣੀ ਕੰਪਨੀ ਕੋਪਲ ਦੀ 13ਵੀਂ ਵਰ੍ਹੇਗੰਢ ਨੂੰ ਸਮਰਪਤ 31ਵੀਂ ਵਾਰ ਆਪਣਾ ਖੂਨਦਾਨ ਕਰਨ ਸਮੇਂ ਕਿਹਾ ਕਿ ਮੈਂ ਉਸ ਪਰਿਵਾਰ ਵਿੱਚ ਪੈਦਾ ਹੋਇਆ ਹਾਂ, ਜਿੱਥੇ ਦੂਜਿਆਂ ਦੀ ਮਦਦ ਕਰਨ ਨੂੰ ਤਰਜੀਹ ਦਿੱਤੀ ਜਾਂਦੀ ਹੈ। ਖੂਨ ਦਾਨ ਸਭ ਤੋਂ ਵੱਡਾ ਦਾਨ ਹੈ। ਖੂਨ ਅਜਿਹਾ ਪਦਾਰਥ ਹੈ, ਜਿਸ ਨੂੰ ਲੈਬਾਰਟਰੀ ਵਿੱਚ ਅਜੇ ਤੱਕ ਬਣਾਇਆ ਨਹੀਂ ਜਾ ਸਕਿਆ। ਇਸ ਲਈ ਖੂਨ ਦੀ ਕੋਈ ਕੀਮਤ ਨਿਸ਼ਚਤ ਨਹੀਂ ਕੀਤੀ ਜਾ ਸਕਦੀ।

ਉਨ੍ਹਾ ਕਿਹਾ ਕਿ ਖੂਨ ਦਾਨ ਕਰਨ ਤੋਂ ਘਬਰਾਉਣਾ ਇਸ ਵਿਚਲੀ ਸਚਾਈ ਤੋਂ ਅਣਜਾਣ ਹੋਣ ਦਾ ਸਿੱਟਾ ਹੀ ਹੁੰਦਾ ਹੈ। ਡਾਕਟਰੀ ਪੜ੍ਹਾਈ ਅਨੁਸਾਰ ਕੋਈ ਵੀ 18 ਸਾਲ ਤੋਂ 55 ਸਾਲ ਦਾ ਤੰਦਰੁਸਤ ਵਿਅਕਤੀ ਖੂਨ ਦਾਨ ਕਰ ਸਕਦਾ ਹੈ। ਇਸ ਨਾਲ ਖੂਨ ਦਾਨ ਕਰਨ ਵਾਲੇ ਦੀ ਸਿਹਤ 'ਤੇ ਕੋਈ ਵੀ ਮਾੜਾ ਪ੍ਰਭਾਵ ਨਹੀਂ ਪੈਂਦਾ। ਖੂਨ ਦਾਨੀ ਦੇ ਸਰੀਰ ਵਿੱਚ ਘਟਿਆ ਖੂਨ ਕੁਝ ਘੰਟਿਆਂ ਵਿੱਚ ਹੀ ਪੂਰਾ ਹੋ ਜਾਂਦਾ ਹੈ। ਅੱਜ ਉਨ੍ਹਾ 31ਵੀਂ ਵਾਰ ਖੂਨਦਾਨ ਕਰਕੇ ਆਪਣੀ ਸਮਾਜ ਸੇਵਾ ਦੀ ਭਾਵਨਾ ਨੂੰ ਲਗਾਤਾਰ ਬਰਕਰਾਰ ਰੱਖਿਆ ਹੈ। ਇਸ ਮੌਕੇ ਪੰਜਾਬ ਖੇਤੀਬਾੜੀ ਵਿਭਾਗ ਦੇ ਡਾਇਰੈਕਟਰ ਡਾ. ਜਸਵੰਤ ਸਿੰਘ, ਪ੍ਰੈੱਸ ਫੈਡਰੇਸ਼ਨ ਆਫ ਇੰਡੀਆ ਦੇ ਪ੍ਰਧਾਨ ਐਡਵੋਕੇਟ ਰਾਜੇਸ਼ਵਰ ਚੌਧਰੀ, ਭਾਜਪਾ ਦੇ ਸੀਨੀਅਰ ਯੂਥ ਆਗੂ ਸ੍ਰੀ ਅੰਕਿਤ ਬਾਂਸਲ, ਕਿਸਾਨ ਆਗੂ ਰਣ ਸਿੰਘ, ਸਾਬਕਾ ਪ੍ਰਧਾਨ ਸ੍ਰੀ ਕਪੂਰ ਚੰਦ ਬਾਂਸਲ, ਸਰਪੰਚ ਗੁਰਤੇਜ ਸਿੰਘ ਸੂਲਰ ਤੇ ਹੋਰ ਅਨੇਕਾਂ ਪਤਵੰਤੇ ਸੱਜਣਾਂ ਨੇ ਉਨ੍ਹਾਂ ਦੇ ਇਸ ਕਾਰਜ ਦੀ ਸ਼ਲਾਘਾ ਕੀਤੀ। ਇਸ ਮੌਕੇ ਕੋਪਲ ਕੰਪਨੀ ਦੇ ਆਰ ਐੱਮ ਹਰਜੀਤ ਸਿੰਘ ਢਿੱਲੋਂ, ਹਰਪ੍ਰੀਤ ਸਿੰਘ ਬਰਾੜ, ਮੁਹੰਮਦ ਨਸੀਰ, ਕਮਲ ਸ਼ਰਮਾ ਤੇ ਸਾਰਾ ਸਟਾਫ ਹਾਜ਼ਰ ਸੀ।

# ਸਿਲਵਰ ਓਕਸ ਸਕੂਲ ਦੇ ਵਿਹੜੇ 'ਚ ਮਨਾਇਆ ਪੰਜਾਬ ਸਥਾਪਨਾ ਦਿਵਸ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪੰਜਾਬ ਪੁਨਰਗਠਨ ਐਕਟ (1966) ਅਧੀਨ ਪੰਜਾਬੀ ਭਾਸ਼ਾ ਬੋਲਣ ਵਾਲੇ ਰਾਜ ਦੇ ਗਠਨ ਨੂੰ ਦਰਸਾਉਂਦੇ ਹੋਏ ਹਰ ਸਾਲ 1 ਨਵੰਬਰ ਨੂੰ ਸੂਬੇ ਭਰ ਵਿੱਚ ਪੰਜਾਬ ਦਿਵਸ ਮਨਾਇਆ ਜਾਂਦਾ ਹੈ। ਪੰਜਾਬ ਹਮੇਸ਼ਾ ਮਹਾਨ ਸੰਤਾਂ ਤੇ ਯੋਧਿਆਂ ਦੀ ਧਰਤੀ ਰਹੀ ਹੈ। ਪੰਜਾਬ ਦੁਨੀਆ ਦੇ ਸਭ ਤੋਂ ਪੁਰਾਣੇ ਤੇ ਅਮੀਰ ਸੱਭਿਆਚਾਰਾਂ ਵਿੱਚੋਂ ਇੱਕ ਹੈ। ਇਸ ਦੀ ਪੁਰਾਤਨ ਸੱਭਿਆਚਾਰਕ ਵਿਭਿੰਨਤਾ ਤੇ ਵਿਲੱਖਣਤਾ ਨੂੰ ਦਿਖਾਉਣ ਲਈ ਸਿਲਵਰ ਓਕਸ ਸਕੂਲ ਰਾਮਪੁਰਾ ਰੋਡ, ਬਠਿੰਡਾ ਦੇ ਵਿਹੜੇ ਵਿੱਚ ਪੰਜਾਬ ਸਥਾਪਨਾ ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਸਕੂਲ ਦੇ ਵਿਹੜੇ ਨੂੰ ਸੋਹਣੀ ਪੰਜਾਬੀ ਦਿੱਖ 'ਚ ਸਜਾਇਆ ਗਿਆ। ਸਾਰੇ ਬੱਚੇ ਤੇ ਅਧਿਆਪਕ ਪੰਜਾਬੀ ਪਹਿਰਾਵੇ ਵਿੱਚ ਸਜ-ਧਜ ਕੇ ਸਕੂਲ ਪਹੁੰਚੇ। ਇਸ ਵਿਸ਼ੇਸ਼ ਖੁਸ਼ੀ ਭਰੇ ਮਹੌਲ ਨੂੰ ਹੋਰ ਖੁਸ਼ਨੁਮਾ ਬਣਾਉਣ ਲਈ ਸਿਲਵਰ ਓਕਸ ਸਕੂਲਾਂ ਦੇ ਨਿਰਦੇਸ਼ਕਾ ਬਰਨਿੰਦਰਪਾਲ ਸੇਖੋਂ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਦਾ ਇਸ ਮੌਕੇ 'ਤੇ ਪਹੁੰਚਣ ਉਪਰੰਤ ਜੀ ਆਇਆਂ ਆਖਦੇ ਹੋਏ ਨਿੱਘਾ ਸਵਾਗਤ ਕੀਤਾ ਗਿਆ। ਸ਼ਬਦ ਗਾਇਨ ਕਰਕੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਗਈ। ਇਸ ਤੋਂ ਬਾਅਦ ਪੰਜਵੀਂ ਜਮਾਤ ਦੇ ਵਿਦਿਆਰਥੀ ਨੇ ਭਾਸ਼ਣ ਰਾਹੀਂ ਪੰਜਾਬ ਦੇ ਪਿਛੋਕੜ ਤੇ ਵਿਲੱਖਣਤਾ ਬਾਰੇ ਵਿਸਥਾਰ ਨਾਲ ਦੱਸਿਆ। ਜਮਾਤ ਪਹਿਲੀ ਤੇ ਪੰਜਵੀਂ ਦੇ ਵਿਦਿਆਰਥੀਆਂ ਵੱਲੋਂ ਪੰਜਾਬੀ ਮਾਂ-ਬੋਲੀ ਤੇ ਪੰਜਾਬ ਪਿਆਰ ਨੂੰ ਬਿਆਨ ਕਰਦੀਆਂ ਕਵਿਤਾਵਾਂ ਗਾਈਆਂ ਗਈਆਂ। ਜਮਾਤ ਛੇਵੀਂ ਦੀਆਂ ਵਿਦਿਆਰਥਣਾਂ ਦੁਆਰਾ ਪੰਜਾਬੀ ਪਿਛੋਕੜ ਨੂੰ ਪੇਸ਼ ਕਰਦਾ ਗੀਤ ਸੋਨੇ ਦਾ ਗੜਬਾ ਤੇ ਡਾਂਸ ਕਰਕੇ ਖੂਬ ਰੰਗ ਬੰਨਿਆ।

ਪੰਜਾਬੀ ਦੇ ਪੁਰਾਣੇ ਸਿਰਮੌਰ ਕਵੀਆਂ ਤੇ ਮਹਾਨ ਕਲਾਕਾਰਾਂ ਤੋਂ ਵਿਦਿਆਰਥੀਆਂ ਨੂੰ ਜਾਣੂ ਕਰਵਾਉਣ ਲਈ ਜਮਾਤ ਪੰਜਵੀਂ, ਛੇਵੀਂ ਦੇ ਵਿਦਿਆਰਥੀਆਂ ਨੇ ਮਹਾਨ ਕਵੀਆਂ ਜਿਵੇਂ ਬੁੱਲੇਸ਼ਾਹ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ ਤੇ ਚੋਟੀ ਦੇ ਕਲਾਕਾਰਾਂ ਜਿਵੇਂ ਯਮਲਾ ਜੱਟ, ਗੁਰਦਾਸ ਮਾਨ ਆਦਿ ਦੇ ਚਰਿਤਰਾਂ ਨੂੰ ਹੂਬਹੂ ਪੇਸ਼ ਕਰਕੇ ਸਭ ਨੂੰ ਹੈਰਾਨ ਕਰਦੇ ਹੋਏ ਤਾੜੀਆਂ ਦੀ ਗੂੰਜ ਨਾਲ ਖੂਬ ਵਾਹ-ਵਾਹ ਖੱਟੀ। ਜਮਾਤ ਪੰਜਵੀਂ-ਛੇਵੀਂ ਦੇ ਵਿਦਿਆਰਥੀਆਂ ਨੇ ਪੰਜਾਬ ਦਾ ਮਸ਼ਹੂਰ ਲੋਕ-ਨਾਚ ਭੰਗੜਾ ਪੇਸ਼ ਕਰ ਕੇ ਪ੍ਰੋਗਰਾਮ ਨੂੰ ਚਾਰ ਚੰਨ ਲਗਾ ਦਿੱਤੇ। ਇਸ ਤੋਂ ਬਾਅਦ ਮਾਣਯੋਗ ਨਿਰਦੇਸ਼ਕਾ ਬਰਨਿੰਦਰਪਾਲ ਸੇਖੋਂ ਵੱਲੋਂ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਨਾਲ ਸਾਂਝੀਵਾਲਤਾ ਪਾਉਂਦੇ ਹੋਏ ਵਿਦਿਆਰਥੀਆਂ ਦੀ ਸੋਹਣੀ ਪੇਸ਼ਕਾਰੀ ਲਈ ਪ੍ਰਸੰਸਾ ਕਰਨ ਦੇ ਨਾਲ- ਨਾਲ ਪੁਰਾਣੀਆਂ ਸੱਭਿਆਚਾਰਕ ਦਿੱਖ ਨੂੰ ਪੇਸ਼ ਕਰਦੀਆਂ ਫੁਲਕਾਰੀਆਂ, ਚਰਖੇ, ਮਧਾਣੀਆਂ, ਪੱਖੀਆਂ ਆਦਿ ਸਭ ਨੂੰ ਵੇਖ ਕੇ ਪੁਰਾਣੇ ਪੰਜਾਬ ਨੂੰ ਯਾਦ ਕਰਦਿਆਂ ਪੰਜਾਬ ਦੀ ਮਹਾਨਤਾ ਤੇ ਅਮੀਰ ਵਿਰਸੇ ਬਾਰੇ ਚਾਨਣਾ ਪਾਇਆ। ਸਕੂਲ ਦੇ ਮੁੱਖ ਅਧਿਆਪਕਾ ਛਾਇਆ ਵਿਨੋਚਾ ਨੇ ਵਿਦਿਆਰਥੀਆਂ ਦੀ ਸੋਹਣੇ ਪੰਜਾਬੀ ਪਹਿਰਾਵੇ ਤੇ ਪੇਸ਼ਕਾਰੀ ਲਈ ਸ਼ਲਾਘਾ ਕੀਤੀ ਤੇ ਪੰਜਾਬ ਦੀ ਅਲੱਗ ਹੋਂਦ ਜਾਂ ਪੰਜਾਬ ਦੇ ਪਿਛੋਕੜ ਬਾਰੇ ਦੱਸਿਆ। ਰਾਸ਼ਟਰੀ ਗਾਨ ਨਾਲ ਇਸ ਖਾਸ ਸਭਾ ਦੀ ਸਮਾਪਤੀ ਕੀਤੀ ਗਈ।

# ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੀ ਮੀਟਿੰਗ



**ਜਗਰਾਓਂ (ਅਮਿਤ ਖੰਨਾ)**-ਬਿਲਡਿੰਗ ਠੇਕੇਦਾਰ ਐਸੋਸੀਏਸ਼ਨ (ਰਜਿ. 133) ਐਸੋਸੀਏਸ਼ਨ ਵੱਲੋਂ ਜਗਤ ਗੁਰੂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਇੱਕ ਮੀਟਿੰਗ ਕੀਤੀ ਗਈ। ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਦੇ ਪ੍ਰਧਾਨ ਠੇਕੇਦਾਰ ਰਜਿੰਦਰ ਸਿੰਘ ਰਿੰਕੂ, ਠੇਕੇਦਾਰ ਜਗਦੇਵ ਸਿੰਘ ਮਠਾੜੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਸ਼ਵਕਰਮਾ ਜੀ ਦਾ ਆਗਮਨ ਦਿਹਾੜਾ 13 ਨਵੰਬਰ ਨੂੰ ਗੁਰਦੁਆਰਾ ਵਿਸ਼ਵਕਰਮਾ ਮੰਦਰ ਅੱਡਾ ਰਾਏਕੋਟ ਵਿਖੇ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ, ਜਿਸ ਵਿੱਚ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ। ਉਪਰੰਤ ਹਵਨ ਹੋਵੇਗਾ ਤੇ ਉਸ ਤੋਂ ਬਾਅਦ ਢਾਡੀ ਜਥੇ ਦੁਆਰਾ ਕੀਰਤਨ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਵੇਗਾ। ਵਿਸ਼ਵਕਰਮਾ ਦਿਵਸ ਦੀਆਂ ਤਿਆਰੀਆਂ ਮੁਕੰਮਲ ਹੋ ਗਈਆਂ ਹਨ। ਇਸ ਮੌਕੇ ਠੇਕੇਦਾਰ ਜਗਦੇਵ ਸਿੰਘ ਮਠਾੜੂ, ਠੇਕੇਦਾਰ ਰਜਿੰਦਰ ਸਿੰਘ ਰਿੰਕੂ, ਠੇਕੇਦਾਰ ਗੁਰਸੇਵਕ ਸਿੰਘ ਮੱਲ੍ਹਾ, ਠੇਕੇਦਾਰ ਬਲਵੀਰ ਸਿੰਘ ਸਿਵੀਆ, ਠੇਕੇਦਾਰ ਭਵਨਜੀਤ ਸਿੰਘ ਉੱਭੀ, ਪਰਮਜੀਤ ਸਿੰਘ ਮਠਾੜੂ, ਅਵਤਾਰ ਸਿੰਘ ਮਠਾੜੂ, ਠੇਕੇਦਾਰ ਗੁਰਚਰਨ ਸਿੰਘ ਘਟੌੜਾ, ਠੇਕੇਦਾਰ ਜਿੰਦਰ ਸਿੰਘ ਵਿਰਦੀ, ਠੇਕੇਦਾਰ ਗੁਰਮੇਲ ਸਿੰਘ ਮਠਾੜੂ, ਠੇਕੇਦਾਰ ਜਸਵੀਰ ਸਿੰਘ ਧਾਲੀਵਾਲ, ਠੇਕੇਦਾਰ ਬਲਵਿੰਦਰ ਸਿੰਘ ਪੱਪਾ, ਠੇਕੇਦਾਰ ਸੁਖਦੇਵ ਸਿੰਘ ਸੁਧਾਰੀਆ, ਠੇਕੇਦਾਰ ਹਰਵਿੰਦਰ ਸਿੰਘ ਬੋਦਲਵਾਲਾ ਆਦਿ ਹਾਜ਼ਰ ਸਨ।

# ਕੇਂਦਰ ਸਰਕਾਰ ਖਿਲਾਫ 5 ਤੱਕ ਚੇਤਨਾ ਮੁਹਿੰਮ ਚਲਾਈ ਜਾਵੇਗੀ : ਸੰਯੁਕਤ ਕਿਸਾਨ ਮੋਰਚਾ



**ਬਹਿਰਾਮ (ਅਵਤਾਰ ਕਲੇਰ)** ਸੰਯੁਕਤ ਕਿਸਾਨ ਮੋਰਚਾ ਪੰਜਾਬ ਚੈਪਟਰ ਦੇ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਮੀਟਿੰਗ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਸੁਰਿੰਦਰ ਸਿੰਘ ਬੈਂਸ, ਨਿਰਮਲ ਸਿੰਘ ਔਜਲਾ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਦੇ ਫੈਸਲੇ ਪ੍ਰੈਸ ਨਾਲ ਸਾਂਝੇ ਕਰਦਿਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਨੇ ਪ੍ਰੈਸ ਦੀ ਆਜਾਦੀ ਨੂੰ ਦਬਾਉਣ ਅਤੇ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੇ ਮਹਾਨ ਇਤਿਹਾਸਕ ਅੰਦੋਲਨ ਉਪਰ ਚਿੱਕੜ ਉਛਾਲੀ ਕਰਕੇ ਕਿਸਾਨ ਆਗੂਆਂ ਨਾਲ ਕਿੜਾਂ ਕੱਢਣ ਲਈ ਬੀ ਜੇ ਪੀ ਦੀ ਮੋਦੀ ਸਰਕਾਰ ਨੇ ਨਿਊਜ ਕਲਿੱਕ ਚੈਨਲ ਦੇ ਮਾਲਕ ਅਤੇ ਦਫਤਰ ਕਰਮਚਾਰੀਆਂ ਉਪਰ ਯੂ ਏ ਪੀ ਏ ਤਹਿਤ ਪਰਚਾ ਦਰਜ ਕਰਕੇ ਜੇਲ੍ਹ ਵਿੱਚ ਡੱਕਣ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕੀਤੀ। ਮੋਰਚੇ ਨੇ ਫੈਸਲਾ ਕੀਤਾ ਕਿ ਕੇਂਦਰ ਸਰਕਾਰ ਖਿਲਾਫ ਪੂਰੇ ਪੰਜਾਬ ਵਿੱਚ 5 ਨਵੰਬਰ ਤੱਕ ਪਿੰਡਾਂ ਤੇ ਸ਼ਹਿਰਾਂ ਵਿੱਚ ਚੇਤਨਾ ਮੁਹਿੰਮ ਚਲਾਈ ਜਾਵੇਗੀ ਅਤੇ 6 ਨਵੰਬਰ ਨੂੰ ਡੀ ਸੀ ਦਫਤਰਾਂ ਸਾਹਮਣੇ ਵਿਸ਼ਾਲ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤੇ ਜਾਣਗੇ ਤੇ ਐਫ ਆਰ ਆਈ ਦੀਆਂ ਕਾਪੀਆਂ ਸਾੜੀਆਂ ਜਾਣਗੀਆਂ । ਮੋਰਚਾ ਮੰਗ ਕਰਦਾ ਕਿ ਨਿਊਜ ਕਲਿੱਕ ਚੈਨਲ 'ਤੇ ਕੀਤਾ ਪਰਚਾ ਰੱਦ ਕੀਤਾ ਜਾਵੇ , ਯੂ ਏ ਪੀ ਏ ਦਾ ਕਨੂੰਨ ਵਾਪਸ ਲਿਆ ਜਾਵੇ ਅਤੇ ਸਰਕਾਰ ਸੰਯੁਕਤ ਕਿਸਾਨ ਮੋਰਚੇ ਵਿਰੁੱਧ ਸ਼ਾਜਿਸ਼ਾਂ ਕਰਨੀਆਂ ਬੰਦ ਕਰੇ। ਮੀਟਿੰਗ ਵਿੱਚ ਮੋਰਚੇ ਨੇ ਫੈਸਲਾ ਕੀਤਾ ਕਿ ਪੰਜਾਬ ਸਰਕਾਰ ਗੰਨੇ ਦਾ ਭਾਅ 450 ਰੁਪਏ ਪ੍ਰਤੀ ਕੁਇੰਟਲ ਐਲਾਨ ਕਰੇ ਅਤੇ ਗੰਨਾ ਕਾਸ਼ਤਕਾਰਾਂ ਦਾ ਪਿਛਲਾ ਬਕਾਇਆ ਤੁਰੰਤ ਦੇ ਕੇ 10 ਨਵੰਬਰ ਤੋਂ ਮਿੱਲਾਂ ਨੂੰ ਚਲਾਉਣ ਦਾ ਨੋਟੀਫਿਕੇਸ਼ਨ ਜਾਰੀ ਕਰੇ ਅਤੇ ਕਿਸਾਨਾ ਦੀਆਂ ਫਸਲਾਂ ਦੇ ਹੜਾਂ ਕਾਰਨ ਹੋਏ ਜਾਨੀ, ਮਾਲੀ ਅਤੇ ਫਸਲਾਂ ਦੇ ਨੁਕਸਾਨ ਦੀ ਭਰਪਾਈ ਕੀਤੀ ਜਾਵੇ । ਸੰਯੁਕਤ ਕਿਸਾਨ ਮੋਰਚੇ ਨੇ ਪੰਜਾਬ ਸਰਕਾਰ ਨੂੰ 4 ਨਵੰਬਰ ਦਾ ਅਲਟੀਮੇਟਮ ਦਿੰਦਿਆਂ ਕਿਹਾ ਕਿ ਜੇਕਰ ਸਰਕਾਰ ਨੇ 4 ਨਵੰਬਰ ਤੱਕ ਇਸ ਦਾ ਕੋਈ ਹੱਲ ਨਾ ਕੱਢਿਆ ਤਾਂ ਮੋਰਚਾ ਅਗਲੀ ਮੀਟਿੰਗ ਲਗਾਕੇ 9 ਨਵੰਬਰ ਤੋਂ ਲਗਾਤਾਰ ਸੰਘਰਸ਼ ਕਰਨ ਲਈ ਮੋਰਚਾ ਮਜਬੂਰ ਹੋਵੇਗਾ । ਮੋਰਚੇ ਨੇ ਸਰਕਾਰ ਦੀਆਂ ਲਗਾਤਾਰ ਗਲਤ ਖੇਤੀ ਨੀਤੀਆਂ ਕਾਰਨ ਕਰਜੇ ਵਿਚ ਫਸੇ ਕਿਸਾਨਾਂ ਉੱਪਰ ਪੰਜਾਬ ਸਰਕਾਰ ਵੱਲੋਂ ਪਰਚੇ ਦਰਜ ਕਰਕੇ ਪ੍ਰੇਸ਼ਾਨ ਕਰਨ ਦੀ ਸਖਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਪੰਜਾਬ ਸਰਕਾਰ ਨੂੰ ਕਿਸਾਨ ਵਿਰੋਧੀ ਦਮਨਕਾਰੀ ਨੀਤੀਆਂ ਬੰਦ ਕਰਨ ਦੀ ਤਾੜਨਾ ਵੀ ਕੀਤੀ ।

ਕਿਸਾਨ ਆਗੂਆਂ ਨੇ ਦੱਸਿਆ ਪੰਜਾਬ ਵਿੱਚ ਕਿਸਾਨਾਂ ਦੁਆਰਾ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਪਿਛਲੇ ਸਾਲਾਂ ਦੇ ਮੁਕਾਬਲੇ ਬਹੁਤ ਘੱਟ ਗਿਆ ਹੈ ਪਰੰਤੂ ਖੇਤਾਂ ਵਿੱਚ ਪਰਾਲੀ ਦਬਾਉਣ ਲਈ ਸਰਕਾਰੀ ਸਹਾਇਤਾ ਨਾ ਮਿਲਣ ਕਰਕੇ ਅਤੇ ਮੌਸਮ ਬਰਸਾਤੀ ਹੋਣ ਕਾਰਨ ਕਣਕ ਦੀ ਬਿਜਾਈ ਲਈ ਖੇਤ ਖਾਲੀ ਕਰਨ ਲਈ ਪਰਾਲੀ ਸਾੜਨ ਵਾਲੇ ਕਿਸਾਨਾਂ 'ਤੇ ਪਰਚੇ ਕਰਨੇ ਬੰਦ ਕੀਤੇ ਜਾਣ। ਇਸ ਮੀਟਿੰਗ ਵਿੱਚ ਕਿਰਤੀ ਕਿਸਾਨ ਯੂਨੀਅਨ ਵੱਲੋਂ ਸੁਰਿੰਦਰ ਸਿੰਘ ਬੈਂਸ, ਪਰਮਜੀਤ ਸਿੰਘ ਸਹਾਬਪੁਰ, ਕਸ਼ਮੀਰ ਸਿੰਘ ਬਲਦੇਵ ਸਿੰਘ ਚਰਨ ਸਿੰਘ, ਬਿੱਕਰ ਸਿੰਘ ਸੇਖੂਪੁਰ, ਜੀਵਨ ਦਾਸ,ਜੀਤ ਰਾਮ ਬੇਗੋਵਾਲ,ਕੁੱਲ ਹਿੰਦ ਕਿਸਾਨ ਸਭਾ ਦੇ ਮੁਕੰਦ ਲਾਲ, ਕੌਮੀ ਕਿਸਾਨ ਵੱਲੋਂ ਨਿਰਮਲ ਸਿੰਘ, ਹਰਵਿੰਦਰ ਸਿੰਘ, ਭਾਰਤੀ ਕਿਸਾਨ ਯੂਨੀਅਨ ਲੱਖੋਵਾਲ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਰਟੈਂਡਾ, ਕੁੱਲ ਹਿੰਦ ਕਿਸਾਨ ਸਭਾ ਸੇਖੋਂ ਵਲੋਂ ਬਲਵੀਰ ਸਿੰਘ ਜਾਡਲਾ , ਚਰਨਜੀਤ ਸਿੰਘ ਦੌਲਤਪੁਰ,ਜਮਹੂਰੀ ਕਿਸਾਨ ਸਭਾ ਦੇ ਕੁਲਦੀਪ ਸਿੰਘ ਦੌੜਕਾ , ਕਰਨੈਲ ਸਿੰਘ ਹਾਜਰ ਹੋਏ।

# ਰਾਜਪਾਲ ਸਿੰਘ ਹੋਏ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਵਿਦਿਆਰਥੀਆਂ ਦੇ ਰੂਬਰੂ



**ਸ਼੍ਰੀ ਅਨੰਦਪੁਰ ਸਾਹਿਬ ( ਅਰਵਿੰਦਰ ਸਿੰਘ ਬਿੰਦੀ )** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਅਧੀਨ ਚੱਲ ਰਹੀ ਸਿਰਮੌਰ ਵਿੱਦਿਅਕ ਸੰਸਥਾ ਭਾਈ ਨੰਦ ਲਾਲ ਪਬਲਿਕ ਸਕੂਲ ਦੇ ਵਿਸ਼ੇਸ਼ ਸੱਦੇ 'ਤੇ ਰਾਜਪਾਲ ਸਿੰਘ ਮੋਟੀਵੇਸ਼ਨਲ ਸਪੀਕਰ ਤੇ ਸੈਕਰੇਟਰੀ ਆਫ਼ ਸੇਵ ਆਵਰ ਸੋਲਜ਼, ਐਜੂਕੇਸ਼ਨ ਤੇ ਚੈਰੀਟੇਬਲ ਸੁਸਾਇਟੀ ਅੰਮ੍ਰਿਤਸਰ ਵੱਲੋਂ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਦੇ ਨਾਲ ਸਨਮੁੱਖ ਹੋਏ। ਪ੍ਰਿੰਸੀਪਲ ਸਤਨਾਮ ਸਿੰਘ ਤੇ ਸਮੂਹ ਸਟਾਫ ਨੇ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ। ਰਾਜਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਉਚੇਚੇ ਤੌਰ 'ਤੇ ਸੰਬੋਧਨ ਕਰਦਿਆਂ ਦੱਸਿਆ ਕਿ ਕਿਵੇਂ ਅਸੀਂ ਆਪਣੀ ਸ਼ਖ਼ਸੀਅਤ ਨੂੰ ਨਿਖਾਰ ਸਕਦੇ ਹਾਂ ਤੇ ਉੱਚ ਨੈਤਿਕ ਕਦਰਾਂ-ਕੀਮਤਾਂ ਬਾਰੇ ਵੀ ਜਾਣਕਾਰੀ ਦਿੱਤੀ। ਉਨਾਂ ਦੱਸਿਆ ਕਿ ਵਿਦਿਆਰਥੀ ਨੂੰ ਆਪਣੀ ਜ਼ਿੰਦਗੀ ਵਿੱਚ ਪੰਜ ਸੱਸੇ, ਪਹਿਲਾ ਸਹਿਜ ਪਾਠ, ਸਕਾਲਰਸ਼ਿਪ, ਸੈਲਫ ਸਟੱਡੀ, ਸਕਿੱਲ (ਹੁਨਰ) ਤੇ ਸ਼ੇਅਰਿੰਗ ਜ਼ਰੂਰ ਅਪਨਾਉਣੇ ਚਾਹੀਦੇ ਹਨ ਤਾਂ ਜੋ ਉਨ੍ਹਾਂ ਨੂੰ ਜ਼ਿੰਦਗੀ ਜਿਉਣ ਵਿੱਚ ਕਿਸੇ ਵੀ ਤਰ੍ਹਾਂ ਦੀ ਕੋਈ ਮੁਸ਼ਕਿਲ ਪੇਸ਼ ਨਾ ਆਵੇ। ਰਾਜਪਾਲ ਸਿੰਘ ਨੇ ਕਿਹਾ ਕਿ ਉਨ੍ਹਾਂ ਨੂੰ ਵੱਡਿਆਂ ਦਾ ਸਤਿਕਾਰ ਤੇ ਛੋਟਿਆਂ ਨਾਲ ਪਿਆਰ ਕਰਨਾ ਚਾਹੀਦਾ ਹੈ। ਬੇਝਿਜਕ ਤੇ ਨਿਡਰ ਹੋ ਕੇ ਅਧਿਆਪਕਾਂ ਕੋਲੋਂ ਆਪਣੇ ਸਵਾਲਾਂ ਦੇ ਜਵਾਬ ਪੁੱਛਣੇ ਚਾਹੀਦੇ ਹਨ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਇਸ ਪਦਾਰਥਵਾਦੀ ਯੁੱਗ ਅੰਦਰ ਅਧਿਆਤਮਕਤਾ ਨਾਲ ਜੁੜਨ, ਸਹਿਜ ਪਾਠ ਕਰਨ ਦਾ ਮਹੱਤਵ, ਉਸਾਰੂ-ਮੁੱਲ ਵਿਧਾਨ, ਸਵੈ ਅਧਿਐਨ ਅਤੇ ਕੌਸ਼ਲ ਨਿਪੁੰਨਤਾ ਆਦਿ ਸਬੰਧੀ ਵਡਮੁੱਲੇ ਵਿਚਾਰ ਪ੍ਰਦਾਨ ਕੀਤੇ। ਉਨ੍ਹਾਂ ਦੱਸਿਆ ਕਿ ਕਿ ਬੱਚਿਆਂ ਨੂੰ ਮਾਪਿਆਂ ਤੇ ਬੋਝ ਬਣਨ ਦੀ ਬਜਾਏ ਸਕਾਲਰਸ਼ਿਪ ਲੈ ਕੇ ਉਚੇਰੀ ਵਿਦਿਆ ਹਾਸਲ ਕਰਨੀ ਚਾਹੀਦੀ ਹੈ ਤਾਂ ਜੋ ਉਹ ਮਨ ਚਾਹਿਆ ਮੁਕਾਮ ਹਾਸਲ ਕਰ ਸਕਣ।

ਉਨਾਂ ਕਿਹਾ ਕਿ ਇਸ ਆਧੁਨਿਕਤਾ ਦੇ ਦੌਰ ਵਿੱਚ ਸਭ ਕੋਲ ਚਾਹੇ ਛੋਟਾ ਹੋਵੇ ਜਾਂ ਵੱਡਾ ਮੋਬਾਈਲ ਫੋਨ, ਕੰਪਿਊਟਰ ਆਦਿ ਇਲੈਕਟ੍ਰਾਨਿਕ ਚੀਜਾਂ ਸਭ ਕੋਲ ਮੌਜੂਦ ਹਨ ਪ੍ਰੰਤੂ ਬੱਚਿਆਂ ਨੂੰ ਇਨਾਂ ਚੀਜਾਂ ਦੀ ਇਸਤੇਮਾਲ ਕਿਵੇਂ ਕਰਨਾ ਹੈ ਉਨਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੁੰਦੀ ਜਿਸ ਦੀ ਬੱਚਿਆਂ ਨੂੰ ਦੱਸਣਾ ਬਹੁਤ ਜਰੂਰੀ ਹੁੰਦਾ ਹੈ। ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਇਨ੍ਹਾਂ ਵਡਮੁੱਲੇ ਵਿਚਾਰਾਂ 'ਤੇ ਅਮਲ ਕਰਨ ਦਾ ਸੁਨੇਹਾ ਵੀ ਦਿੱਤਾ।

## ਬੇਰੁਜ਼ਗਾਰੀ ਭੱਤਿਆਂ ਤਹਿਤ ਬਿਨੈ ਮੰਗੇ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਰੁਜਗਾਰ ਮੁੱਖ ਦਫਤਰ ਵੱਲੋਂ ਚਲਾਈ ਜਾ ਰਹੀ ਪੜੇ-ਲਿਖੇ ਬੇਰੁਜਗਾਰਾਂ ਲਈ ਬੇਰੁਜਗਾਰੀ ਭੱਤਾ ਯੋਜਨਾਵਾਂ ਦੇ ਤਹਿਤ ਹਰੇਕ ਸਾਲ ਦੀ ਤਰਾਂ ਇਸ ਸਾਲ ਵੀ 1 ਨਵੰਬਰ ਤੋਂ ਸਰਲ ਪੋਰਟਲ 'ਤੇ ਬਿਨੈ ਮੰਜੂਰ ਕਰਨ ਦੀ ਪ੍ਰਕ੍ਰਿਆ ਸ਼ੁਰੂ ਹੋ ਗਈ ਹੈ। ਹਰਿਆਣਾ ਰੁਜਗਾਰ ਮੁੱਖ ਦਫਤਰ ਦੇ ਬੁਲਾਰੇ ਨੇ ਦਸਿਆ ਕਿ ਇਸ ਯੋਜਨਾ ਤਹਿਤ ਲਾਭ ਪ੍ਰਾਪਤ ਕਰਨਦੇ ਇਛੁੱਕ ਉਮੀਦਵਾਰ ਸਰਲ ਪੋਰਟਲ 'ਤੇ ਆਨਲਾਇਨ ਬਿਨੈ ਕਰ ਕੇ ਜਰੂਰੀ ਦਸਤਾਵੇਜ, 30 ਨਵੰਬਰ ਸ਼ਾਮ 5 ਵਜੇ ਤਕ ਸਬੰਧਿਤ ਰੁਜਗਾਰ ਦਫਤਰ ਵਿਚ ਜਮ੍ਹਾ ਕਰਵਾ ਸਕਦੇ ਹਨ। ਹੋਰ ਵਿਸਤਾਰ ਜਾਣਕਾਰੀ ਲਈ ਮੁੱਖ ਦਫਤਰ ਦੀ ਹੈਲਪਲਾਇਨ ਨੰਬਰ 1800-180-2403 'ਤੇ ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤਕ ਸੰਪਰਕ ਕਰ ਸਕਦੇ ਹਨ।

## ਡੇਅਰੀ ਵਿਕਾਸ ਵਿਭਾਗ ਵੱਲੋਂ ਦੁੱਧ ਇੱਕ ਸੰਪੂਰਨ ਤੇ ਸੰਤੁਲਿਤ ਖੁਰਾਕ ਸਬੰਧੀ ਸੈਮੀਨਾਰ

ਐਸ.ਏ.ਐਸ.ਨਗਰ (ਗੁਰਜੀਤ ਬਿੱਲਾ) ਸਰਕਾਰੀ ਸੀਨੀਅਰ ਸੈਕੰਡਰ ਸਕੂਲ 3ਬੀ2 ਮੋਹਾਲੀ ਵਿਖੇ ਡੇਅਰੀ ਵਿਕਾਸ ਵਿਭਾਗ ਅਤੇ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਦੁੱਧ ਇੱਕ ਸੰਪੂਰਨ ਅਤੇ ਸੰਤੁਲਿਤ ਖੁਰਾਕ, ਸਬੰਧੀ ਸੈਮੀਨਾਰ ਕੀਤਾ ਗਿਆ। ਇਸ ਸੈਮੀਨਾਰ ਵਿੱਚ ਡੇਅਰੀ ਵਿਕਾਸ ਵਿਭਾਗ ਦੇ ਮੋਹਾਲੀ ਜਿਲੇ ਦੇ ਡਿਪਟੀ ਡਾਇਰੈਕਟਰ ਵਿਨੀਤ ਕੌੜਾ, ਕਸ਼ਮੀਰ ਸਿੰਘ ਡੇਅਰੀ ਵਿਕਾਸ ਇੰਸਪੈਕਟਰ, ਸਿਧਾਰਥ ਸ਼ਰਮਾ ਡੇਅਰੀ ਵਿਕਾਸ ਇੰਸਪੈਕਟਰ, ਸਿਮਰਦੀਪ ਸਿੰਘ ਡੇਅਰੀ ਫੀਲਡ ਸਹਾਇਕ, ਹਰਬੰਸ ਸਿੰਘ ਰਿਟਾਇਰਡ ਡਿਪਟੀ ਡਾਇਰੈਕਟਰ ਅਤੇ ਸਹਿਯੋਗੀ ਅਦਾਰੇ ਮਿਲਕ ਪਲਾਂਟ ਮੋਹਾਲੀ (ਵੇਰਕਾ) ਦੇ ਨੁਮਾਇੰਦੇ ਪ੍ਰਦੀਪ ਸਿੰਘ, ਡਿਪਟੀ ਮੈਨੇਜਰ ਵੱਲੋਂ ਭਾਗ ਲਿਆ ਗਿਆ। ਡਿਪਟੀ ਡਾਇਰੈਕਟਰ ਮੋਹਾਲੀ ਵੱਲੋਂ ਵਿਦਿਆਰਥੀਆਂ ਨੂੰ ਦੁੱਧ ਵਿੱਚ ਪਾਏ ਜਾਣ ਵਾਲੇ ਖੁਰਾਕੀ ਤੱਤਾਂ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਵੱਧ ਤੋਂ ਵੱਧ ਦੁੱਧ ਅਤੇ ਦੁੱਧ ਪਦਾਰਥਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਪੰਜਾਬ ਡੇਅਰੀ ਵਿਕਾਸ ਵਿਭਾਗ ਵੱਲੋਂ 26 ਨਵੰਬਰ ਨੂੰ ਵਰਗਿਸ ਕੋਰੀਅਨ ਦੇ ਜਨਮ ਦਿਹਾੜੇ 'ਤੇ (ਨੈਸ਼ਨਲ ਮਿਲਕ ਡੇ) ਮੌਕੇ 'ਤੇ "ਨਰੋਏ ਸਮਾਜ ਦੀ ਸਥਾਪਨਾ ਵਿੱਚ ਦੁੱਧ ਦਾ ਮਹੱਤਵ" ਵਿਸ਼ੇ ਤੇ ਲੇਖ ਮੁਕਾਬਲਾ ਕਰਵਾਇਆ ਜਾ ਰਿਹਾ ਹੈ। ਜਿਸ ਵਿੱਚ ਜ਼ਿਲ੍ਹਾ ਪੱਧਰ 'ਤੇ ਪਹਿਲੇ, ਦੂਜੇ ਅਤੇ ਤੀਸਰੇ ਸਥਾਨ 'ਤੇ ਆਉਣ ਵਾਲੇ ਸਿਖਿਆਰਥੀਆਂ ਨੂੰ ਨਕਦ ਰਾਸ਼ੀ ਇਨਾਮ ਦੇ ਰੂਪ ਵਿੱਚ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਦੱਸਿਆ ਗਿਆ ਕਿ ਵਿਦਿਆਰਥੀ ਦੁੱਧ ਦਾ ਕਿੱਤਾ ਕਰਕੇ ਵੀ ਆਪਣਾ ਕੈਰੀਅਰ ਬਣਾ ਸਕਦੇ ਹਨ। ਜਿਸ ਵਿੱਚ ਮੁੱਖ ਰੂਪ ਵਿੱਚ ਡੇਅਰੀ ਫਾਰਮਿੰਗ ਸਥਾਪਿਤ ਕਰਨਾ, ਮਿਲਕ ਪਲਾਂਟ ਦੀ ਸਥਾਪਨਾ ਕਰਨਾ ਆਦਿ ਹੈ। ਉਨ੍ਹਾਂ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸਵੈ-ਰੋਜ਼ਗਾਰ ਸਥਾਪਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਅੰਤ ਵਿੱਚ ਡਿਪਟੀ ਡਾਇਰੈਕਟਰ ਵੱਲੋਂ ਸਾਰੇ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਦੀ ਅਤੇ ਹਰ ਚੁਣੇ ਗਏ ਖੇਤਰ ਵਿੱਚ ਸਫਲ ਹੋਣ ਦੀ ਕਾਮਨਾ ਕੀਤੀ ਗਈ।

## ਸਮਾਜਿਕ ਸੁਰੱਖਿਆ ਦੇ ਲਾਭਕਾਰਾਂ ਨੂੰ ਮਿਲੇਗੀ 3000 ਰੁਪਏ ਮਹੀਨਾ ਪੈਂਸ਼ਨ-ਮਨੋਹਰ ਲਾਲ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**- ਹਰਿਆਣਾ ਸਰਕਾਰ ਦੇ 9 ਸਾਲ ਪੂਰੇ ਹੋਣ ਦੇ ਮੌਕੇ ਵਿਚ ਜ਼ਿਲ੍ਹਾ ਕਰਨਾਲ ਵਿਚ ਪ੍ਰਬੰਧਿਤ ਅੰਤੋਂਦੇਯ ਮਹਾਸੰਮੇਲਨ ਵਿਚ ਮੁੱਖ ਮੰਤਰੀ ਮਨੋਹਰ ਲਾਲ ਨੇ ਵੱਡਾ ਐਲਾਨ ਕਰਦੇ ਹੋਏ ਕਿਹਾ ਕਿ 1 ਜਨਵਰੀ, 2024 ਤੋਂ ਸੂਬੇ ਵਿਚ ਸਮਾਜਿਕ ਪੈਂਸ਼ਨ ਦੇ ਲਾਭਕਾਰਾਂ ਨੂੰ 3 ਹਜਾਰ ਰੁਪਏ ਮਹੀਨਾ ਪੈਂਸ਼ਨ ਮਿਲੇਗੀ। ਮੌਜੂਦਾ ਵਿਚ ਇਹ ਪੈਂਸ਼ਨ ਰਕਮ 2750 ਰੁਪਏ ਹੈ। ਉਨ੍ਹਾਂ ਨੇ ਅੰਤੋਂਦੇਯ ਮਹਾਸੰਮੇਲਨ ਵਿਚ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਦਾ ਦਾਨਵੀਰ ਕਰਣ ਦੀ ਨਗਰੀ ਵਿਚ ਪਹੁੰਚਣ 'ਤੇ ਉਨ੍ਹਾਂ ਦਾ ਸਵਾਗਤ ਅਤੇ ਧੰਨਵਾਦ ਪ੍ਰਗਟਾਇਆ। ਉਨ੍ਹਾਂ ਨੇ ਕਿਹਾ ਕਿ ਅੱਜ ਦਾ ਦਿਨ ਕਈ ਤਰ੍ਹਾ ਨਾਲ ਵਿਸ਼ੇਸ਼ ਹੈ। ਕੱਲ ਹੀ 1 ਨਵੰਬਰ ਨੂੰ ਹਰਿਆਣਾ ਦਾ 58ਵਾਂ ਸਥਾਪਨਾ ਦਿਵਸ ਮਨਾਇਆ ਗਿਆ ਹੈ ਅਤੇ 26 ਅਕਤੂਬਰ, 2023 ਨੂੰ ਹਰਿਆਣਾ ਸਰਕਾਰ ਨੇ 9 ਸਾਲ ਪੂਰੇ ਕੀਤੇ ਹਨ। ਇਸ 9 ਸਾਲਾਂ ਵਿਚ ਸੂਬਾ ਸਰਕਾਰ ਨੇ ਸੂਬੇ ਦੇ ਲਾਇਨ ਵਿਚ ਖੜੇ ਹੋਏ ਆਖੀਰੀ ਵਿਅਕਤੀ, ਗਰੀਬ ਮਜਦੂਰ, ਕਿਸਾਨ , ਛੋਟਾ ਵਪਾਰੀ ਆਦਿ ਜਿਸ ਦੀ ਸਾਲਾਨਾ ਆਮਦਨ ਬਹੁਤ ਘੱਟ ਹੈ, ਉਸ ਦੀ ਭਲਾਈ ਲਈ ਵਿਸ਼ੇਸ਼ ਯੋਜਨਾਵਾਂ ਚਲਾਈਆਂ ਹਨ। ਅੱਜ ਦਾ ਇਹ ਅੰਤੋਂਦੇਯ ਮਹਾਸੰਮੇਲਨ ਇੰਨ੍ਹਾਂ ਯੋਜਨਾਵਾਂ ਦਾ ਹੀ ਇਕ ਨਤੀਜਾ ਹੈ। ਮਨੋਹਰ ਲਾਲ ਨੇ ਕੇਂਦਰੀ ਗ੍ਰਹਿ ਮੰਤਰੀ ਦੇ ਸ਼ਖਸੀਅਤ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਅਮਿਤ ਸ਼ਾਹ ਨੇ ਪਾਰਟੀ ਦੇ ਕੌਮੀ ਪ੍ਰਧਾਨ ਵਜੋ ਪੂਰੇ ਦੇਸ਼ ਵਿਚ ਪਾਰਟੀ ਦਾ ਜੋ ਤਾਨਾਬਾਨਾ ਬੁਣਿਆ ਅਤੇ ਦੁਨੀਆ ਦਾ ਸੱਭ ਤੋਂ ਵੱਡੀ ਪਾਰਟੀ ਸੱਭ ਤੋਂ ਮਜਬੂਤ ਪਾਰਟੀ ਦਾ ਮਾਣ ਪ੍ਰਾਪਤ ਹੋਇਆ। ਇੰਨਾਂ ਹੀ ਨਹੀਂ, ਪ੍ਰਧਾਨ ਮੰਤਰੀ ਨਰੇਂਦਰ ਮੋਦੀ ਅਤੇ ਕੇਂਦਰੀ ਗ੍ਰਹਿ ਮੰਤਰੀ ਵਜੋਂ ਅਮਿਤ ਸ਼ਾਹ ਨੇ ਕਈ ਹਿੰਮਤੀ ਫੈਸਲੇ ਲਏ ਹਨ।

# ਵਿਜੀਲੈਂਸ ਬਿਊਰੋ ਵੱਲੋਂ ਸਤਿਅਮ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਵਿਖੇ ਸੈਮੀਨਾਰ



**ਜਲੰਧਰ, ( ਸ਼ੈਲੀ ਐਲਬਰਟ)**-ਪੰਜਾਬ ਸਰਕਾਰ ਵਲੋਂ ਸੂਬੇ ਨੂੰ ਭ੍ਰਿਸ਼ਟਾਚਾਰ ਮੁਕਤ ਬਣਾਉਣ ਲਈ 05 ਨਵੰਬਰ ਤੱਕ 'ਭ੍ਰਿਸ਼ਟਾਚਾਰ ਦਾ ਵਿਰੋਧ ਕਰੋ, ਦੇਸ਼ ਦੇ ਪ੍ਰਤੀ ਵਚਨਬੱਧ ਰਹੋ' ਵਿਸ਼ੇ ਤਹਿਤ ਮਨਾਏ ਜਾ ਰਹੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਅਧੀਨ ਵਿਜੀਲੈਂਸ ਬਿਊਰੋ ਯੂਨਿਟ ਜਲੰਧਰ ਵਲੋਂ ਸਤਿਅਮ ਇੰਸਟੀਚਿਊਟ ਆਫ਼ ਮੈਨੇਜਮੈਂਟ ਐਂਡ ਟੈਕਨਾਲੋਜੀ ਨਕੋਦਰ, ਜਲੰਧਰ ਵਿਖੇ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਡੀ.ਐਸ.ਪੀ. ਵਿਜੀਲੈਂਸ ਬਿਊਰੋ, ਜਲੰਧਰ ਰੇਂਜ ਜਤਿੰਦਰਜੀਤ ਸਿੰਘ ਅਤੇ ਸਮਾਜ ਸੇਵੀ ਪ੍ਰਵੀਨ ਅਬਰੋਲ ਨੇ ਭ੍ਰਿਸ਼ਟਾਚਾਰ ਵਧਣ ਦੇ ਕਾਰਨਾਂ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਵਿਜੀਲੈਂਸ ਬਿਊਰੋ ਦੀ ਕਾਰਜਸ਼ੈਲੀ ਤੋਂ ਜਾਣੂੰ ਕਰਵਾਇਆ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਰਕਾਰੀ ਅਧਿਕਾਰੀ ਤੇ ਕਰਮਚਾਰੀ ਰਿਸ਼ਵਤ ਦੀ ਮੰਗ ਕਰਦਾ ਹੈ, ਅਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ ਜਾਂ ਸਰਕਾਰੀ ਕੰਮ ਵਿੱਚ ਘਪਲੇਬਾਜ਼ੀ ਕਰਦਾ ਹੈ ਤਾਂ ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਟੋਲ ਫਰੀ ਨੰਬਰ 1800-1800-1000 ਅਤੇ ਵੈਬਸਾਈਟ ਅਤੇ ਐਂਟੀ ਕਰੱਪਸ਼ਨ ਐਕਸ਼ਨ ਲਾਈਨ ਵਟਸਐਪ ਨੰਬਰ 95012-00200 'ਤੇ ਸ਼ਿਕਾਇਤ ਦਰਜ ਕਰਵਾਈ ਜਾ ਸਕਦੀ ਹੈ। ਇਸ ਮੌਕੇ ਉਨ੍ਹਾਂ ਨੇ ਭ੍ਰਿਸ਼ਟਾਚਾਰ ਨੂੰ ਨਕੇਲ ਪਾਉਣ ਅਤੇ ਵਿਜੀਲੈਂਸ ਬਿਊਰੋ ਨੂੰ ਸਹਿਯੋਗ ਦੇਣ ਦੀ ਅਪੀਲ ਵੀ ਕੀਤੀ। ਇਸ ਮੌਕੇ ਬਾਬਾ ਜੀਵਨ ਸਿੰਘ ਜੀ ਵੈਲਫੇਅਰ ਯੂਥ ਕਲੱਬ ਦੇ ਪ੍ਰਧਾਨ ਅਤੇ ਸਮਾਜ ਸੇਵੀ ਕੀਰਤੀ ਕਲਿਆਣ ਵਲੋਂ ਇੰਸਟੀਚਿਊਟ ਦੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਸਬੰਧੀ ਸਹੁੰ ਵੀ ਚੁਕਾਈ ਗਈ।

# ਸ੍ਰੀ ਹਨੂਮਤ ਆਈ ਐੱਮ ਟੀ 'ਚ ਕਰਵਾ ਚੌਥ ਦਾ ਜਸ਼ਨ



**ਗੁਰਾਇਆ (ਬਿੰਦਰ ਸੁਮਨ)**- ਵਿਦਿਆਰਥੀਆਂ ਨੂੰ ਤਿਉਹਾਰਾਂ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਲਈ ਸ੍ਰੀ ਹਨੂਮੰਤ ਇੰਸਟੀਚਿਟ ਆਫ ਮੈਨੇਜਮੈਂਟ ਐਂਡ ਟੈਕਨਾਲੌਜੀ, ਵਿੱਚ ਬੱਚਿਆਂ ਲਈ ਕਰਵਾ ਚੌਥ ਦਾ ਤਿਉਹਾਰ ਰਸਮਾਂ ਨਾਲ ਮਨਾਇਆ ਗਿਆ। ਇਸ ਮੌਕੇ ਮਹਿੰਦੀ, ਨੇਲ ਆਰਟ, ਥਾਲੀ, ਪੇਂਟਿੰਗ ਆਦਿ ਦੇ ਮੁਕਾਬਲੇ ਕਰਵਾਏ ਗਏ, ਜਿਸ ਵਿੱਚ ਕਾਲਜ ਦੇ ਸਾਰੇ ਵਿਭਾਗਾਂ ਦੀਆਂ ਵਿਦਿਆਰਥਣਾਂ ਨੇ ਉਤਸ਼ਾਹ ਨਾਲ ਭਾਗ ਲੈ ਕੇ ਮਹਿੰਦੀ ਅਤੇ ਨੇਲ ਆਰਟ ਦੇ ਬਹੁਤ ਹੀ ਆਕਰਸ਼ਕ ਡਿਜਾਈਨ ਪੇਸ਼ ਕੀਤੇ। ਪੇਂਟਿੰਗ ਮੁਕਾਬਲੇ ਵਿੱਚ ਵਿਦਿਆਰਥੀਆਂ ਨੇ ਕਰਵਾ ਚੌਥ 'ਤੇ ਆਧਾਰਿਤ ਪੇਂਟਿੰਗਾਂ ਵਿੱਚ ਖੂਬਸੂਰਤ ਰੰਗ ਭਰ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।

ਮਹਿੰਦੀ ਮੁਕਾਬਲੇ ਵਿੱਚ ਬੀ.ਕਾਮ ਦੀ ਕੋਮਲ ਪਹਿਲੇ, ਬੀ.ਐਮ.ਐਲ. ਐਸ ਦੀ ਰੂਬੀ ਦੂਜੇ ਅਤੇ ਬੀ.ਕਾਮ ਦੀ ਜੋਤਿਕਾ ਤੀਜੇ ਸਥਾਨ 'ਤੇ ਰਹੀਆਂ। ਇਸ ਤੋਂ ਇਲਾਵਾ ਇਸ ਮੁਕਾਬਲੇ ਵਿੱਚ ਸੁਮਨ, ਸੰਜਨਾ, ਅਮਿਸ਼ਾ, ਸੰਗੀਤਾਂ, ਗੁਰਪ੍ਰੀਤ, ਈਸ਼ਾ ਆਦਿ ਬੱਚਿਆਂ ਨੇ ਭਾਗ ਲਿਆ। ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੀ ਸ਼ਲਾਘਾ ਕੀਤੀ ਗਈ ਅਤੇ ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਵੀ ਕੀਤਾ ਗਿਆ।

ਕਾਲਜ ਡਾਇਰੈਕਟਰ ਡਾ: ਸ਼ੈਲੀ ਰੇਖੀ ਸ਼ਰਮਾ ਨੇ ਕਿਹਾ ਕਿ ਕਾਲਜ ਵਿੱਚ ਅਜਿਹੇ ਪ੍ਰੋਗਰਾਮਾਂ ਵਿੱਚ ਭਾਗ ਲੈਣ ਨਾਲ ਵਿਦਿਆਰਥੀਆਂ ਦਾ ਆਤਮਵਿਸ਼ਵਾਸ ਵਧਦਾ ਹੈ ਅਤੇ ਉਨ੍ਹਾਂ ਨੇ ਮੁਕਾਬਲਿਆਂ ਦੇ ਜੇਤੂਆਂ ਨੂੰ ਵਧਾਈ ਦਿੱਤੀ।

# ਲਾਲਪੁਰਾ ਦੇ ਯਤਨਾਂ ਸਦਕਾ ਓਮਾਨ ਤੋਂ ਵਤਨ ਪਹੁੰਚੀ ਸੈਣੀਮਾਜਰਾ ਦੇ ਨੌਜਵਾਨ ਦੀ ਲਾਸ਼

**ਨੂਰਪੁਰ ਬੇਦੀ, (ਸੁਰਜੀਤ ਸਿੰਘ ਕਾਹਲੋਂ)**-ਰੁਜਗਾਰ ਖਾਤਰ ਵਿਦੇਸ ਗਏ ਨੌਜਵਾਨਾਂ ਨਾਲ ਜਦੋਂ ਕੋਈ ਅਣਹੋਣੀ ਘਟਨਾ ਵਾਪਰਦੀ ਹੈ ਜਾਂ ਕਿਸੇ ਦੀ ਮੌਤ ਹੁੰਦੀ ਤਾਂ ਉਨ੍ਹਾਂ ਨੌਜਵਾਨਾਂ ਦੇ ਪਰਵਾਰਾਂ ਦੀ ਮਦਦ ਲਈ ਪੰਜਾਬ ਦੀ ਨਾਮਵਰ ਸਮਾਜ ਸੇਵੀ ਇਨਸਾਨੀਅਤ ਪਹਿਲਾਂ ਮਸੀਹਾ ਬਣ ਕਿ ਸਾਹਮਣੇ ਆਉਂਦੀ ਹੈ। ਸੰਸਥਾ ਦੇ ਸੰਸਥਾਪਕ ਅਤੇ ਭਾਜਪਾ ਰੂਪਨਗਰ ਦੇ ਜ਼ਿਲ੍ਹਾ ਅਜੈਵੀਰ ਸਿੰਘ ਲਾਲਪੁਰਾ ਦੇ ਯਤਨਾਂ ਸਦਕਾ ਓਮਾਨ ਵਿਚ ਲੇਬਰ ਦਾ ਕੰਮ ਕਰਨ ਗਏ ਇੱਕ ਨੌਜਵਾਨ ਦੀ ਮੌਤ ਮਗਰੋਂ ਦੇਹ ਉਸ ਦੇ ਪਿੰਡ ਵਿਖੇ ਪਹੁੰਚ ਗਏ ਜਿਸ ਦਾ ਪਰਵਾਰ ਵਲੋਂ ਅੰਤਿਮ ਸਸਕਾਰ ਕਰ ਦਿੱਤਾ ਗਿਆ। ਇਸ ਬਾਬਤ ਲਾਲਪੁਰਾ ਨੇ ਦੱਸਿਆ ਕਿ ਬਲਾਕ ਨੂਰਪੁਰ ਬੇਦੀ ਦੇ ਪਿੰਡ ਸੈਣੀਮਾਜਰਾ ਦੇ ਵਸਨੀਕ ਕੁਲਵਿੰਦਰ ਸਿੰਘ ਪੁੱਤਰ ਤਰਸੇਮ ਲਾਲ ਕੁੱਝ ਸਮਾਂ ਪਹਿਲਾਂ ਰੁਜਗਾਰ ਦੀ ਤਲਾਸ਼ ਵਿਚ ਅਰਬ ਦੇਸ ਓਮਾਨ ਵਿਖੇ ਗਏ ਸਨ, ਜਿੱਥੇ ਰਹਿ ਕਿ ਉਹ ਨਿਗੂਣੀ ਤਨਖਾਹ 'ਤੇ ਲੇਬਰ ਦਾ ਕੰਮ ਕਰਦੇ ਸਨ। ਉਨ੍ਹਾਂ ਦੱਸਿਆ ਕਿ 22 ਤਾਰੀਖ ਨੂੰ ਕੁਲਵਿੰਦਰ ਸਿੰਘ ਨੇ ਆਪਣੀ ਪਰਵਾਰਕ ਮੈਂਬਰਾਂ ਨਾਲ ਗੱਲ ਕੀਤੀ ਸੀ, ਜਿਸ ਤੋਂ ਬਾਅਦ 23 ਨਵੰਬਰ ਨੂੰ ਜਦੋਂ ਪਰਵਾਰਕ ਮੈਂਬਰਾਂ ਨੇ ਸਵੇਰੇ ਫੋਨ ਰਾਹੀਂ ਸੰਪਰਕ ਕੀਤਾ ਤਾਂ ਉਨ੍ਹਾਂ ਫੋਨ ਨਹੀਂ ਚੁੱਕਿਆ, ਅਗਲੇ ਦਿਨ ਪਤਾ ਲੱਗਾ ਕਿ ਕੁਲਵਿੰਦਰ ਸਿੰਘ ਬਾਥਰੂਮ ਵਿਚ ਡਿੱਗ ਗਏ ਸਨ, ਜਿਨ੍ਹਾਂ ਨੂੰ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਤੇ 28 ਨਵੰਬਰ ਨੂੰ ਉਨ੍ਹਾਂ ਦੀ ਮੌਤ ਹੋ ਗਈ। ਇਸ ਘਟਨਾ ਬਾਰੇ ਪਤਾ ਲੱਗਦਿਆਂ ਇਲਾਕੇ ਦੇ ਨਾਮਵਰ ਸਮਾਜ ਸੇਵੀ ਆਗੂ ਡਾ. ਦਵਿੰਦਰ ਬਜਾੜ ਨੇ ਸਾਰਾ ਮਾਮਲਾ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਅਤੇ ਇਨਸਾਨੀਅਤ ਪਹਿਲਾਂ ਦੇ ਸੰਸਥਾਪਕ ਅਜੈਵੀਰ ਸਿੰਘ ਲਾਲਪੁਰਾ ਦੇ ਧਿਆਨ ਵਿਚ ਲਿਆਂਦਾ, ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਲਾਲਪੁਰਾ ਨੇ ਕੌਮੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਇਕਬਾਲ ਸਿੰਘ ਲਾਲਪੁਰਾ ਦੇ ਧਿਆਨ ਵਿਚ ਲਿਆਂਦਾ ਜਿਨ੍ਹਾਂ ਵਿਦੇਸ਼ ਰਾਜ ਮੰਤਰੀ ਸ਼੍ਰੀਮਤੀ ਮੀਨਾਕਸ਼ੀ ਲੇਖੀ ਨਾਲ ਸੰਪਰਕ ਸਥਾਪਿਤ ਕਰਕੇ ਕੁਲਵਿੰਦਰ ਸਿੰਘ ਦੀ ਦੇਹ ਨੂੰ ਭਾਰਤ ਲਿਆਉਣ ਦੀ ਕਾਰਵਾਈ ਅਰੰਭ ਦਿੱਤੀ। ਜਿਸ ਦੀ ਕਾਗਜੀ ਕਾਰਵਾਈ ਅਰੰਭ ਹੋ ਗਈ ਤੇ 1 ਨਵੰਬਰ ਨੂੰ ਪਵਿੱਤਰ ਦੇਹ ਦਿੱਲੀ ਹਵਾਈ ਅੱਡੇ 'ਤੇ ਪਹੁੰਚ ਗਈ। ਅਜੈਵੀਰ ਸਿੰਘ ਲਾਲਪੁਰਾ ਦੀਆਂ ਹਦਾਇਤਾਂ ਅਨੁਸਾਰ ਇਨਸਾਨੀਅਤ ਪਹਿਲਾਂ ਦੀ ਟੀਮ ਐਂਬੂਲੈਂਸ ਸਮੇਤ ਨਵੀਂ ਦਿੱਲੀ ਹਵਾਈ ਅੱਡੇ 'ਤੇ ਪਹੁੰਚ ਗਈ ਤੇ ਦੇਹ ਨੂੰ ਪਿੰਡ ਤੱਕ ਪਹੁੰਚਾਇਆ ਤੇ ਇਸ ਦਾ ਸਾਰਾ ਖਰਚ ਸੰਸਥਾ ਵਲੋਂ ਕੀਤਾ ਗਿਆ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਪੰਜਾਬ ਡੇ ਮਨਾਇਆ



**ਕਪੂਰਥਲਾ( ਹਨੀ )**-ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਗਾ ਦੀ ਅਗਵਾਈ ਹੇਠ ਪੰਜਾਬ ਡੇ ਮਨਾਇਆ ਗਿਆ । ਜਿਸ ਵਿੱਚ ਕੇ .ਜੀ ਅਤੇ ਪ੍ਰਾਇਮਰੀ ਵਿੰਗ ਦੇ ਬੱਚਿਆਂ ਵਿਚ ਪੰਜਾਬੀ ਵਰਨ ਬਣਾਉਣ ਦੀ ਐਕਟੀਵਿਟੀ ਕਰਵਾਈ ਗਈ । ਛੇਵੀਂ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦਰਮਿਆਨ ਪੰਜਾਬੀ ਮਾਂ ਬੋਲੀ 'ਚ ਲੇਖ ਲਿਖਣ ਦੀ ਪ੍ਰਤਿਯੋਗਿਤਾ ਅਤੇ ਨੌਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ 'ਚ ਪੰਜਾਬੀ ਸਲੋਗਨ ਲਿਖਣ ਦੀ ਪ੍ਰਤਿਯੋਗਿਤਾ ਕਰਵਾਈ ਗਈ । ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸ਼ਾਸਕ ਇੰਜੀਨੀਅਰ ਨਿਮਰਤਾ ਕੌਰ ਨੇ ਸਮਾਗਮ ਵਿਚ ਹਿੱਸਾ ਲੈਣ ਵਾਲੇ ਵਿਦਿਆਰਥੀਆਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਪੰਜਾਬੀ ਸਾਡੀ ਮਾਂ ਬੋਲੀ ਹੈ ਅਤੇ ਸਾਡਾ ਇਹ ਫਰਜ ਬਣਦਾ ਹੈ ਕਿ ਆਪਣੀ ਮਾਂ ਬੋਲੀ ਦਾ ਪੂਰਾ ਸਤਿਕਾਰ ਕਰੀਏ ।

# ਸਿਲਵਰ ਓਕ ਸਕੂਲ ਦੇ ਵਿਦਿਆਰਥੀਆਂ ਵੱਲੋਂ ਲੋੜਵੰਦਾਂ ਦੀ ਮਦਦ ਲਈ ਅਨੋਖੀ ਪਹਿਲ



**ਟਾਂਡਾ ਉੜਮੁੜ ( ਉਕਾਰ ਸਿੰਘ, ਜਸਵਿੰਦਰ ਸੰਧੂ)** ਇਲਾਕੇ ਦੀ ਪ੍ਰਮੁੱਖ ਸਿੱਖਿਆ ਸੰਸਥਾ ਸਿਲਵਰ ਓਕ ਇੰਟਰਨੈਸ਼ਨਲ ਸਕੂਲ ਸਾਹਬਾਜਪੁਰ ਖੇਡਾਂ ਅਤੇ ਪੜ੍ਹਾਈ ਦੇ ਨਾਲ ਨਾਲ ਸਮਾਜ ਸੇਵੀ ਕੰਮਾਂ ਦੇ ਵਿੱਚ ਵੀ ਕਦਮ ਵਧਾ ਕੇ ਭਾਗ ਲੈਂਦਾ ਹੈ। ਸਕੂਲ ਦੀ ਇਸੇ ਪਰੰਪਰਾ ਨੂੰ ਅੱਗੇ ਵਧਾਉਂਦੇ ਹੋਏ ਇਸ ਵਾਰ ਬੱਚਿਆਂ ਨੇ ਆਪਣੇ ਮਾਪਿਆਂ ਦੀ ਮਦਦ ਨਾਲ ਅਤੇ ਅਧਿਆਪਕਾਂ ਨਾਲ ਮਿਲ ਕੇ ਰੋਜਮਰਾ ਦੀਆਂ ਜਰੂਰਤਾਂ ਦਾ ਸਮਾਨ ਆਪਣੇ ਜੇਬ ਖਰਚੀ ਵਿੱਚੋਂ ਇਕੱਠਾ ਕੀਤਾ। ਸੰਸਥਾ ਦੇ ਚੇਅਰਮੈਨ ਤਰਲੋਚਨ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਹੇਠ ਪ੍ਰਿੰਸੀਪਲ ਮੁਨੀਸ਼ਾ ਸੰਗਰ ਦੀ ਅਗਵਾਈ ਵਿੱਚ ਸਕੂਲ ਵਿੱਚੋਂ ਤਿੰਨ ਬੱਸਾਂ ਇਸੇ ਰੋਜਮਰਾ ਦੇ ਜਰੂਰਤ ਵਾਲੇ ਸਮਾਨ ਦੀਆਂ ਤਿਆਰ ਕਰ ਕੇ ਗੁਰੂ ਆਸਰਾ ਸੇਵਾ ਸੋਸਾਇਟੀ ਬਾਹਗਾ, ਬਿਰਧ-ਆਸ਼ਰਮ ਦੇਹਰੀਵਾਲ ਅਤੇ ਕੁਸ਼ਟ ਆਸਰਮ ਦਸੂਹਾ ਵਿਖੇ ਭੇਜੀਆਂ ਗਈਆਂ।

ਚੇਅਰਮੈਨ ਤਰਲੋਚਨ ਸਿੰਘ ਦੀ ਪ੍ਰੇਰਨਾ ਸਦਕਾ ਬੱਚਿਆਂ ਤੇ ਅਧਿਆਪਕਾਂ ਨੇ ਮਿਲ ਕੇ ਆਪਣੇ ਜੇਬ ਖਰਚਿਆਂ ਵਿੱਚੋਂ ਪੈਸੇ ਬਚਾ ਕੇ ਰੋਜਮਾਰਾ ਦੀਆਂ ਜਰੂਰਤਾਂ ਦਾ ਸਮਾਨ ਖਰੀਦ ਕੇ ਇਕੱਠਾ ਕੀਤਾ ਅਤੇ ਇਹ ਸਾਰੇ ਸਮਾਨ ਨੂੰ ਤਿੰਨਾਂ ਬੱਸਾਂ ਦੇ ਵਿੱਚ ਪਾ ਕੇ ਅਲੱਗ ਅਲੱਗ ਜਗ੍ਹਾ ਲੋੜਵੰਦਾਂ ਦੀ ਮਦਦ ਲਈ ਭੇਜਿਆ ਗਿਆ। ਬੱਚਿਆਂ ਨੂੰ ਦੱਸਿਆ ਗਿਆ ਕਿ ਮਨੁੱਖਤਾ ਦੀ ਸੇਵਾ ਹੀ ਸਭ ਤੋਂ ਵੱਡੀ ਸੇਵਾ ਹੈ। ਇਸ ਮੌਕੇ 'ਤੇ ਮੈਨੇਜਰ ਗਜਿੰਦਰ ਪਾਲ ਸਿੰਘ ਅਤੇ ਤਰਨ ਸੈਣੀ, ਰਿਸੋਰਸ ਕੋਆਰਡੀਨੇਟਰ ਬਿਕਰਮਜੀਤ ਸਿੰਘ ਭੇਲਾ, ਖੇਡ ਵਿਭਾਗ ਦੇ ਮੁਖੀ ਸੰਜੀਵ ਕੁਮਾਰ ਸਰਮਾ, ਜਗਬੰਧੰਨ ਸਿੰਘ, ਰਾਜਵਿੰਦਰ ਕੌਰ, ਰਾਜਬੀਰ ਕੌਰ, ਸੁਰੇਸ਼, ਅਸ਼ਿਵਾਨੀ, ਵਿਸ਼ਾਲੀ, ਸੁਮੀਤ ਕੌਰ, ਬਲਜੀਤ ਕੌਰ, ਸੁਮਨ, ਨੇਹਾ, ਰਜਮੀਤ, ਹਰਮਿੰਦਰ, ਰਜਨੀਸ਼, ਕੁਲਵਿੰਦਰ, ਪਰਮਜੀਤ ਕੌਰ, ਪੂਜਾ, ਅਰਚਣਾ, ਗੁਰਪ੍ਰੀਤ,, ਅਸ਼ਿਵਾਨੀ, ਗੁਰਦੇਵ ਸਿੰਘ, ਹਰਜੀਤ ਸਿੰਘ, ਬਾਕੀ ਸਟਾਫ ਮੈਂਬਰ ਵੀ ਮੌਜੂਦ ਸਨ।

# ਗੀਤੀਕਾ ਸਿੰਘ ਨੂੰ ਕਾਰਜਕਾਲ ਸੰਭਾਲਣ ਤੇ ਰਾਹੁਲ ਗੁਪਤਾ ਨੂੰ ਵਿਦਾਇਗੀ ਪਾਰਟੀ





**ਸਾਹਕੋਟ(ਗਿਆਨ ਸੈਦਪੁਰੀ)** ਪੰਜਾਬ ਮੰਡੀ ਬੋਰਡ ਮੁੱਖ ਦਫਤਰ ਮੋਹਾਲੀ ਵਿਖੇ ਹਰਚੰਦ ਸਿੰਘ ਬਰਸਟ ਚੇਅਰਮੈਨ ਪੰਜਾਬ ਮੰਡੀ ਬੋਰਡ ਦੁਆਰਾ ਨਵੇਂ ਨਿਯੁਕਤ ਸੰਯੁਕਤ ਸਕੱਤਰ ਗੀਤੀਕਾ ਸਿੰਘ ਦੇ ਕਾਰਜਕਾਲ ਸੰਭਾਲਣ 'ਤੇ ਵਧਾਈਆਂ ਦਿੱਤੀਆਂ ਤੇ ਉਹਨਾਂ ਦਾ ਸਵਾਗਤ ਕੀਤਾ ਤਾਂ ਜੋ ਉਹ ਪੂਰੀ ਜਿੰਮੇਵਾਰੀ ਤੇ ਲਗਨ ਨਾਲ ਆਪਣੇ ਕੰਮ ਨੂੰ ਪੂਰੀ ਤਨ ਦੇਹੀ ਨਾਲ ਨਿਭਾਉਣ। ਇਸਦੇ ਨਾਲ ਹੀ ਮੰਡੀ ਬੋਰਡ ਦੇ ਵਧੀਕ ਸਕੱਤਰ ਰਾਹੁਲ ਗੁਪਤਾ ਦੀ ਟਰਾਂਸਫਰ ਹੋਣ ਅਤੇ ਨਵੀਂ ਜੁੰਮੇਵਾਰੀ ਮਿਲਣ ਸਦਕਾ ਉਹਨਾਂ ਨੂੰ ਵੀ ਵਧਾਈਆਂ ਦਿੱਤੀਆਂ ਤੇ ਉਹਨਾਂ ਦੁਆਰਾ ਮੰਡੀ ਬੋਰਡ ਵਿੱਚ ਨਿਭਾਈ ਗਈ ਸਰਵਿਸ ਦੌਰਾਨ ਕੀਤੇ ਕਾਰਜਾਂ, ਮਿਲਵਰਤਣ ਸੁਭਾਅ ਤੇ ਪੰਜਾਬ ਮੰਡੀ ਬੋਰਡ ਦੇ ਵਿਕਾਸੀ ਕੰਮਾਂ ਵਿੱਚ ਪਾਏ ਗਏ ਯੋਗਦਾਨ ਨੂੰ ਵੀ ਸਲਾਹਿਆ ਗਿਆ।

ਚੇਅਰਮੈਨ, ਪੰਜਾਬ ਮੰਡੀ ਬੋਰਡ ਸਕੱਤਰ ਵੱਲੋਂ ਰਾਹੁਲ ਗੁਪਤਾ ਨੂੰ ਯਾਦਗਾਰੀ ਸਨਮਾਨ ਚਿੰਨ੍ਹ ਭੇਂਟ ਕਰਕੇ ਵਿਦਾਈ ਕੀਤੀ ਤੇ ਚੰਗੇ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਇਸ ਮੌਕੇ ਅੰਮ੍ਰਿਤ ਕੌਰ ਗਿੱਲ ਸਕੱਤਰ ਮੰਡੀ ਬੋਰਡ, ਮਨਜੀਤ ਸਿੰਘ ਸੰਧੂ ਜੀ.ਐਮ., ਜਤਿੰਦਰ ਸਿੰਘ ਭੰਗੂ ਚੀਫ ਇੰਜੀਨੀਅਰ ਤੇ ਹੋਰ ਕਈ ਵੱਖ-ਵੱਖ ਸ਼ਾਖਾਵਾਂ ਦੇ ਅਧਿਕਾਰੀਆਂ ਵੱਲੋ ਉਹਨਾਂ ਦਾ ਸਨਮਾਨ ਕਰਕੇ ਵਿਦਾਇਗੀ ਦਿੱਤੀ ਗਈ।

# ਵਿਜੀਲੈਂਸ ਬਿਊਰੋ ਵੱਲੋਂ ਸੰਤ ਬਾਬਾ ਭਾਗ ਸਿੰਘ 'ਵਰਸਿਟੀ ਵਿਖੇ ਸੈਮੀਨਾਰ



**ਆਦਮਪੁਰ (ਪਰਮਜੀਤ ਸਿੰਘ)**-ਪੰਜਾਬ ਸਰਕਾਰ ਵੱਲੋਂ ਪੰਜਾਬ ਨੂੰ ਭ੍ਰਿਸ਼ਟਾਚਾਰ ਮੁਕਤ ਬਨਾਉਣ ਲਈ ਵਿਜੀਲੈਂਸ ਬਿਊਰੋ, ਪੰਜਾਬ ਵੱਲੋਂ ' ਭ੍ਰਿਸ਼ਟਾਚਾਰ ਦਾ ਵਿਰੋਧ ਕਰੋ, ਦੇਸ਼ ਦੇ ਪ੍ਰਤੀ ਵਚਨਬੱਧ ਰਹੋ ' ਥੀਮ ਤਹਿਤ ਵਿਜੀਲੈਂਸ ਜਾਗਰੂਕਤਾ ਹਫਤੇ ਦੌਰਾਨ ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਵਿਖੇ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਵਿਚ ਧਰਮਜੀਤ ਸਿੰਘ ਪਰਮਾਰ, ਵਾਈਸ ਚਾਂਸਲਰ, ਡਾ: ਵਿਜੇ ਧੀਰ, ਰਜਿਸਟਰਾਰ, ਡਾ: ਅਨੀਤ ਕੁਮਾਰ ਡੀਨ ਅਕੈਡਮਿਕ, ਰੂਪ ਸਿੰਘ ਡਿਪਟੀ ਰਜਿਸਟਰਾਰ ਅਤੇ ਮਨਦੀਪ ਸਿੰਘ ਐਸੋਸੀਏਟ ਪ੍ਰੋਫੈਸਰ, ਹੋਰ ਸਟਾਫ ਅਤੇ ਵਿਦਿਆਰਥੀ ਆਦਿ ਸ਼ਾਮਲ ਹੋਏ। ਨਿਰੰਜਣ ਸਿੰਘ, ਡੀ.ਐਸ.ਪੀ ਵਿਜੀਲੈਂਸ ਬਿਊਰੋ ਰੇਂਜ ਜਲੰਧਰ ਵਲੋਂ ਭ੍ਰਿਸ਼ਟਾਚਾਰ ਦੇ ਮੂਲ ਕਾਰਨਾਂ ਬਾਰੇ ਚਰਚਾ ਕੀਤੀ ਗਈ ਅਤੇ ਵਿਜੀਲੈਂਸ ਬਿਊਰੋ ਦੀ ਕਾਰਜਸ਼ੈਲੀ ਤੋਂ ਜਾਣੂੰ ਕਰਵਾਇਆ ਗਿਆ । ਉਨਾਂ ਸਟਾਫ ਅਤੇ ਵਿਦਿਆਰਥੀਆਂ ਨੂੰ ਦੱਸਿਆ ਗਿਆ ਕਿ ਜੇਕਰ ਕੋਈ ਸਰਕਾਰੀ ਅਧਿਕਾਰੀ/ਕਰਮਚਾਰੀ ਰਿਸ਼ਵਤ ਦੀ ਮੰਗ ਕਰਦਾ ਹੈ , ਆਪਣੇ ਅਧਿਕਾਰਾਂ ਦੀ ਦੁਰਵਰਤੋਂ ਕਰਦਾ ਹੈ ਜਾਂ ਸਰਕਾਰੀ ਕੰਮ ਵਿਚ ਘਪਲੇਬਾਜੀ ਕਰਦਾ ਹੈ, ਤਾਂ ਇਸ ਸਬੰਧੀ ਵਿਜੀਲੈਂਸ ਬਿਊਰੋ ਦੇ ਟੋਲ ਫਰੀ ਨੰਬਰ 1800-1800-1000 ਅਤੇ ਵੈੱਬਸਾਈਟ ਉੱਪਰ ਸ਼ਿਕਾਇਤ ਕੀਤੀ ਜਾ ਸਕਦੀ ਹੈ। ਐਂਟੀ ਕੁਰੱਪਸ਼ਨ ਐਕਸ਼ਨ ਲਾਈਨ ਵੱਟਸਐਪ ਨੰਬਰ 95012-00200 ਉੱਪਰ ਵੀ ਸ਼ਿਕਾਇਤ ਕੀਤੀ ਜਾ ਸਕਦੀ ਹੈ।

ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਨੂੰ ਨਿਕੇਲ ਪਾਉਣ ਅਤੇ ਵਿਜੀਲੈਂਸ ਬਿਊਰੋ ਨੂੰ ਸਹਿਯੋਗ ਦੇਣ ਲਈ ਅਪੀਲ ਕੀਤੀ ਗਈ ਅਤੇ ਪੈਂਫਲੇਟ ਵੀ ਵੰਡੇ ਗਏ। ਸੈਮੀਨਾਰ ਵਿੱਚ ਸਟਾਫ ਅਤੇ ਵਿਦਿਆਰਥੀਆਂ ਨੇ ਭ੍ਰਿਸ਼ਟਾਚਾਰ ਨੂੰ ਖਤਮ ਕਰਨ ਸਬੰਧੀ ਪ੍ਰਣ ਵੀ ਲਿਆ ਗਿਆ ।

# ਬੇਗਮਪੁਰਾ ਟਾਇਗਰ ਫੋਰਸ ਨੇ ਦਿੱਤਾ ਮੰਗ ਪੱਤਰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**- ਬੇਗਮਪੁਰਾ ਟਾਇਗਰ ਫੋਰਸ ਵਲੋਂ ਦੋਆਬਾ ਪ੍ਰਧਾਨ ਨੇਕੂ ਅਜਨੋਹਾ ਦੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੂੰ ਭਗਵੰਤ ਮਾਨ ਮੁੱਖ ਮੰਤਰੀ ਪੰਜਾਬ ਦੇ ਨਾਂਅ 'ਤੇ ਇੱਕ ਮੰਗ ਪੱਤਰ ਦਿੱਤਾ ਗਿਆ, ਜਿਸ ਵਿੱਚ ਮੰਗ ਕੀਤੀ ਕਿ ਪੰਜਾਬ ਸਰਕਾਰ ਨੇ ਜੋ ਮਜਦੂਰਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕੀਤਾ ਹੈ ਉਸ ਨੋਟੀਫਕੇਸ਼ਨ ਨੂੰ ਤੁਰੰਤ ਵਾਪਿਸ ਲਿਆ ਜਾਵੇ। ਆਗੂਆਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਨੇ ਲੋਕਾਂ ਨੂੰ ਗੁੰਮਰਾਹ ਕਰਕੇ ਪੰਜਾਬ ਦੀ ਸੱਤਾ ਹਥਿਆ ਲਈ , ਪਰ ਹੁਣ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ ਫਾਇਦਾ ਦੇਣ ਲਈ ਗਰੀਬ ਮਾਰੂ ਨੀਤੀਆਂ ਲਾਗੂ ਕਰ ਰਹੀ ਹੈ।

ਮਜ਼ਦੂਰਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਹੋਣ ਨਾਲ ਪਹਿਲਾਂ ਮਜ਼ਦੂਰਾਂ ਨੂੰ 8 ਘੰਟੇ ਤੋਂ ਵਾਧੂ ਸਮਾਂ ਲਗਾਉਣ ਨਾਲ ਦੋ ਗੁਣਾ ਮਿਹਨਤ ਦਾ ਫਲ ਮਿਲਦਾ ਸੀ, ਜਿਹੜਾ ਕਿ ਹੁਣ 12 ਘੰਟੇ ਤੋਂ ਵੱਧ ਸਮਾਂ ਲਗਾਉਣ 'ਤੇ ਹੀ ਮਿਲੇਗਾ। ਪੰਜਾਬ ਸਰਕਾਰ ਮਜਦੂਰਾਂ ਦੀ ਦਿਹਾੜੀ ਦਾ ਸਮਾਂ 8 ਘੰਟੇ ਨਿਯਤ ਕਰੇ ਨਹੀਂ ਤਾਂ ਸਮੁੱਚਾ ਮਜ਼ਦੂਰ/ਦਲਿਤ ਵਰਗ ਸੜਕਾਂ 'ਤੇ ਆ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤੀਸ਼ ਕੁਮਾਰ ਸ਼ੇਰਗੜ੍ਹ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ , ਨਰੇਸ਼ ਕੁਮਾਰ ਸ਼ਹਿਰੀ ਪ੍ਰਧਾਨ ,ਸਾਬੀ ਡੀ ਜੇ ਸੁੰਦਰ ਨਗਰ ,ਰਵੀ ਸੁੰਦਰ ਨਗਰ ,ਰਾਜ ਕੁਮਾਰ ਬੱਧਣ ਸ਼ੇਰਗੜ੍ਹ ਪ੍ਰਧਾਨ ਬਲਾਕ 2 ਆਦਿ ਹਾਜਰ ਸਨ।

# 'ਭੋਲੇ-ਭਾਲੇ ਲੋਕਾਂ ਨੂੰ ਖੁਆਇਆ ਜਾਂਦਾ ਮਿੱਠਾ ਜ਼ਹਿਰ ਹੁਣ ਬੰਦ ਹੋਵੇਗਾ'



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਭੋਲੇ - ਭਾਲੇ ਲੋਕਾਂ ਨੂੰ ਖੁਆਇਆ ਜਾਂਦਾ ਮਿੱਠਾ ਜਹਿਰ ਹੁਣ ਬੰਦ ਹੋਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਦੀ ਇਕ ਮੀਟਿੰਗ ਦੌਰਾਨ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਫਰੰਟ ਦੇ ਪ੍ਰਧਾਨ ਬਲਵੀਰ ਸਿੰਘ ਫੁਗਲਾਣਾ,ਜਨਰਲ ਸਕੱਤਰ ਜਗਤਾਰ ਭੰਗਰਨੀ ਅਤੇ ਸਮੂਹ ਆਗੂਆਂ ਨੇ ਸਾਂਝੇ ਤੌਰ 'ਤੇ ਕੀਤਾ । ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਮੁੱਖੀ ਮੈਡਮ ਕੋਮਲ ਮਿੱਤਲ ਹੁਸ਼ਿਆਰਪੁਰ ਦੀ ਇਸ ਗੱਲ ਦੀ ਸ਼ਲਾਘਾ ਕੀਤੀ ਗਈ ਜਿੰਨਾਂ ਜ਼ਿਲ੍ਹੇ ਦੀ ਹਰ ਸੜਕ 'ਤੇ ਚਲਦੇ ਅਣ-ਅਧਿਕਾਰਿਤ ਗੁੜ ਵਾਲੇ ਵੇਲਣੇ ਜੋ ਸੀਜਨ ਤੋਂ ਪਹਿਲਾਂ ਹੀ ਕੈਮੀਕਲ ਪਾ ਕੇ ਅਤੇ ਉਸ ਵਿੱਚ ਘਟੀਆ ਮਿਆਰ ਦੀ ਖੰਡ ਮਿਲਾ ਕੇ ਗੁੜ ਬਣਾ ਕੇ ਲੋਕਾਂ ਦੀ ਜਾਨ ਮਾਲ ਨਾਲ ਖੇਡ ਰਹੇ ਸਨ ,ਤੁਰੰਤ ਬੰਦ ਕਰਨ ਦੇ ਲਿਖਤੀ ਹੁਕਮ ਕੀਤੇ। ਉਨ੍ਹਾਂ ਜ਼ਿਲ੍ਹਾ ਹੈਲਥ ਅਫਸਰ ਲਖਵੀਰ ਸਿੰਘ ਦੀ ਵੀ ਭਰਪੂਰ ਸ਼ਲਾਘਾ ਕੀਤੀ ਜਿੰਨਾਂ ਅਣ-ਅਧਿਕਾਰਤ ਚਲਦੇ ਵੇਲਣੇ ਤੁਰੰਤ ਸੀਲ ਕਰਕੇ ਪਬਲਿਕ ਦੀ ਸਿਹਤ ਨਾਲ ਖਿਲਵਾੜ ਹੋਣੋਂ ਬਚਾਇਆ।

ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਮੁਕਤ ਕਰਨ , ਮਿਲਾਵਟ ਖੋਰੀ ਤੇ ਭ੍ਰਿਸ਼ਟਾਚਾਰ ਨੂੰ ਜੜੋਂ ਖਤਮ ਕਰਨ ਲਈ ਇਹੋ ਜਿਹੇ ਇਮਾਨਦਾਰ ਅਫਸਰਾਂ ਦੀ ਬਹੁਤ ਜਰੂਰਤ ਹੈ। ਦੋਆਬਾ ਜਨਰਲ ਕੈਟਾਗਰੀ ਫਰੰਟ ਪੰਜਾਬ ਹਰ ਸਹਿਯੋਗ ਕਰਨ ਲਈ ਤਿਆਰ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਵਰਿੰਦਰ ਸਿੰਘ ਭਿੰਡਰ,ਜਸਵਿੰਦਰ ਸਿੰਘ ਸੰਘਾ, ਮਾ.ਅਵਤਾਰ ਸਿੰਘ,ਬਲਵਿੰਦਰ ਸਿੰਘ ਭਾਮ, ਬਲਵਿੰਦਰ ਸਿੰਘ ਗਿੱਲ, ਕੁਲਵੰਤ ਸਿੰਘ ਕਾਂਤੀ ਆਦਿ ਹਾਜਰ ਸਨ।

# ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਸੰਤ ਸੀਚੇਵਾਲ ਵੱਲੋਂ ਤਿਆਰੀਆਂ ਸ਼ੁਰੂ



**ਸੁਲਤਨਾਪੁਰ ਲੋਧੀ, ( ਹਨੀ)**

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੀ ਅਗਵਾਈ ਵਿੱਚ ਜੰਗੀ ਪੱਧਰ 'ਤੇ ਚੱਲ ਰਹੀਆਂ ਹਨ। ਇਸ ਵਾਰ ਜ਼ਿਆਦਾ ਪਾਣੀ ਆਉਣ ਕਾਰਨ ਪਵਿੱਤਰ ਕਾਲੀ ਵੇਈਂ ਦੇ ਘਾਟਾਂ ਤੇ ਗੁਰਦੁਆਰਾ ਬੇਰ ਸਾਹਿਬ ਤੋਂ ਗੁਰਦੁਆਰਾ ਸੰਤ ਘਾਟ ਜੰਮੀ ਗਾਰ ਨੂੰ ਕੱਢਿਆ ਜਾ ਰਿਹਾ ਹੈ ਅਤੇ ਘਾਟਾਂ ਨੂੰ ਸਾਫ ਕੀਤਾ ਜਾ ਰਿਹਾ ਹੈ। ਜਲਕੁੰਭੀ ਮਿੱਟੀ ਜੋ ਵੇਈਂ ਦੇ ਵਹਾਅ ਵਿੱਚ ਰੁਕਾਵਟ ਬਣਦੀ ਆ ਰਹੀ ਹੈ। ਉਸ ਨੂੰ ਸੇਵਾਦਾਰਾਂ ਵੱਲੋਂ ਪਿਛਲੇ ਤਿੰਨ ਦਿਨਾਂ ਤੋਂ ਕੱਢਿਆ ਜਾ ਰਿਹਾ ਹੈ। ਸੰਤ ਸੀਚੇਵਾਲ ਨੇ ਹਾਲ ਹੀ ਵਿੱਚ ਪ੍ਰਕਾਸ਼ ਪੁਰਬ ਦੀਆਂ ਤਿਆਰੀਆਂ ਨੂੰ ਲੈ ਕੇ ਹੋਈ ਮੀਟਿੰਗ ਵਿੱਚ ਵੇਈ ਤੇ ਲੋਕਾਂ ਦੀ ਮੰਗ ਨੂੰ ਦੇਖਦਿਆਂ ਹੋਇਆ ਪਲਟੂਨ ਪੁੱਲ ਮੁੜ ਰੱਖਣ ਦੀਆਂ ਹਿਦਾਇਤਾਂ ਕੀਤੀਆਂ ਸਨ। ਸੁਲਤਾਨਪੁਰ ਲੋਧੀ ਦੇ ਐਸ.ਡੀ.ਐਮ. ਜਸਪ੍ਰੀਤ ਸਿੰਘ ਨੇ ਦੱਸਿਆ ਕਿ ਰਾਜ ਸਭਾ ਮੈਂਬਰ ਸੰਤ ਸੀਚੇਵਾਲ ਦੀ ਅਗਵਾਈ ਵਿੱਚ ਪਵਿੱਤਰ ਸ਼ਹਿਰ ਦੇ ਰਹਿੰਦੇ ਕਾਰਜਾਂ ਨੂੰ ਪੂਰਾ ਕੀਤਾ ਜਾਵੇਗਾ ਤੇ ਆਉਣ ਵਾਲੇ ਦਿਨਾਂ ਵਿੱਚ ਪਲਟੂਨ ਪੁੱਲ ਮੁੜ ਸਥਾਪਿਤ ਕਰ ਦਿੱਤੇ ਜਾਣਗੇ। ਸੰਤ ਸੀਚੇਵਾਲ ਨੇ ਦੱਸਿਆ ਕਿ ਪਵਿੱਤਰ ਵੇਈਂ ਦੇ ਕਿਨਾਰਿਆਂ ਨੂੰ ਸਮੇਂ ਅਨੁਸਾਰ ਖੂਬਸੂਰਤ ਬਣਾਉਣ ਲਈ ਇੰਟਰਲੌਕ ਲਗਾਈ ਜਾ ਰਹੀ ਹੈ। ਲੰਬੇ ਸਮੇਂ ਤੋਂ ਬੰਦ ਪਈਆਂ ਲਾਇਟਾਂ ਨੂੰ ਮੁੜ ਚਾਲੂ ਕੀਤਾ ਜਾ ਰਿਹਾ ਹੈ। ਪੱਥਰਾਂ ਨੂੰ ਕਲੀ ਕੀਤੀ ਜਾ ਰਹੀ ਹੈ। ਸੰਤ ਸੀਚੇਵਾਲ ਨੇ ਦੱਸਿਆ ਕਿ ਪ੍ਰਕਾਸ਼ ਪੁਰਬ ਨੂੰ ਸਮਰਪਿਤ 4 ਨਗਰ ਕੀਰਤਨ ਕੱਢੇ ਜਾ ਰਹੇ ਹਨ। ਪਹਿਲਾਂ ਨਗਰ ਕੀਰਤਨ 21 ਨਵੰਬਰ ਨੂੰ ਪਿੰਡ ਆਹਲੀ ਤੋਂ ਕੱਢਿਆ ਜਾਵੇਗਾ ਜੋ ਸੁਲਤਾਨਪੁਰ ਲੋਧੀ ਆ ਕੇ ਸਮਾਪਤ ਹੋਵੇਗਾ। ਦੂਜਾ ਨਗਰ ਕੀਰਤਨ 24 ਨਵੰਬਰ ਪਿੰਡ ਸੀਚੇਵਾਲ ਤੋਂ ਸ਼ੁਰੂ ਹੋ ਕੇ ਵੱਖ ਵੱਖ ਪਿੰਡਾਂ ਤੋਂ ਹੁੰਦਾ ਹੋਇਆ ਸੁਲਤਾਨਪੁਰ ਲੋਧੀ ਪਵਿੱਤਰ ਵੇਈਂ ਕਿਨਾਰੇ ਆ ਕੇ ਸਮਾਪਤ ਹੋਵੇਗਾ। ਤੀਜਾ ਨਗਰ ਕੀਰਤਨ ਗੁਰਪੁਰਬ ਵਾਲੇ ਦਿਨ 27 ਨਵੰਬਰ ਨੂੰ ਕੱਢਿਆ ਜਾ ਜਾਵੇਗਾ ਜੋ ਸੁਲਤਾਨਪੁਰ ਲੋਧੀ ਦੀ ਪਰਿਕਰਮਾ ਕਰਦਾ ਹੋਇਆ ਵੇਈਂ ਕਿਨਾਰੇ ਸਮਾਪਤ ਹੋਵੇਗਾ। ਚੌਥਾ ਨਗਰ ਕੀਰਤਨ 03 ਦਸੰਬਰ ਨੂੰ ਵੇਈਂ ਦੇ ਮੁੱਢ ਸਰੋਤ ਪਵਿੱਤਰ ਵੇਈਂ ਕਿਨਾਰੇ ਲੱਗਦੇ ਪਿੰਡਾਂ ਵਿੱਚ ਕੱਢਿਆ ਜਾਵੇਗਾ ਜੋ ਨਿਰਮਲ ਕੁਟੀਆ ਧਨੋਆ ਵਿਖੇ ਆ ਕੇ ਸਮਾਪਤ ਹੋਵੇਗਾ। ਇਸੇ ਤਰ੍ਹਾਂ 26 ਨਵੰਬਰ ਨੂੰ ਕਵੀ ਦਰਬਾਰ ਤੇ ਕੀਰਤਨ ਦਰਬਾਰ ਕਰਵਾਇਆ ਜਾ ਰਿਹਾ ਹੈ। ਗੁਰਪੁਰਬ ਨੂੰ ਸਮਰਪਿਤ ਪ੍ਰਭਾਤ ਫੇਰੀਆਂ 14 ਨਵੰਬਰ ਤੋਂ ਪਿੰਡ ਸੀਚੇਵਾਲ ਵਿਖੇ ਸ਼ੁਰੂ ਹੋਣਗੀਆਂ ਅਤੇ ਦੀਵਾਲੀ ਅਤੇ ਗੁਰਪੁਰਬ ਵਾਲੇ ਦਿਨ ਸ਼ਾਮ ਨੂੰ ਪਵਿੱਤਰ ਵੇਈਂ ਕਿਨਾਰੇ ਸੰਗਤਾਂ ਵੱਲੋਂ ਦੀਪਮਾਲਾ ਕੀਤੀ ਜਾਵੇਗੀ।

4--Nov-PAGE- 9 qxd.qxd 11/3/2023 10:11 PM Page 1



# 2024 ਦੀਆਂ ਚੋਣਾਂ 'ਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣਾ ਦੇਸ਼ ਦੇ ਹੱਕਾਂ ਹਿੱਤਾਂ ਦੀ ਰਾਖੀ ਦਾ ਸਵਾਲ : ਸੇਖੋਂ




**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**- ਇੱਥੇ ਸ਼ਹੀਦ ਸਾਥੀ ਚੰਨਣ ਸਿੰਘ ਧੂਤ ਭਵਨ ਵਿਖੇ ਸੀ.ਪੀ.ਆਈ (ਐਮ) ਜ਼ਿਲ੍ਹਾ ਹੁਸ਼ਿਆਰਪੁਰ ਦੀ ਜਨਰਲ ਬਾਡੀ ਮੀਟਿੰਗ ਸਾਥੀ ਗੁਰਮੇਸ਼ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਪਾਰਟੀ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸ਼ੇਖੋਂ ਉਚੇਚੇ ਤੌਰ 'ਤੇ ਸ਼ਾਮਿਲ ਹੋਏ ਤੇ ਜ਼ੋਰ ਦੇ ਕੇ ਕਿਹਾ ਕਿ 2024 ਦੀਆਂ ਚੋਣਾਂ ਵਿੱਚ ਭਾਰਤੀ ਜਨਤਾ ਪਾਰਟੀ ਨੂੰ ਹਰਾਉਣਾ ਦੇਸ਼ ਦੇ ਹੱਕਾਂ ਹਿੱਤਾਂ ਦੀ ਰਾਖੀ ਦਾ ਸਵਾਲ ਬਣ ਚੁੱਕਾ ਹੈ। ਕੁਝ ਖੇਤਰੀ ਪਾਰਟੀਆਂ ਆਪਣੇ ਸਵਾਰਥ ਲਈ ਕੰਮ ਕਰ ਰਹੀਆਂ ਹਨ, ਜਿਨ੍ਹਾਂ ਨੂੰ ਦੇਸ਼ ਅੰਦਰ ਫਿਰਕੂ ਕਾਰਪੋਰੇਟ ਗਠਜੋੜ ਵਲੋਂ ਦੇਸ਼ ਦੇ ਸੰਵਿਧਾਨ ਉਪਰ ਕੀਤੇ ਜਾ ਰਹੇ ਹਮਲੇ ਦੀ ਕੋਈ ਚਿੰਤਾ ਨਹੀ ਹੈ। ਉਨਾਂ ਨੇ ਅੱਗੇ ਕਿਹਾ ਕਿ ਸਾਡੀ ਪਾਰਟੀ ਦੀ ਪਹਿਲਾਂ ਤੋਂ ਬਣੀ ਹੋਈ ਧਾਰਨਾ ਕਿ ਦੇਸ਼ ਪੱਧਰ 'ਤੇ ਕੋਈ ਗਠਜੋੜ ਦੀ ਥਾਂ ਸੂਬਿਆਂ ਅੰਦਰ ਹੀ ਪਾਰਲੀਮੈਂਟ ਦੀਆਂ ਸੀਟਾਂ ਲਈ ਆਪਸੀ ਸਹਿਮਤੀ ਬਣਾਉਣੀ ਪੈਣੀ ਹੈ, ਜੋ ਅੱਜ ਅਮਲ ਵਿੱਚ ਪੂਰੀ ਤਰ੍ਹਾਂ ਸਹੀ ਸਾਬਿਤ ਹੋ ਰਹੀ ਹੈ। ਭਾਵੇਂ ਅਸੀਂ "ਇੰਡੀਆ" ਨਾਲ ਪੂਰੀ ਤਰ੍ਹਾਂ ਤਾਲਮੇਲ ਕਰਕੇ ਹੀ ਚਲ ਰਹੇ ਹਾਂ ਪਰ ਬੰਗਾਲ ਅੰਦਰ ਟੀ.ਐਮ.ਸੀ. ਨਾਲ ਅਤੇ ਕੇਰਲਾ ਵਿੱਚ ਕਾਂਗਰਸ ਨਾਲ ਸਾਡੀ ਪਾਰਟੀ ਵਲੋਂ ਕੋਈ ਸਮਝੌਤਾ ਨਹੀਂ ਕੀਤਾ ਜਾ ਸਕਦਾ। ਉਹਨਾਂ ਨੇ ਕਿਹਾ ਕਿ ਇਜ਼ਰਾਇਲ ਵਲੋਂ ਜੋ ਫਲਸਤੀਨੀਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ, ਦਾ ਵਿਰੋਧ ਕਰਦਿਆਂ ਅਸੀਂ ਫਲਸਤੀਨ ਦੇ ਲੋਕਾਂ ਨਾਲ ਡੱਟ ਕੇ ਖੜੇ ਹਾਂ। ਯੂ.ਐਨ.ਓ. ਦੀ ਜਨਰਲ ਅਸੈਂਬਲੀ ਜਿਸ ਨੇ ਇਜ਼ਰਾਇਲ ਤੇ ਫਲਸਤੀਨ ਦੀ ਜੰਗਬੰਦੀ ਲਈ ਮੱਤਾ ਪਾਸ ਕਰਨਾ ਸੀ ਅਮਰੀਕਾ ਜਿਸ ਦਾ ਲਗਾਤਾਰ ਵਿਰੋਧ ਕਰ ਰਿਹਾ ਸੀ, ਭਾਰਤ ਵਲੋਂ ਉਸ ਸਭਾ ਵਿਚੋਂ ਗੈਰ ਹਾਜ਼ਰ ਰਹਿਣ ਨੇ ਸਾਡੀ ਪਾਰਟੀ ਵਲੋਂ ਲਗਾਤਾਰ ਕਹੀ ਜਾ ਰਹੀ ਇਸ ਗੱਲ ਨੂੰ ਸਾਬਤ ਕਰ ਦਿੱਤਾ ਹੈ ਕਿ ਮੋਦੀ ਸਰਕਾਰ ਅਮਰੀਕਾ ਦਾ ਛੋਟਾ ਭਾਈਵਾਲ ਬਣ ਚੁੱਕੀ ਹੈ। ਉਨਾਂ ਨੇ ਦੱਸਿਆ ਕਿ 16 ਨਵੰਬਰ ਨੂੰ ਜਲੰਧਰ ਦੇਸ਼ ਭਗਤ ਯਾਦਗਾਰ ਹਾਲ ਵਿੱਚ ਕਰਤਾਰ ਸਿੰਘ ਸਰਾਭਾ ਸਮੇਤ 7 ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ ਜਿਨਾਂ ਨੂੰ ਬਰਤਾਨਵੀ ਸਰਕਾਰ ਨੇ ਇਕੱਠਿਆਂ ਫਾਂਸੀ ਤੇ ਚੜਾ ਦਿੱਤਾ ਸੀ। ਇਸ ਇਕੱਠ ਨੂੰ ਸੰਬੋਧਨ ਕਰਨ ਲਈ ਸੀ.ਪੀ.ਆਈ.(ਐਮ) ਦੇ ਜਨਰਲ ਸਕੱਤਰ ਕਾਮਰੇਡ ਸੀਤਾ ਰਾਮ ਯੈਚੂਰੀ ਉਚੇਚੇ ਤੌਰ 'ਤੇ ਪਹੁੰਚ ਰਹੇ ਹਨ। ਸਮੁੱਚੇ ਪ੍ਰੋਗਰਾਮ ਦੀ ਠੋਸ ਰੂਪਰੇਖਾ ਤਿਆਰ ਕਰਨ ਲਈ ਤਹਿਸੀਲ ਕਮੇਟੀ ਗੜ੍ਹਸ਼ੰਕਰ ਦੀ ਮੀਟਿੰਗ 6 ਨਵੰਬਰ, ਹੁਸ਼ਿਆਰਪੁਰ ਤਹਿਸੀਲ ਦੀ 6 ਨਵੰਬਰ, ਦਸੂਹਾ ਤਹਿਸੀਲ ਦੀ 7 ਨਵੰਬਰ ਅਤੇ ਮੁਕੇਰੀਆਂ ਤਹਿਸੀਲ ਦੀ 9 ਨਵੰਬਰ ਨੂੰ ਕੀਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਕਮੇਟੀ ਮੈਂਬਰ ਸਰਵਸਾਥੀ ਮਹਿੰਦਰ ਕੁਮਾਰ ਬੱਡੋਆਣ, ਸਾਥੀ ਆਸ਼ਾਨੰਦ ਕਾਲੂੰਚਾਂਗ, ਰਣਜੀਤ ਸਿੰਘ ਚੌਹਾਨ, ਹਰਭਜਨ ਸਿੰਘ ਅਟਵਾਲ, ਪ੍ਰੇਮ ਲਤਾ, ਹਰਬੰਸ ਸਿੰਘ ਧੂਤ ਅਤੇ ਸੁਰਿੰਦਰ ਚੁੰਬਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਤਹਿਸੀਲ ਕਮੇਟੀ ਮੈਂਬਰ ਸ਼ਾਮਲ ਹੋਏ।

# 30 ਪੰਚਾਇਤਾਂ ਨੇ ਸੀਚੇਵਾਲ ਮਾਡਲ ਦਾ ਕੀਤਾ ਨਿਰੀਖਣ




**ਜਲੰਧਰ (ਸੁਰਿੰਦਰ ਕੁਮਾਰ)** ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਵੱਲੋਂ ਵਧੀਆ ਕਾਰਗੁਜ਼ਾਰੀ ਵਾਲੀਆਂ ਪੰਚਾਇਤਾਂ ਬਾਰੇ ਦੂਜੀਆਂ ਪੰਚਾਇਤਾਂ ਨੂੰ ਜਾਣੂੰ ਕਰਵਾਉਣ ਦੇ ਮਕਸਦ ਨਾਲ ਜ਼ਿਲ੍ਹਾ ਪ੍ਰੀਸ਼ਦ ਦੀ ਸੀ ਈ ਓ ਜ਼ੀਨਤ ਖੈਹਿਰਾ ਦੀ ਅਗਵਾਈ 'ਚ ਜਲੰਧਰ ਜ਼ਿਲ੍ਹੇ ਦੇ ਨਕੋਦਰ ਤੇ ਨੂਰਮਹਿਲ ਬਲਾਕਾਂ ਦੀਆਂ 30 ਪਿੰਡਾਂ ਦੇ ਸਰਪੰਚਾਂ ਨੇ ਸੀਚੇਵਾਲ ਮਾਡਲ ਦਾ ਨਿਰੀਖਣ ਕੀਤਾ। ਇਸ ਮੌਕੇ ਰਾਜ ਸਭਾ ਮੈਂਬਰ ਤੇ ਸੀਚੇਵਾਲ ਮਾਡਲ ਸੰਸਥਾਪਕ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਨਿਰਮਲ ਕੁਟੀਆ 'ਚ ਇਹਨਾਂ ਸਰਪੰਚਾਂ ਤੇ ਪੰਚਾਇਤ ਵਿਭਾਗ ਦੇ ਅਧਿਕਾਰੀਆਂ ਦਾ ਨਿੱਘਾ ਸਵਾਗਤ ਕੀਤਾ। ਉਹਨਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਦੇ ਪੰਚਾਇਤੀ ਰਾਜ ਪ੍ਰਬੰਧ ਨੂੰ ਮਜ਼ਬੂਤ ਕਰਨ ਅਤੇ ਪੰਜਾਬ ਦੇ ਸਮੁੱਚੇ ਵਿਕਾਸ ਲਈ ਵਚਨਬੱਧ ਹਨ। ਉਹਨਾਂ ਦੱਸਿਆ ਕਿ ਸੀਚੇਵਾਲ ਮਾਡਲ ਇਕੱਲਾ ਪਾਣੀ ਦੀ ਮੁੜ ਵਰਤੋਂ ਦਾ ਮਾਡਲ ਹੀ ਨਹੀਂ ਸਗੋਂ ਬਹੁ-ਮੰਤਵੀ ਮਾਡਲ ਹੈ। ਟੀਮ ਨੇ ਤਲਵੰਡੀ ਮਾਧੋ ਪਿੰਡ ਵਿੱਚ ਅਪਗ੍ਰੇਡ ਕੀਤੇ ਗਏ ਸੀਚੇਵਾਲ ਮਾਡਲ-2 ਦਾ ਮੌਕੇ 'ਤੇ ਜਾ ਕੇ ਅਧਿਐਨ ਕੀਤਾ, ਜਿਸਨੂੰ ਸਮੇਂ ਮੁਤਾਬਿਕ ਤਿਆਰ ਕੀਤਾ ਗਿਆ ਹੈ। ਸੰਤ ਸੀਚੇਵਾਲ ਨੇ 1999 'ਚ ਬਣਾਏ ਇਸ ਮਾਡਲ ਦੀਆਂ ਖੂਬੀਆਂ ਦੱਸਦਿਆਂ ਕਿਹਾ ਕਿ ਇਹ ਮਾਡਲ ਜਿੱਥੇ ਕੁਦਰਤ ਪੱਖੀ ਹੈ ਉੱਥੇ ਸਭ ਤੋਂ ਘੱਟ ਖਰਚੀਲਾ ਵੀ ਹੈ। ਇਸ ਮਾਡਲ ਦੀਆਂ ਬਾਰੀਕੀਆਂ ਦੱਸਦਿਆ ਉਹਨਾਂ ਕਿਹਾ ਕਿ ਪਿੰਡ ਦੀ ਨਿਵਾਣ ਅਨੁਸਾਰ ਹੀ ਇਸ ਮਾਡਲ ਤਹਿਤ ਛੱਪੜ ਦਾ ਨਿਰਮਾਣ ਕੀਤਾ ਜਾਂਦਾ ਹੈ ਤਾਂ ਜੋ ਸਾਰੇ ਪਿੰਡ ਦਾ ਗੰਦਾ ਪਾਣੀ ਬਿਨਾਂ ਕਿਸੇ ਮੋਟਰ ਦੇ ਕੁਦਰਤੀ ਵਹਾਅ ਰਾਹੀ ਇੱਕ ਜਗ੍ਹਾ ਆ ਜਾਵੇ। ਫਿਰ ਇਸਨੂੰ ਸਾਈਕਲੋਨ ਵਿਧੀ ਰਾਹੀ ਘੁਮਾਇਆ ਜਾਂਦਾ ਹੈ ਤੇ ਛੱਪੜ 'ਚ ਪਾਣੀ ਇਕੱਠਾ ਕਰਨ ਤੋਂ ਬਾਅਦ ਇਸਨੂੰ ਖੇਤੀ ਲਈ ਵਰਤਿਆ ਜਾਂਦਾ ਹੈ। ਸੰਤ ਸੀਚੇਵਾਲ ਮੀਂਹ ਦੇ ਪਾਣੀ ਨੂੰ ਕਿਵੇਂ ਖੇਤਾਂ 'ਚ ਜੀਰਨਾ ਹੈ ਅਤੇ ਠੋਸ ਕੂੜੇ ਵਿੱਚੋਂ ਕਿਵੇਂ ਲਿਫਾਫੇ, ਕੱਚ ਅਤੇ ਰੋੜੇ ਆਦਿ ਨੂੰ ਵੱਖ ਕਰਕੇ ਰੂੜੀ ਨੂੰ ਖਾਦ ਦੇ ਰੂਪ ਵਿੱਚ ਬਦਲਿਆ ਜਾਂਦਾ ਹੈ ਬਾਰੇ ਵੀ ਜਾਣਕਾਰੀ ਦਿੱਤੀ। ਇਸੇ ਦੌਰਾਨ ਅਵਤਾਰ ਕਮਿਊਨਿਟੀ ਰੇਡੀਓ ਤੇ ਵੀ ਸੱਥ ਪ੍ਰੋਗਰਾਮ ਦੌਰਾਨ ਵੱਖ ਵੱਖ ਪਿੰਡਾਂ ਤੋਂ ਆਏ ਸਰਪੰਚਾਂ ਨਾਲ ਸੰਵਾਦ ਰਚਾਇਆ ਗਿਆ। ਇਸ ਮੌਕੇ ਪਿੰਡ ਸੀਚੇਵਾਲ ਦੇ ਸਰਪੰਚ ਤਜਿੰਦਰ ਸਿੰਘ, ਮੈਂਬਰ ਪੰਚਾਇਤ ਸੁਰਜੀਤ ਸਿੰਘ ਸ਼ੰਟੀ, ਮੈਂਬਰ ਪੰਚਾਇਤ ਰਾਮ ਆਸਰਾ, ਮਹਿਲਾ ਮੰਡਲ ਦੀ ਪ੍ਰਧਾਨ ਗੁਰਬਖਸ਼ ਕੌਰ ਹਾਜ਼ਰ ਰਹੇ।

# ਸਮਾਜਿਕ ਸੁਰੱਖਿਆ ਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ 'ਚ ਨਿਯੁਕਤ ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਸੌਂਪੇ



**ਚੰਡੀਗੜ੍ਹ,.(ਗੁਰਜੀਤ ਬਿੱਲਾ)** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਤਰਸ ਦੇ ਆਧਾਰ 'ਤੇ ਨੌਕਰੀਆਂ ਨਾਲ ਸਬੰਧਤ ਮਾਮਲੇ ਜਲਦ ਹੱਲ ਕਰਨ ਦੇ ਦਿਸ਼ਾ-ਨਿਰਦੇਸ਼ਾਂ ਦੀ ਪਾਲਣਾ ਕਰਦਿਆਂ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਆਪਣੇ ਸਿਵਲ ਸਕੱਤਰੇਤ ਸਥਿਤ ਦਫ਼ਤਰ ਵਿਖੇ ਤਰਸ ਦੇ ਆਧਾਰ 'ਤੇ ਨਿਯੁਕਤੀ ਪੱਤਰ ਦਿੱਤੇ। ਸੇਵਾਦਾਰ ਅਰਸ਼ਪ੍ਰੀਤ ਸਿੰਘ ਨੂੰ ਮੁੱਖ ਦਫ਼ਤਰ, ਮਨਪ੍ਰੀਤ ਸ਼ਰਮਾ ਨੂੰ ਜ਼ਿਲ੍ਹਾ ਪ੍ਰੋਗਰਾਮ ਅਫਸਰ ਫਿਰੋਜ਼ਪੁਰ, ਗੁਰਪ੍ਰੀਤ ਸਿੰਘ ਨੂੰ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਮਜੀਠਾ ਅਤੇ ਸਫਾਈ ਸੇਵਕ ਇੰਦਰਜੀਤ ਸਿੰਘ ਨੂੰ ਸੁਪਰਡੰਟ ਸਟੇਟ ਆਫਟਰ ਕੇਅਰ ਹੋਮ ਲੁਧਿਆਣਾ ਵਿਖੇ ਤੈਨਾਤ ਕੀਤਾ ਗਿਆ ਹੈ। ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਚਾਰਾਂ ਮੁਲਾਜ਼ਮਾਂ ਨੂੰ ਨਿਯੁਕਤੀ ਪੱਤਰ ਸੌਂਪੇ। ਉਨ੍ਹਾਂ ਨਵ-ਨਿਯੁਕਤ ਮੁਲਾਜ਼ਮਾਂ ਨੂੰ ਵਧਾਈ ਦਿੰਦਿਆਂ ਸਮਰਪਣ ਭਾਵਨਾ ਅਤੇ ਈਮਾਨਦਾਰੀ ਨਾਲ ਕੰਮ ਕਰਨ ਲਈ ਕਿਹਾ। ਡਾ.ਬਲਜੀਤ ਕੌਰ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਆਦੇਸ਼ ਦਿੱਤੇ ਕਿ ਵਿਭਾਗ ਵਿੱਚ ਤਰਸ ਦੇ ਆਧਾਰ 'ਤੇ ਅਧਵਾਟੇ ਪਏ ਕੇਸਾਂ ਨੂੰ ਤੁਰੰਤ ਨਿਪਟਾਇਆ ਜਾਵੇ ਤਾਂ ਜੋ ਸਬੰਧਤਾਂ ਨੂੰ ਸਮੇ ਸਿਰ ਨੌਕਰੀ ਮੁਹੱਈਆ ਕਰਵਾਈ ਜਾ ਸਕੇ। ਇਸ ਮੌਕੇ ਡਿਪਟੀ ਡਾਇਰੈਕਟਰ ਸੁਖਦੀਪ ਸਿੰਘ ਝੱਜ ਵੀ ਹਾਜ਼ਰ ਸਨ।

# ਪੰਜਾਬ ਨੂੰ ਕੇਂਦਰੀ ਗ੍ਰਾਂਟ 'ਚ 61 ਫੀਸਦੀ ਕਟੌਤੀ ਨੂੰ ਲੈ ਕੇ 'ਆਪ' ਨੇ ਭਾਜਪਾ 'ਤੇ ਕੀਤਾ ਹਮਲਾ

**ਚੰਡੀਗੜ੍ਹ, (ਗੁਰਜੀਤ ਬਿੱਲਾ)** ਆਮ ਆਦਮੀ ਪਾਰਟੀ (ਆਪ) ਨੇ ਕੇਂਦਰ ਸਰਕਾਰ ਤੋਂ ਪੰਜਾਬ ਨੂੰ ਵੱਖ-ਵੱਖ ਸਕੀਮਾਂ ਤਹਿਤ ਮਿਲਣ ਵਾਲੀਆਂ ਗ੍ਰਾਂਟਾਂ 'ਚ ਕਰੀਬ 61 ਫੀਸਦੀ ਕਟੌਤੀ ਨੂੰ ਲੈ ਕੇ ਪੰਜਾਬ ਭਾਜਪਾ ਅਤੇ ਕੇਂਦਰ ਸਰਕਾਰ 'ਤੇ ਹਮਲਾ ਬੋਲਿਆ ਹੈ। ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਅਹਿਬਾਬ ਗਰੇਵਾਲ ਨੇ ਸ਼ੁੱਕਰਵਾਰ ਨੂੰ ਚੰਡੀਗੜ੍ਹ ਪਾਰਟੀ ਹੈੱਡਕੁਆਰਟਰ ਵਿਖੇ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਵਿਰੋਧੀ ਧਿਰ ਦੇ ਸ਼ਾਸਨ ਵਾਲੇ ਰਾਜਾਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨ ਦਾ ਕੰਮ ਕਰ ਰਹੀ ਹੈ। ਪ੍ਰੈਸ ਕਾਨਫਰੰਸ 'ਚ ਅਹਿਬਾਬ ਗਰੇਵਾਲ ਦੇ ਨਾਲ 'ਆਪ' ਆਗੂ ਜਸਤੇਜ ਸਿੰਘ ਅਤੇ ਰਮਨ ਚੰਦੀ ਵੀ ਮੌਜੂਦ ਸਨ। ਉਨ੍ਹਾਂ ਕਿਹਾ ਕਿ ਜਿੱਥੇ ਉਹ ਆਪਣੀ ਸਰਕਾਰ ਬਣਾਉਣ ਤੋਂ ਅਸਮਰੱਥ ਹਨ, ਉਨ੍ਹਾਂ ਸੂਬਿਆਂ ਨੂੰ ਆਰਥਿਕ ਤੌਰ 'ਤੇ ਕਮਜ਼ੋਰ ਕਰਨਾ ਮੋਦੀ ਸਰਕਾਰ ਦੀ ਨੀਤੀ ਹੈ। ਭਾਰਤ ਭਰ ਵਿੱਚ ਜਿੱਥੇ ਵੀ ਵਿਰੋਧੀ ਸਰਕਾਰਾਂ ਹਨ, ਉੱਥੇ ਕੇਂਦਰੀ ਗ੍ਰਾਂਟਾਂ 'ਚ ਭਾਰੀ ਕਟੌਤੀ ਕੀਤੀ ਗਈ ਹੈ। ਇਨ੍ਹਾਂ ਤਰੀਕਿਆਂ ਰਾਹੀਂ ਮੋਦੀ ਸਰਕਾਰ ਪੰਜਾਬ ਅਤੇ ਹੋਰ ਵਿਰੋਧੀ ਸ਼ਾਸ਼ਤ ਰਾਜਾਂ ਦੇ ਵਿਕਾਸ ਕਾਰਜਾਂ 'ਚ ਰੁਕਾਵਟ ਪਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕੇਂਦਰ ਸਰਕਾਰ ਨੂੰ ਸਵਾਲ ਕਰਦਿਆਂ ਕਿਹਾ ਕਿ ਪੰਜਾਬ ਨੂੰ ਮਿਲਣ ਵਾਲੀਆਂ ਕੇਂਦਰੀ ਗ੍ਰਾਂਟਾਂ 'ਚ ਕਰੀਬ 7500 ਕਰੋੜ ਰੁਪਏ ਦੀ ਕਟੌਤੀ ਕਿਉਂ ਕੀਤੀ ਗਈ? ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਫੰਡ ਰੋਕਣ ਦਾ ਕਾਰਨ ਦੱਸ ਕੇ ਜਵਾਬ ਦੇਵੇ।

ਉਨ੍ਹਾਂ ਕਿਹਾ ਕਿ ਪੰਜਾਬ ਸਾਲਾਂ ਤੋਂ ਵੱਡੀ ਮਾਤਰਾ 'ਚ ਅਨਾਜ ਪੈਦਾ ਕਰਕੇ ਪੂਰੇ ਦੇਸ਼ ਦਾ ਢਿੱਡ ਭਰ ਰਿਹਾ ਹੈ, ਫਿਰ ਵੀ ਕੇਂਦਰ ਸਰਕਾਰ ਹਮੇਸ਼ਾ ਹੀ ਪੰਜਾਬ ਨਾਲ ਆਰਥਿਕ ਵਿਤਕਰਾ ਕਰਦੀ ਹੈ। ਇਹ ਬੇਹੱਦ ਮੰਦਭਾਗਾ ਅਤੇ ਅਫਸੋਸਜਨਕ ਹੈ। ਗਰੇਵਾਲ ਨੇ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਅਤੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਕਿਹਾ ਕਿ ਭਾਜਪਾ ਆਗੂ ਅਤੇ ਰਾਜਪਾਲ ਦੋਵੇਂ ਹੀ ਹਮੇਸ਼ਾ ਕਹਿੰਦੇ ਹਨ ਕਿ ਅਸੀਂ ਪੰਜਾਬ ਦੇ ਸ਼ੁਭਚਿੰਤਕ ਹਾਂ, ਤਾਂ ਕੀ ਸੁਨੀਲ ਜਾਖੜ ਅਤੇ ਰਾਜਪਾਲ ਇਸ ਮਾਮਲੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਕਹਿਣਗੇ ਕਿ ਗ੍ਰਾਂਟਾਂ ਰੁਕਣ ਨਾਲ ਪੰਜਾਬ ਦੀ ਤਰੱਕੀ 'ਚ ਰੁਕਾਵਟ ਪੈਦਾ ਹੋ ਰਹੀ ਹੈ। ਪੰਜਾਬ ਦੇ ਵਿਕਾਸ ਕਾਰਜ, ਇਸ ਲਈ ਪੰਜਾਬ ਨੂੰ ਗਰਾਂਟ ਦੀ ਸਾਰੀ ਰਾਸ਼ੀ ਜਲਦੀ ਜਾਰੀ ਕੀਤੀ ਜਾਵੇ?

ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਚਾਹੇ ਜਿੰਨੇ ਮਰਜੀ ਫੰਡ ਰੋਕ ਲਵੇ, ਉਹ ਪੰਜਾਬ ਦੀ ਤਰੱਕੀ ਨੂੰ ਨਹੀਂ ਰੋਕ ਸਕਦੀ। ਮਾਨ ਸਰਕਾਰ ਪੰਜਾਬ ਨੂੰ ਆਰਥਿਕ ਤੌਰ 'ਤੇ ਖੁਸ਼ਹਾਲ ਬਣਾਉਣ ਲਈ ਵਚਨਬੱਧ ਹੈ। ਅਸੀਂ ਪੰਜਾਬ ਦੇ ਲੋਕਾਂ ਨੂੰ ਭਰੋਸਾ ਦਿਵਾਉਂਦੇ ਹਾਂ ਕਿ ਮੁੱਖ ਮੰਤਰੀ ਭਗਵੰਤ ਮਾਨ ਕੇਂਦਰੀ ਗ੍ਰਾਂਟਾਂ ਨੂੰ ਰੋਕਣ ਨਾਲ ਪੰਜਾਬ ਦੀ ਤਰੱਕੀ 'ਚ ਕੋਈ ਰੁਕਾਵਟ ਨਹੀਂ ਆਉਣ ਦੇਣਗੇ। ਉਨ੍ਹਾਂ ਦੇ ਯਤਨਾਂ ਸਦਕਾ ਅੱਜ ਪੰਜਾਬ ਦਾ ਮਾਲੀਆ ਲਗਾਤਾਰ ਵਧ ਰਿਹਾ ਹੈ ਅਤੇ ਨਿਵੇਸ਼ ਵੀ ਵੱਧ ਰਿਹਾ ਹੈ।

# ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਐੱਨ ਐੱਸ ਐੱਸ ਯੂਨਿਟ ਵੱਲੋਂ 7 ਰੋਜ਼ਾ ਕੈਂਪ




**ਐਸ.ਏ.ਐਸ.ਨਗਰ ( ਗੁਰਜੀਤ ਬਿੱਲਾ)** -ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਐਨ.ਐਸ.ਐਸ. ਯੂਨਿਟ ਵੱਲੋਂ ਪ੍ਰਿੰਸੀਪਲ ਡਾ. ਸੁਜਾਤਾ ਕੌਸ਼ਲ ਦੀ ਅਗਵਾਈ ਹੇਠ 7 ਰੋਜ਼ਾ ਕੈਂਪ ਦੀ ਸ਼ੁਰੂਆਤ ਕੀਤੀ ਗਈ। ਇਸ ਕੈਂਪ ਦੀ ਸ਼ੁਰੂਆਤ ਐਨ.ਐਸ.ਐਸ.ਵਲੰਟੀਅਰਾਂ ਦੀ ਇੱਕ ਟੀਮ ਵੱਲੋਂ ਗੋਦ ਲਏ ਪਿੰਡ ਮੁਕੰਦਪੁਰ ਤੋਂ ਕੀਤੀ ਗਈ। ਇਸ ਮੌਕੇ ਐਨ.ਐਸ.ਐਸ. ਵਲੰਟੀਅਰਾਂ ਵੱਲੋਂ ਪਿੰਡ ਦੇ ਲੋਕਾਂ ਨੂੰ ਜਾਗਰੂਕ ਕਰਨ ਲਈ ਪਿੰਡ ਦੇ ਸੀਨੀਅਰ ਸੈਕੰਡਰੀ ਸਕੂਲ ਤੋਂ ਪਰਾਲੀ ਨਾ ਸਾੜਨ ਲਈ ਰੈਲੀ ਕੱਢੀ ਗਈ ਅਤੇ ਨਾਲ ਹੀ ਪਲਾਸਟਿਕ ਇੱਕਠਾ ਕਰਕੇ ਘਰ-ਘਰ ਜਾ ਕੇ ਲੋਕਾਂ ਨੂੰ ਪਲਾਸਟਿਕ ਦੀ ਦੁਰਵਰਤੋਂ ਬਾਰੇ ਜਾਗਰੂਕ ਕੀਤਾ । ਇਸ ਕੈਂਪ ਦੀ ਦੂਜੀ ਟੀਮ ਵੱਲੋਂ ਕਾਲਜ ਵਿੱਚ ਹੀ ਰਹਿ ਕੇ ਮੁਕੰਦਪੁਰ ਵਿੱਚ ਜਾਣ ਵਾਲੇ ਵਲੰਟੀਅਰਾਂ ਲਈ ਖਾਣਾ ਵੀ ਆਪਣੇ ਆਪ ਹੀ ਬਣਾਇਆ ਗਿਆ। ਇਸ ਮੌਕੇ ਡਾ. ਸੁਜਾਤਾ ਕੌਸ਼ਲ ਨੇ ਐਨ.ਐਸ.ਐਸ. ਵਲੰਟੀਅਰਾਂ ਨੂੰ ਇਸ ਕੈਂਪ ਨੂੰ ਸ਼ੁਰੂ ਕਰਨ ਤੇ ਉਹਨਾਂ ਨੂੰ ਆਪਣਾ ਆਸ਼ੀਰਵਾਦ ਅਤੇ ਸ਼ੁੱਭ ਕਾਮਨਾਵਾਂ ਦਿੱਤੀਆਂ। ਇਸ ਕੈਂਪ ਵਿੱਚ ਕਾਲਜ ਦੇ ਵਾਈਸ ਪ੍ਰਿੰਸੀਪਲ ਪ੍ਰੋ. ਆਮੀ ਭੱਲਾ, ਐਨ.ਐਸ.ਐਸ. ਕਨਵੀਨਰ ਡਾ. ਅਮਰਜੀਤ ਕੌਰ, ਪ੍ਰੋ. ਰਵਿੰਦਰ ਸਿੰਘ, ਪ੍ਰੋ. ਝੋਮਿੰਦਰ ਕੌਰ, ਪ੍ਰੋ. ਬਲਜਿੰਦਰ ਕੌਰ, ਪ੍ਰੋ. ਸੁਨੀਲ ਕੁਮਾਰ, ਪ੍ਰੋ. ਕਿਰਨਪ੍ਰੀਤ ਕੌਰ, ਸ੍ਰੀ ਹਰਨਾਮ ਸਿੰਘ ਅਤੇ 50 ਐਨ.ਐਸ.ਐਸ. ਵਲੰਟੀਅਰ ਵੀ ਸ਼ਾਮਲ ਸਨ।

# ਪੰਚਾਇਤੀ ਜ਼ਮੀਨਾਂ ਤੋਂ ਕਬਜ਼ੇ ਛੁਡਾਉਣ ਦੀ ਮੁਹਿੰਮ ਤੇਜ਼ ਕੀਤੀ ਜਾਵੇ : ਭੁੱਲਰ



**ਚੰਡੀਗੜ੍ਹ, ( ਗੁਰਜੀਤ ਬਿੱਲਾ )**- ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਵਿਭਾਗ ਦੇ ਸਮੂਹ ਫੀਲਡ ਅਧਿਕਾਰੀਆਂ ਨੂੰ ਸਖ਼ਤ ਹਦਾਇਤ ਕੀਤੀ ਕਿ ਪੰਚਾਇਤੀ ਜਮੀਨਾਂ ਤੋਂ ਕਬਜੇ ਛੁਡਾਉਣ ਦੀ ਮੁਹਿੰਮ ਤੇਜ ਕੀਤੀ ਜਾਵੇ। ਪੰਜਾਬ ਸਿਵਲ ਸਕੱਤਰੇਤ ਸਥਿਤ ਆਪਣੇ ਦਫਤਰ ਵਿਖੇ ਵਿਭਾਗ ਦੇ ਸਮੂਹ ਡਿਵੀਜਨਲ ਡਾਇਰੈਕਟਰਾਂ ਅਤੇ ਡੀ.ਡੀ.ਪੀ.ਓਜ ਨਾਲ ਹੰਗਾਮੀ ਮੀਟਿੰਗ ਕਰਦਿਆਂ ਨਿਰਦੇਸ਼ ਦਿੱਤੇ ਕਿ ਫੀਲਡ ਅਧਿਕਾਰੀ 15 ਦਿਨਾਂ ਦੇ ਅੰਦਰ ਆਪਣੀ-ਆਪਣੀ ਪ੍ਰਗਤੀ ਰਿਪੋਰਟ ਪੇਸ਼ ਕਰਨਗੇ। ਵਿਭਾਗ ਵੱਲੋਂ ਹੁਣ ਤੱਕ 11,859 ਏਕੜ ਪੰਚਾਇਤੀ ਜਮੀਨ ਤੋਂ ਕਬਜ਼ਾ ਛੁਡਵਾਇਆ ਜਾ ਚੁੱਕਾ ਹੈ ਅਤੇ ਸੂਬੇ ਭਰ ਵਿੱਚ 6657 ਏਕੜ ਪੰਚਾਇਤੀ ਜਮੀਨ ਅਜਿਹੀ ਹੈ ਜਿਸ ਦੇ ਕਬਜਾ ਵਾਰੰਟ ਤਿਆਰ ਹਨ ਪਰ ਫ਼ੀਲਡ ਅਧਿਕਾਰੀਆਂ ਵੱਲੋਂ ਇਸ ਸਬੰਧੀ ਕਾਰਵਾਈ ਹਾਲੇ ਅਮਲੇ ਵਿੱਚ ਨਹੀਂ ਲਿਆਂਦੀ ਗਈ। ਉਨ੍ਹਾਂ ਸਖ਼ਤ ਲਹਿਜ਼ੇ ਵਿੱਚ ਕਿਹਾ ਕਿ ਜ਼ਿਲ੍ਹਾ ਅਧਿਕਾਰੀ ਪੈਂਡਿੰਗ ਕਬਜਾ ਵਾਰੰਟਾਂ 'ਤੇ ਤੁਰੰਤ ਕਾਰਵਾਈ ਕਰਨ। ਭੁੱਲਰ ਨੇ ਉੱਚ ਅਦਾਲਤਾਂ ਵਿੱਚ ਚਲਦੇ ਕੇਸਾਂ ਦੀ ਸੁਚੱਜੀ ਪੈਰਵੀ ਕਰਨ 'ਤੇ ਜ਼ੋਰ ਦਿੰਦਿਆਂ ਫੀਲਡ ਦੇ ਸੀਨੀਅਰ ਅਧਿਕਾਰੀਆਂ ਨੂੰ ਅਦਾਲਤਾਂ ਵਿੱਚ ਸੁਣਵਾਈ ਦੌਰਾਨ ਨਿੱਜੀ ਤੌਰ 'ਤੇ ਪੇਸ਼ ਹੋਣ ਲਈ ਕਿਹਾ। ਉਨ੍ਹਾਂ ਕਿਹਾ ਕਿ ਹਾਈ ਕੋਰਟ ਵਿੱਚ ਚਲ ਰਹੇ ਮਾਮਲਿਆਂ ਵਿੱਚ ਬੀ.ਡੀ.ਪੀ.ਓਜ਼ ਅਤੇ ਸੁਪਰੀਮ ਕੋਰਟ ਵਿੱਚ ਡੀ.ਡੀ.ਪੀ.ਓਜ਼ ਪੱਧਰ ਦਾ ਅਧਿਕਾਰੀ ਸੁਣਵਾਈ ਦੌਰਾਨ ਹਾਜ਼ਰ ਹੋਵੇ ਤਾਂ ਜੋ ਇਨ੍ਹਾਂ ਮਾਮਲਿਆਂ ਵਿੱਚ ਵਿਭਾਗ ਦਾ ਪੱਖ ਬਾਖੂਬੀ ਰੱਖਿਆ ਜਾ ਸਕੇ। ਭੁੱਲਰ ਨੇ ਉਚੇਚੇ ਤੌਰ 'ਤੇ ਕਿਹਾ ਕਿ ਮਾਲ ਰਿਕਾਰਡ ਵਿੱਚ ਪੰਚਾਇਤੀ ਜ਼ਮੀਨਾਂ ਦੇ ਮਾਲਕਾਨਾ ਹੱਕ ਨੂੰ ਲੈ ਕੇ ਸਾਹਮਣੇ ਆਈਆਂ ਕੁੱਝ ਤਰੁੱਟੀਆਂ ਸਬੰਧੀ ਜਾਂਚ ਕਰਵਾਈ ਜਾਵੇ। ਉਨ੍ਹਾਂ ਕਿਹਾ ਕਿ ਜੇ ਅਜਿਹਾ ਜਾਣਬੁੱਝ ਕੇ ਕੀਤਾ ਗਿਆ ਹੈ ਕਿ ਤਾਂ ਦੋਸ਼ੀ ਅਧਿਕਾਰੀਆਂ/ਮੁਲਾਜ਼ਮਾਂ ਵਿਰੁੱਧ ਸਖ਼ਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਕੈਬਨਿਟ ਮੰਤਰੀ ਨੇ ਸਮੂਹ ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ ਨੂੰ ਵੀ ਹਦਾਇਤ ਕੀਤੀ ਕਿ ਉਹ ਪੰਚਾਇਤੀ ਜ਼ਮੀਨਾਂ ਤੋਂ ਕਬਜ਼ਾ ਛੁਡਾਉਣ ਲਈ ਵਿਭਾਗ ਦੇ ਅਧਿਕਾਰੀਆਂ ਨੂੰ ਲੋੜੀਂਦੀ ਪ੍ਰਸ਼ਾਸਨਿਕ ਸਹਾਇਤਾ ਮੁਹੱਈਆ ਕਰਾਉਣ। ਮੀਟਿੰਗ ਦੌਰਾਨ ਵਿੱਤ ਕਮਿਸ਼ਨਰ ਪੇਂਡੂ ਵਿਕਾਸ ਤੇ ਪੰਚਾਇਤ ਤੇਜਵੀਰ ਸਿੰਘ ਅਤੇ ਵਿਭਾਗ ਦੇ ਹੋਰ ਅਧਿਕਾਰੀ ਹਾਜਰ ਸਨ।

# ਰੈੱਡ ਰਿਬਨ ਕਲੱਬਾਂ ਦੀ ਰਾਜ ਪੱਧਰੀ ਵਰਕਸ਼ਾਪ 'ਚ ਜ਼ਿਲ੍ਹੇ ਦੇ ਪੰਜ ਇੰਚਾਰਜਾਂ ਨੇ ਹਿੱਸਾ ਲਿਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈ)**ਯੁਵਕ ਸੇਵਾਵਾਂ ਵਿਭਾਗ, ਪੰਜਾਬ, ਚੰਡੀਗੜ੍ਹ ਦੇ ਸਹਿਯੋਗ ਨਾਲ ਪੰਜਾਬ ਰਾਜ ਨਾਲ ਸਬੰਧਿਤ ਰੈੱਡ ਰਿਬਨ ਕਲੱਬਾ ਦੀ ਕਪੈਸਟੀ ਬਿਲਡਿੰਗ ਵਰਕਸ਼ਾਪ ਲੁਧਿਆਣਾ ਵਿਖੇ ਕਰਵਾਈ ਗਈ ਜਿਸ ਵਿੱਚ ਰਾਜ ਪੱਧਰੀ ਰੈੱਡ ਰਿਬਨ ਕਲੱਬਾ ਦੇ ਇੰਚਾਰਜ ਸ਼ਾਮਿਲ ਹੋਏ। ਇਸ ਵਿੱਚ ਸਹਾਇਦ ਡਾਇਰੈਕਟਰ ਯੁਵਕ ਸੇਵਾਵਾਂ ਹੁਸ਼ਿਆਰਪੁਰ ਦੇ ਸ.ਪ੍ਰਤੀ ਕੋਹਲੀ ਜੀ ਦੀ ਅਗਵਾਈ ਵਿੱਚ ਸਰਕਾਰ ਕਾਲਜ, ਹੁਸ਼ਿਆਰਪੁਰ ਰੈੱਡ ਰਿਬਨ ਕਲੱਬ ਇੰਚਾਰਜ ਵਿਜੇ ਕੁਮਾਰ, ਸਰਕਾਰੀ ਕਾਲਜ ਢੋਲਵਾਹਾ ਤੋਂ ਰੰਜਨਾ ਗੁਪਤਾ, ਜੀ.ਡੀ.ਐਸ.ਡੀ. ਕਾਲਜ ਹਰਿਆਣਾ ਤੋਂ ਡਾ.ਫੂਲਾਂ ਰਾਣੀ, ਬੀ.ਏ.ਐਮ. ਖਾਲਸਾ ਕਾਲਜ ਗੜ੍ਹਸ਼ੰਕਰ ਤੋਂ ਅਰਵਿੰਦਰ ਕੌਰ ਅਤੇ ਰਿਆਤ ਕਾਲਜ ਆਫ ਫਾਰਮੇਸੀ ਤੋਂ ਮਨੋਜ ਕੁਮਾਰ ਹਾਜ਼ਰ ਹੋਏ। ਰਾਜ ਪੱਧਰੀ ਕਰਵਾਏ ਗਏ ਇਸ ਸਮਾਗਮ ਵਿੱਚ ਐਚ.ਆਈ.ਵੀ./ਏਡਜ਼ ਨਾਲ ਸਬੰਧਿਤ ਡਰਾਮਾ ਮੁਕਾਬਲੇ ਅਤੇ ਰੀਲ ਮੇਕਿੰਗ ਮੁਕਾਬਲੇ ਕਰਵਾਏ ਗਏ ਇਹਨਾਂ ਦੇ ਮਾਧਿਅਮ ਰਾਹੀਂ ਅਤੇ ਵਰਕਸ਼ਾਪ ਮਾਧਿਅਮ ਰਾਹੀ ਐਚ.ਆਈ.ਵੀ. ਅਤੇ ਏਡਜ਼ ਨਾਲ ਸਬਧਿਤ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ ਤਾਂ ਕਿ ਰੈੱਡ ਰਿਬਨ ਕਲੱਬਾ ਦੇ ਇੰਚਾਰਜ ਆਪਣੇ ਆਪਣੇ ਕਾਲਜਾਂ ਵਿੱਚ ਇਸ ਪ੍ਰਤੀ ਬਣਦੀ ਕਾਰਵਾਈ ਕਰ ਸੱਕਣ ਅਤੇ ਇਸ ਨਾਲ ਸਬੰਧਿਤ ਜਾਗਰੂਕਤਾ ਫੈਲਾ ਕੇ ਇਸ ਬਿਮਾਰੀ ਤੋਂ ਲੋਕਾਂ ਦਾ ਬਚਾਵ ਕਰ ਸੱਕਣ। ਇਸ ਮੌਕੇ ਹਾਜਿਰ ਰੈੱਡ ਰਿਬਨ ਕਲੱਬਾ ਦੇ ਇੰਚਾਰਜਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

# ਪ੍ਰਿੰਸ ਪਾਵਰ ਜਨਰੇਟਰ ਦੀ ਦੁਕਾਨ ਤੋਂ ਹਜ਼ਾਰਾਂ ਦਾ ਸਮਾਨ ਚੋਰੀ



**ਫਿਲੌਰ (ਨਿਰਮਲ)** ਬੀਤੀ ਰਾਤ ਚੋਰਾਂ ਨੇ ਅਕਲਪੁਰ ਰੋਡ ਤੇ ਸਥਿਤ ਪ੍ਰਿੰਸ ਪਾਵਰ ਜਰਨੇਟਰ ਦੀ ਦੁਕਾਨ ਨੂੰ ਨਿਸ਼ਾਨਾ ਬਣਾਉਂਦੇ ਹੋਏ ਹਜਾਰਾਂ ਦਾ ਸਮਾਨ ਲੈ ਉੱਡੇ ਹਨ। ਦੁਕਾਨ ਦੇ ਮਾਲਕ ਨੇ ਦੱਸਿਆ ਕਿ ਉਹ ਜਦੋਂ ਸਵੇਰੇ ਦੁਕਾਨ ਤੇ ਆਏ ਤਾਂ ਦੇਖਿਆ ਕਿ ਉਨ੍ਹਾਂ ਦੀ ਦੁਕਾਨ 'ਤੇ ਚੋਰੀ ਹੋ ਚੁੱਕੀ ਸੀ। ਦੁਕਾਨ ਦਾ ਸਮਾਨ ਚੈੱਕ ਕਰਕੇ ਦੇਖਿਆ ਤਾਂ ਦੁਕਾਨ ਵਿੱਚ ਦੋ ਬੈਟਰੀਆਂ,ਮੋਬਾਇਲ ਅਤੇ ਕਾਪਰ ਦੀਆਂ ਤਾਰਾਂ ਅਤੇ 15000 ਹਜਾਰ ਦੀ ਨਕਦੀ ਦੁਕਾਨ ਤੋਂ ਗਾਇਬ ਹੋ ਚੁੱਕੀ ਸੀ। ਮੇਰਾ 70 ਹਜਾਰ ਰੁਪਏ ਦਾ ਨੁਕਸਾਨ ਕਰ ਦਿੱਤਾ ਹੈ। ਪੁਲਸ ਨੂੰ ਸੂਚਨਾ ਦੇ ਦਿੱਤੀ ਗਈ ਹੈ।

# ਵਿਵਾਦਤ ਫਿਲਮ ਦਾਸਤਾਨ-ਏ- ਸਰਹੰਦ ਕਿਸੇ ਵੀ ਹਾਲਤ 'ਚ ਚੱਲਣ ਨਹੀਂ ਦਿਆਂਗੇ : ਸਿੱਖ ਜਥੇਬੰਦੀਆਂ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਸਿੱਖ ਸਿਧਾਂਤਾਂ ਦੇ ਖਿਲਾਫ ਵਿਵਾਦਤ ਫਿਲਮ ਦਾਸਤਾਨ-ਏ- ਸਰਹੰਦ ਜਿਸ ਨੂੰ ਨਾ ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਨਾ ਹੀ ਸਿੱਖ ਜਥੇਬੰਦੀਆਂ ਨੇ ਪ੍ਰਵਾਨਗੀ ਦਿੱਤੀ ਪੰਜਾਬ ਭਰ ਦੇ ਸਿਨੇਮਾ ਹਾਲਾਂ 'ਚ ਲੱਗਣ ਜਾ ਰਹੀ ਸੀ ਜਿਸ ਦਾ ਸਿੱਖ ਜਥੇਬੰਦੀਆਂ ਨੇ ਪੁਰਜੋਰ ਵਿਰੋਧ ਕੀਤਾ ਅਤੇ ਕਿਹਾ ਕਿ ਉਹ ਇਹ ਫਿਲਮ ਕਿਸੇ ਵੀ ਹਾਲਤ ਵਿੱਚ ਚੱਲਣ ਨਹੀਂ ਦਿਆਂਗੇ। ਹੁਸ਼ਿਆਰਪੁਰ ਦੇ ਵੱਖ-ਵੱਖ ਸਿਨੇਮਾ ਹਾਲਾਂ ਮਿਰਾਜ, ਟਾਈਮ ਸਕਿਓਰ, ਸ਼ਿਰਾਜ ਤੇ ਸਵਰਨ 'ਚ ਸਿੱਖ ਜਥੇਬੰਦੀਆਂ ਦੇ ਆਗੂਆਂ ਨੇ ਪਹੁੰਚ ਕੇ ਵਿਰੋਧ ਕੀਤਾ ਅਤੇ ਸਿਨੇਮਾ ਹਾਲ ਦੇ ਪ੍ਰਬੰਧਕਾਂ ਨੂੰ ਇਹ ਫਿਲਮ ਨਾ ਚਲਾਉਣ ਦੀ ਬੇਨਤੀ ਕੀਤੀ। ਜਿਸ ਨੂੰ ਸਿਨੇਮਾ ਹਾਲਾਂ ਦੇ ਪ੍ਰਬੰਧਕਾਂ ਨੇ ਪ੍ਰਵਾਨ ਕਰ ਲਿਆ। ਜਦੋਂ ਆਗੂਆਂ ਨੇ ਟਾਇਮ ਸਕਿਓਰ ਸਿਨੇਮਾਂ 'ਚ ਚੱਲ ਰਹੀ ਫਿਲਮ ਨੂੰ ਮੌਕੇ 'ਤੇ ਪਹੁੰਚ ਕੇ ਬੰਦ ਕਰਵਾਇਆ ਤਾਂ ਸਿਨੇਮਾ ਅੰਦਰ ਫਿਲਮ ਦੇਖ ਰਹੇ ਲੋਕਾਂ ਨੂੰ ਇਹ ਫਿਲਮ ਨਾ ਦੇਖਣ ਦੀ ਬੇਨਤੀ ਕੀਤੀ ਤਾਂ ਉਹਨਾਂ ਪੂਰਨ ਸਹਿਯੋਗ ਦਿੱਤਾ। ਇਸ ਸਮੇਂ ਸਿੱਖ ਜਥੇਬੰਦੀਆਂ ਦੇ ਆਗੂਆਂ ਗੁਰਨਾਮ ਸਿੰਘ ਸਿੰਗੜੀਵਾਲਾ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਕਰਨੈਲ ਸਿੰਘ ਲਵਲੀ ਸਿੱਖ ਨੌਜਵਾਨ ਫਰੰਟ, ਇੰਜੀਨੀਅਰ ਜਗਜੀਤ ਸਿੰਘ ਯੰਗ ਖਾਲਸਾ ਗਰੁੱਪ, ਹਰਦੀਪ ਸਿੰਘ ਫਤਿਹ ਯੂਥ ਕਲੱਬ ਤੇ ਦਲ ਖਾਲਸਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਉਹ ਇਹ ਫਿਲਮ ਕਿਸੇ ਵੀ ਹਾਲਤ 'ਚ ਚੱਲਣ ਨਹੀਂ ਦੇਣਗੇ ਅਤੇ ਸਖਤੀ ਨਾਲ ਵਿਰੋਧ ਕਰਨਗੇ। ਇਸ ਮੌਕੇ ਹਰਦੀਪ ਸਿੰਘ, ਬਲਜਿੰਦਰ ਸਿੰਘ, ਸਿਮਰਨਜੀਤ ਸਿੰਘ, ਸੁਖਦੇਵ ਸਿੰਘ ਕਾਹਰੀ, ਸੋਢੀ ਸਿੰਘ, ਪ੍ਰਭਜੋਤ ਸਿੰਘ, ਅਮਰੀਕ ਸਿੰਘ, ਮੁਕੇਸ਼ ਆਦਿ ਹਾਜ਼ਰ ਸਨ।

# '84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜ਼ਾਵਾਂ ਹੋਣ : ਪੀ ਐੱਸ ਯੂ



**ਚੰਡੀਗੜ੍ਹ** —ਪੰਜਾਬ ਸਟੂਡੈਂਟਸ ਯੂਨੀਅਨ ਵੱਲੋਂ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਖਤ ਸਜਾਵਾਂ ਦਿਵਾਉਣ ਅਤੇ ਅਦਾਲਤਾਂ ਵਲੋਂ ਦੋਸ਼ੀਆਂ ਨੂੰ ਬਰੀ ਕਰਨ ਖਿਲਾਫ ਪਟਿਆਲਾ , ਫਾਜ਼ਲਿਕਾ, ਬਠਿੰਡਾ , ਮੁਕਤਸਰ, ਰੋਪੜ, ਗੁਰਦਾਸਪੁਰ, ਫਰੀਦਕੋਟ ,ਨਵਾਂਸ਼ਹਿਰ, ਮਲੇਰਕੋਟਲਾ,ਸੰਗਰੂਰ ਆਦਿ 'ਚ ਰੋਸ ਪ੍ਰਦਰਸ਼ਨ ਕੀਤੇ ਗਏ। ਪੀਐੱਸਯੂ ਦੇ ਸੂਬਾ ਪ੍ਰਧਾਨ ਰਣਵੀਰ ਸਿੰਘ ਰੰਧਾਵਾ ਜਨਰਲ ਸਕੱਤਰ ਅਮਨਦੀਪ ਸਿੰਘ ਖਿਓਵਾਲੀ ਅਤੇ ਪ੍ਰੈਸ ਸਕੱਤਰ ਮੰਗਲਜੀਤ ਪੰਡੋਰੀ ਨੇ ਕਿਹਾ ਕਿ 1984 ਦਾ ਸਿੱਖਾਂ ਦਾ ਕਤਲੇਆਮ ਗਿਣੀਮਿਥੀ ਸਾਜਿਸ਼ ਅਤੇ ਸਿਆਸੀ ਪੁਸ਼ਤਪਨਾਹੀ ਤਹਿਤ ਕੀਤਾ ਗਿਆ ਕਤਲੇਆਮ ਸੀ। ਕਿਉਂਕਿ ਜਦੋਂ ਜਖਮੀਆਂ ਨਾਲੋਂ ਮਰਨ ਵਾਲਿਆਂ ਦੀ ਗਿਣਤੀ ਵੱਧ ਹੋਵੇ ਤਾਂ ਇਹ ਸਾਜ਼ਿਸ਼ ਤੋਂ ਬਿਨਾਂ ਹੋਰ ਕੁਝ ਨਹੀਂ। ਉਸ ਸਮੇਂ ਸਟੇਟ ਮਿਸ਼ਨਰੀ ਨੂੰ ਸਿੱਖਾਂ ਖਿਲਾਫ ਵਰਤਿਆ ਗਿਆ। ਅੱਜ ਵੀ ਅਦਾਲਤਾਂ ਵਲੋਂ ਸੱਜਣ ਕੁਮਾਰ ਸਮੇਤ ਦਰਜਨਾਂ ਦੋਸ਼ੀਆਂ ਨੂੰ ਬਰੀ ਕੀਤਾ ਗਿਆ ਹੈ। 35 ਸਾਲਾਂ ਵਿੱਚ ਵੀ ਇੰਨੇ ਵੱਡੇ ਕਤਲੇਆਮ 'ਚ ਇਨਸਾਫ ਨਾ ਮਿਲਣਾ ਅਦਾਲਤੀ ਪ੍ਰਕਿਰਿਆ 'ਤੇ ਵੀ ਸਵਾਲ ਖੜ੍ਹੇ ਕਰਦਾ ਹੈ। ਇੰਨੇ ਲੰਬੇ ਸਮੇਂ 'ਚ ਕਈ ਪੀੜਤ ਤੇ ਗਵਾਹ ਜ਼ਿੰਦਗੀ ਤੋਂ ਰੁਖਸਤ ਹੋ ਗਏ । ਸਬੂਤ ਮਿਟਾ ਦਿੱਤੇ ਗਏ। ਦੋਸ਼ੀਆਂ ਨੂੰ ਬਰੀ ਕਰਨਾ ਅਜਿਹੀਆਂ ਫਿਰਕੂ ਘਟਨਾਵਾਂ ਨੂੰ ਬੜ੍ਹਾਵਾ ਦੇਣ ਤੋਂ ਬਿਨਾਂ ਕੁਝ ਨਹੀਂ।

ਅੱਜ ਵੀ ਦੇਸ਼ ਭਰ ਵਿਚ ਘੱਟ ਗਿਣਤੀਆਂ 'ਚ ਦਹਿਸ਼ਤੀ,ਨਫਰਤ ਦਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਦਿੱਲੀ 'ਚ ਸ਼ਹੀਨ ਬਾਗ ਦੇ ਅੰਦੋਲਨ 'ਚ ਸਿਆਸੀ ਇਸ਼ਾਰੇ 'ਤੇ ਭੜਕਾਹਟ ਪੈਦਾ ਕਰਕੇ ਦਰਜਨਾਂ ਕਤਲ ਕਰਵਾ ਦਿੱਤੇ ਗਏ। ਗੁਜਰਾਤ ਮੁਸਲਿਮ ਕਤਲੇਆਮ ਦੌਰਾਨ ਬਿਲਕੀਸ ਬਾਨੋ ਨਾਲ ਗੈਂਗਰੇਪ ਕਰਨ ਅਤੇ ਉਸਦੇ ਪਰਵਾਰ ਦੇ ਮੈਂਬਰਾਂ ਨੂੰ ਕਤਲ ਕਰਨ ਵਾਲਿਆਂ ਨੂੰ ਅਜਾਦੀ ਦਿਹਾੜੇ 'ਤੇ ਸਜਾ ਮਾਫ ਕਰਕੇ ਬਰੀ ਕਰਨਾ, ਹਰਿਆਣਾ 'ਚ ਨੂੰਹ ਹਿੰਸਾ, ਮੁਜੱਫਰਨਗਰ ਦੰਗੇ ਇਹ ਸਭ ਸਿਆਸੀ ਪੁਸ਼ਤਪਨਾਹੀ ਹੇਠ ਕੀਤੇ ਗਏ ਹਨ।

ਉਨਾਂ ਕਿਹਾ ਕਿ ਅਗਰ ਅਦਾਲਤਾਂ,ਜਾਂਚ ਏਜੰਸੀਆਂ ਅਜਿਹੇ ਕਤਲੇਆਮਾਂ ਨੂੰ ਸਹੀ ਢੰਗ ਨਾਲ ਜਾਂਚ ਕਰਨ ਤਾਂ ਇਨਾਂ ਨੂੰ ਰੋਕਿਆ ਜਾ ਸਕਦਾ ਹੈ। ਜੇਕਰ ਦਿੱਲੀ ਸਿੱਖ ਕਤਲੇਆਮ 'ਚ ਇਨਸਾਫ ਮਿਲਿਆ ਹੁੰਦਾ ਤਾਂ ਗੁਜਰਾਤ ਮੁਸਲਿਮ ਕਤਲੇਆਮ ਨਾ ਹੁੰਦਾ। ਸਾਰੀਆਂ ਸਰਕਾਰਾਂ ਨੇ ਇਹਨਾਂ 'ਤੇ ਆਪਣੀਆਂ ਸਿਆਸੀ ਰੋਟੀਆਂ ਸੇਕੀਆਂ ਹਨ।

# ਸਰਕਾਰ ਸ਼੍ਰੋਮਣੀ ਕਮੇਟੀ ਦੀਆਂ ਜਨਰਲ ਚੋਣਾਂ ਦੀ ਤਰੀਕ ਦਾ ਐਲਾਨ ਕਰੇ-ਖੁਣ ਖੁਣ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- 1947 ਦੀ ਵੰਡ ਤੋਂ ਬਾਅਦ ਇਥੋਂ ਦੀਆਂ ਸੰਸਥਾਵਾਂ ਪਾਰਲੀਮੈਂਟ, ਵਿਧਾਨ ਸਭਾਵਾਂ, ਮਿਊਂਸਪਲ ਕਾਰਪੋਰੇਸ਼ਨ, ਜ਼ਿਲ੍ਹਾ ਪ੍ਰੀਸ਼ਦਾਂ, ਬਲਾਕ ਸੰਮਤੀਆਂ ਤੇ ਪੰਚਾਇਤਾਂ ਆਦਿ ਦੀਆਂ ਵਿਧਾਨਕ ਚੋਣਾਂ ਹਰ ਪੰਜ ਸਾਲ ਬਾਅਦ ਸਮੇਂ ਸਿਰ ਕਰਵਾਈਆਂ ਜਾਂਦੀਆਂ ਹਨ ਜੋ ਜਮਹੂਰੀਅਤ ਦੀ ਮੁੱਖ ਮੰਗ ਵੀ ਹੈ। ਇੰਡੀਆ ਦੀ ਪਾਰਲੀਮੈਂਟ ਦੀਆਂ ਚੋਣਾਂ 17 ਵਾਰ ਹੋ ਚੁੱਕੀਆਂ ਹਨ ਤੇ 2024 ਵਿੱਚ 18ਵੀਂ ਵਾਰ ਹੋਣ ਜਾ ਰਹੀਆਂ ਹਨ। ਪਰ ਐਸ ਜੀ ਪੀ ਸੀ ਦੀਆਂ ਚੋਣਾਂ ਕੇਵਲ 8 ਵਾਰ ਹੋਈਆਂ ਹਨ। ਹੁਣ ਸਿੱਖ ਕੌਮ ਵਲੋਂ ਦੁਬਾਰਾ ਆਵਾਜ ਬੁਲੰਦ ਕਰਨ 'ਤੇ ਗੁਰਦੁਆਰਾ ਚੋਣ ਕਮਿਸ਼ਨ ਨੇ ਨਵੀਆਂ ਵੋਟਾਂ ਬਣਾਉਣ ਅਤੇ ਵੋਟਰ ਸੂਚੀਆਂ ਤਿਆਰ ਕਰਨ ਨੂੰ ਹਰੀ ਝੰਡੀ ਦਿੱਤੀ ਹੈ। ਵੋਟਾਂ ਬਣਨ ਦੀ ਪ੍ਰਕਿਰਿਆ ਪੂਰੇ ਜੋਸ਼ੋ ਖਰੋਸ਼ ਨਾਲ ਸੁਰੂ ਹੋ ਚੁੱਕੀ ਹੈ ਤਾਂ ਹੁਣ ਸਿੱਖ ਕੌਮ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਗ੍ਰਹਿ ਵਿਭਾਗ ਇੰਡੀਆ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਜਨਰਲ ਚੋਣਾਂ ਕਰਵਾਉਣ ਦੀ ਤਰੀਕ ਦਾ ਐਲਾਨ ਕਰ ਦੇਣਾ ਚਾਹੀਦਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੀਪ ਸਿੰਘ ਖੁਣ ਖੁਣ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਲਈ ਕੋਮਲ ਮਿੱਤਲ ਡੀ ਸੀ ਹੁਸ਼ਿਆਰਪੁਰ ਰਾਹੀਂ ਯਾਦ ਪੱਤਰ ਦੇਣ ਸਮੇਂ ਕੀਤਾ। ਉਹਨਾਂ ਪਿਛਲੀਆਂ ਸਾਰੀਆਂ ਸਰਕਾਰਾਂ ਵਲੋਂ ਸਮੇਂ ਸਿਰ ਐਸਜੀਪੀਸੀ ਦੀਆਂ ਚੋਣਾਂ ਨਾ ਕਰਾਉਣ ਦੀ ਸਖਤ ਨਖੇਧੀ ਕੀਤੀ। ਇਸ ਸਮੇਂ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਰਨਲ ਸਕੱਤਰ ਨੇ ਕਿਹਾ ਕਿ ਪਿਛਲੇ ਸਮੇਂ 2011 ਵਿੱਚ ਚੋਣਾਂ ਹੋਈਆਂ ਸਨ ਤੇ ਉਸ ਦੀ ਮਿਆਦ 2016 ਵਿੱਚ ਖਤਮ ਹੋ ਚੁੱਕੀ ਹੈ। ਇਸ ਸਮੇਂ ਹਰਪ੍ਰੀਤ ਸਿੰਘ ਲਾਲੀ, ਕਰਨੈਲ ਸਿੰਘ ਲਵਲੀ, ਸੁਖਦੇਵ ਸਿੰਘ ਕਾਹਰੀ, ਮੌਲਵੀ ਖਲੀਲ ਅਹਿਮਦ ਤੇ ਸਿਮਰਜੀਤ ਸਿੰਘ ਸਿਮਾ ਆਦਿ ਹਾਜਰ ਸਨ।

# ਏ ਜੀ ਆਈ ਗਲੋਬਲ ਸਕੂਲ 'ਚ ਰਾਸ਼ਟਰੀ ਏਕਤਾ ਦਿਵਸ ਮਨਾਇਆ



**ਜਲੰਧਰ ( ਰਾਜੇਸ਼ ਥਾਪਾ )** ਰਾਸ਼ਟਰੀ ਏਕਤਾ ਦਿਵਸ ਜਲੰਧਰ ਹਾਈਟਸ 2, ਅਰਬਾਨਾ 66 ਫੁੱਟ ਰੋਡ, ਜਲੰਧਰ ਵਿਖੇ ਸਥਿਤ ਸਭ ਤੋਂ ਆਧੁਨਿਕ ਏਜੀਆਈ ਗਲੋਬਲ ਸਕੂਲ ਵਿੱਚ ਮਨਾਇਆ ਗਿਆ। ਸਕੂਲ ਦੇ ਬੱਚਿਆਂ ਨੇ ਆਪਣੇ ਅਧਿਆਪਕਾਂ ਵੱਲੋਂ ਕਰਵਾਈਆਂ ਗਈਆਂ ਰਾਸ਼ਟਰੀ ਏਕਤਾ ਦੀਆਂ ਗਤੀਵਿਧੀਆਂ ਵਿੱਚ ਭਾਗ ਲਿਆ। ਅਧਿਆਪਕਾਂ ਨੇ ਦੇਸ਼ ਭਗਤ ਨਾਇਕਾਂ ਦੀ ਭੂਮਿਕਾ ਬਾਰੇ ਚਾਨਣਾ ਪਾਇਆ ਜਿੰਨ੍ਹਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਰਾਸ਼ਟਰੀ ਏਕਤਾ ਦਿਵਸ ਮਹੱਤਵਪੂਰਨ ਹੈ ਕਿਉਂਕਿ ਇਹ ਸਰਦਾਰ ਵੱਲਭਭਾਈ ਪਟੇਲ ਦੇ ਜਨਮ ਦਿਨ ਦੀ ਯਾਦ ਦਿਵਾਉਂਦਾ ਹੈ, ਭਾਰਤ ਦੀ ਆਜਾਦੀ ਦੇ ਸੰਘਰਸ਼ ਦੌਰਾਨ ਇੱਕ ਪ੍ਰਮੁੱਖ ਨੇਤਾ ਅਤੇ ਸੁਤੰਤਰ ਭਾਰਤ ਦੇ ਪਹਿਲੇ ਉਪ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ। ਇਸ ਦਿਵਸ ਦੇ ਜਸ਼ਨ ਦਾ ਉਦੇਸ਼ ਰਾਸ਼ਟਰ ਦੀ ਏਕਤਾ, ਅਖੰਡਤਾ ਅਤੇ ਸੁਰੱਖਿਆ ਨੂੰ ਉਤਸ਼ਾਹਿਤ ਕਰਨਾ ਅਤੇ ਸੁਰੱਖਿਅਤ ਰੱਖਣਾ ਹੈ, ਇਸਦੀ ਵਿਭਿੰਨ ਆਬਾਦੀ ਵਿਚਕਾਰ ਏਕਤਾ ਦੇ ਮਹੱਤਵ 'ਤੇ ਜੋਰ ਦੇਣਾ ਹੈ। ਸਰਦਾਰ ਪਟੇਲ ਦੇ ਯੋਗਦਾਨਾਂ ਦਾ ਸਨਮਾਨ ਕਰਨ ਅਤੇ ਭਾਰਤੀ ਲੋਕਾਂ ਵਿੱਚ ਏਕਤਾ ਅਤੇ ਸਦਭਾਵਨਾ ਦੀ ਭਾਵਨਾ ਨੂੰ ਪ੍ਰੇਰਿਤ ਕਰਨ ਲਈ ਦੇਸ਼ ਭਰ ਵਿੱਚ ਪਰੇਡਾਂ, ਮਾਰਚਾਂ ਅਤੇ ਵਿਚਾਰ-ਵਟਾਂਦਰੇ ਸਮੇਤ ਵੱਖ-ਵੱਖ ਸਮਾਗਮਾਂ ਅਤੇ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਂਦਾ ਹੈ। ਇਹ ਦਿਨ ਸ਼ਾਂਤੀ, ਸਦਭਾਵਨਾ ਅਤੇ ਏਕਤਾ ਵਿੱਚ ਮੌਜੂਦ ਤਾਕਤ ਦੇ ਮੁੱਲਾਂ ਦੀ ਯਾਦ ਦਿਵਾਉਂਦਾ ਹੈ, ਨਾਗਰਿਕਾਂ ਨੂੰ ਰਾਸ਼ਟਰ ਦੀ ਤਰੱਕੀ ਅਤੇ ਖੁਸ਼ਹਾਲੀ ਲਈ ਮਿਲ ਕੇ ਕੰਮ ਕਰਨ ਲਈ ਉਤਸ਼ਾਹਿਤ ਕਰਦਾ ਹੈ।

# ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ




**ਮੋਹਾਲੀ : -( ਗੁਰਜੀਤ ਬਿੱਲਾ)**- ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਸਿੱਖ ਪੰਥ ਦੀ ਮਹਾਨ ਸਖਸ਼ੀਅਤ ਅਤੇ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਪਹਿਲੇ ਮੁੱਖ ਗ੍ਰੰਥੀ ਬਾਬਾ ਬੁੱਢਾ ਜੀ ਦਾ ਜਨਮ ਦਿਹਾੜਾ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਪੂਰਵਕ ਮਨਾਇਆ ਗਿਆ । ਜਨਮ ਦਿਹਾੜੇ ਦੀ ਖੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਵਿਸ਼ੇਸ਼ ਗੁਮਰਤਿ ਸਮਾਗਮ ਦਾ ਆਯੋਜਨ ਕੀਤਾ ਗਿਆ । ਇਸ ਗੁਰਮਤਿ ਸਮਾਗਮ ਵਿੱਚ ਭਾਈ ਗੁਰਦੇਵ ਸਿੰਘ ਦੇ ਇੰਨਟਰਨੈਸ਼ਨਲ ਪੰਥਕ ਢਾਡੀ ਜੱਥੇ ਨੇ ਬ੍ਰਹਮ ਗਿਆਨੀ ਬਾਬਾ ਬੁੱਢਾ ਜੀ ਦਾ ਜੀਵਨ ਬ੍ਰਿਤਾਂਤ ਸੰਗਤਾਂ ਨੂੰ ਢਾਡੀ ਵਾਰਾਂ ਵਿੱਚ ਵਿਸਥਾਰ ਸਹਿਤ ਸੁਣਾਇਆ। ਉਨ੍ਹਾਂ ਦੱਸਿਆ ਕਿ ਬਾਬਾ ਬੁੱਢਾ ਜੀ ਨੂੰ 5 ਗੁਰੂ ਸਾਹਿਬਾਨ ਜੀ ਨੂੰ ਗੁਰਿਆਈ ਦਾ ਤਿਲਕ ਲਗਾਉਣ ਦਾ ਮਾਣ ਹਾਸਲ ਹੈ। ਭਾਈ ਗੁਰਬਖਸ਼ ਸਿੰਘ ਦੇ ਜੱਥੇ ਨੇ ਆਪਣੇ ਰਸਭਿੰਨੇ ਕੀਰਤਨ ਰਾਹੀ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਗੁਰਦੀਪ ਸਿੰਘ ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਪ੍ਰਵਚਨਾਂ ਰਾਹੀਂ ਦਸਿਆ ਕਿ ਬਾਬਾ ਬੁੱਢਾ ਜੀ ਨੇ ਮਾਤਾ ਗੰਗਾ ਜੀ ਨੂੰ ਪ੍ਰਤਾਪੀ ਪੁੱਤਰ ਹੋਣ ਦਾ ਵਰ ਦਿੱਤਾ ਅਤੇ ਲੰਗਰ ਛਕਦਿਆਂ ਹੋਇਆ ਗੰਢਾ ਭੰਨਦੇ ਹੋਏ ਬਚਨ ਕੀਤੇ ਕਿ ਜਿਵੇਂ ਇਹ ਗੰਢਾ ਭੰਨਿਆ ਹੈ, ਉਸੇ ਤਰ੍ਹਾਂ ਆਪ ਜੀ ਦਾ ਪੁੱਤਰ ਦੁਸ਼ਮਣਾਂ ਦੇ ਸਿਰ ਭੰਨੇਗਾ। ਆਪ ਜੀ ਦੇ ਬਚਨਾਂ ਅਨੁਸਾਰ ਮਾਤਾ ਗੰਗਾ ਜੀ ਦੀ ਕੁੱਖੋਂ ਛੇਵੇਂ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਜਨਮ ਹੋਇਆ। ਇਸ ਤੋਂ ਇਲਾਵਾ ਭਾਈ ਰਵਿੰਦਰ ਸਿੰਘ, ਸੁਖਮਨੀ ਸੇਵਾ ਸੁਸਾਇਟੀ ਦੀਆਂ ਬੀਬੀਆਂ, ਭਾਈ ਸੁਰਜੀਤ ਸਿੰਘ, ਸ਼ੇਰ ਏ ਪੰਜਾਬ ਕਵੀਸ਼ਰੀ ਜੱਥਾ, ਭਾਈ ਹਰਮਨਜੀਤ ਸਿੰਘ , ਭਾਈ ਸਰੂਪ ਸਿੰਘ, ਭਾਈ ਮਹਿੰਦਰਪਾਲ ਸਿੰਘ, ਬੀਬੀ ਹਰਜਿੰਦਰ ਕੌਰ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਨਿਤਿੰਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਸੰਦੀਪ ਸਿੰਘ ਅਤੇ ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ । ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਜਨਮ ਦਿਹਾੜੇ ਦੀ ਖੁਸ਼ੀ ਵਿੱਚ ਦਰਬਾਰ ਸਾਹਿਬ ਜੀ ਦੀ ਅੰਦਰੋਂ ਫੁੱਲਾਂ ਨਾਲ ਵਿਸ਼ੇਸ਼ ਸਜਾਵਟ ਕੀਤੀ ਗਈ ਸੀ । ਇਸ ਮੌਕੇ ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ । ਗੁਰੂ ਕਾ ਲੰਗਰ ਸੰਗਤਾਂ ਨੂੰ ਅਤੁੱਟ ਵਰਤਾਇਆ ਗਿਆ । ਪ੍ਰਬੰਧਕ ਕਮੇਟੀ ਦੇ ਬੁਲਾਰੇ ਨੇ ਇਸ ਮੌਕੇ ਤੇ ਦੱਸਿਆ ਕਿ ਆਉਣ ਵਾਲੀ ਮਿਤੀ 12 ਨਵੰਬਰ ਨੂੰ ਬੰਦੀ ਛੋੜ ਦਿਵਸ ਬੜੀ ਸ਼ਰਧਾ ਭਾਵਨਾ ਨਾਲ ਉਤਸ਼ਾਹ ਪੂਰਵਕ ਮਨਾਇਆ ਜਾਵੇਗਾ।

# ਡਾਕਖਾਨਾ ਸ੍ਰੀ ਚਮਕੌਰ ਸਾਹਿਬ ਵੱਲੋਂ ਮੈਗਾ ਕੈਂਪ




**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)** ਸੰਤ ਬਾਬਾ ਪਿਆਰਾ ਸਿੰਘ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਚਮਕੌਰ ਸਾਹਿਬ ਵਿਖੇ ਸੀਨੀਅਰ ਸੁਪਰਡੈਂਟਸ ਆਫ ਪੋਸਟਆਫਿਸ ਚੰਡੀਗੜ੍ਹ ਡਵੀਜਨ ਹਰਜਿੰਦਰ ਸਿੰਘ ਭੱਟੀ ਜੀ ਦੀ ਅਗਵਾਈ ਵਿਚ ਡਾਕ ਮਹਿਕਮੇ ਵੱਲੋਂ ਇੱਕ ਮੈਗਾ ਕੈਂਪ ਲਗਾਇਆ ਗਿਆ। ਜਿਸ ਵਿੱਚ ਚੰਡੀਗੜ੍ਹ ਪੋਸਲ ਡਵਿਜਨ ਦੇ ਇੰਸਪੈਕਟਰ ਡਾ. ਐਚ ਐਸ ਗਿੱਲ ਨੇ ਡਾਕਖਾਨੇ ਦੀਆਂ ਵੱਖ-ਵੱਖ ਸਕੀਮਾ ਵਾਰੇ ਸਕੂਲ ਦੇ ਬੱਚਿਆਂ ਅਤੇ ਸਟਾਫ ਦੇ ਨਾਲ -ਨਾਲ ਆਏ ਹੋਏ ਮਹਿਮਾਨਾਂ ਨੂੰ ਵਿਸਥਾਰ ਵਿਚ ਜਾਣਕਾਰੀ ਦਿੱਤੀ। ਇਸ ਕੈਂਪ ਦੇ ਦੌਰਾਨ ਅਧਾਰ ਦਰੁਸਤ ਕਰਵਾਉਣ ਦਾ ਵਿਸੇਸ ਇਤਜਾਮ ਕੀਤਾ ਗਿਆ। ਸ੍ਰੀ ਚਮਕੌਰ ਸਾਹਿਬ ਦੇ ਲੋਕਾਂ ਨੇ ਕੈਂਪ ਦਾ ਲਾਭ ਲੈਂਦੇ ਹੋਏ ਡਾਕਖਾਨੇ

ਦੀਆਂ ਵੱਖ-ਵੱਖ ਸਕੀਮਾ ਦੇ ਖਾਤੇ ਖਲਵਾਏ ਗਏ। ਇਸ ਮੌਕੇ ਸਕੂਲ ਦੇ ਐਮ .ਡੀ ਸਰਦਾਰ ਜੁਝਾਰ ਸਿੰਘ ਗਰਚਾ ਨੇ ਸਕੂਲ ਵਿੱਚ ਫਲੈਟਲੀ ਕਲੱਬ ਵੀ ਖੁਲਵਾਇਆ। ਇਸ ਮੌਕੇ ਸਕੂਲ ਦੇ ਐਮ ਡੀ ਸਰਦਾਰ ਜੁਝਾਰ ਸਿੰਘ ਗਰਚਾ, ਵਿਸ਼ਾਲ, ਗੁਰਿੰਦਰ ਸਿੰਘ, ਜਸਵੀਰ ਕੌਰ ਅਤੇ ਇਹਨਾਂ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸਕੂਲ ਦੇ ਬੱਚੇ ਅਤੇ ਸਕੂਲ ਸਟਾਫ ਹਾਜ਼ਰ ਸਨ।

# ਪੁਰਾਣੀ ਪੈਨਸ਼ਨ ਬਹਾਲੀ ਲਈ 'ਤੋਹਫਾ ਯਾਦ ਦਿਵਾਊ' ਨਾਮ ਹੇਠ ਝੰਡਾ ਮਾਰਚ



ਸੰਗਰੂਰ (ਪ੍ਰਵੀਨ ਸਿੰਘ)-ਸੀ ਪੀ ਐੱਫ ਕਰਮਚਾਰੀ ਯੂਨੀਅਨ ਪੰਜਾਬ ਦੇ ਸੂਬਾ ਪ੍ਰਧਾਨ ਸੁਖਜੀਤ ਸਿੰਘ ਤੇ ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਢੰਡੇ ਦੀ ਅਗਵਾਈ ਵਿੱਚ ਸਮੁੱਚੇ ਪੰਜਾਬ ਦੇ ਵੱਖ-ਵੱਖ ਵਿਭਾਗਾਂ ਦੇ ਹਜ਼ਾਰਾਂ ਮੁਲਾਜ਼ਮਾਂ ਵੱਲੋਂ ਸੈਂਕੜੇ ਕਾਰਾਂ/ਮੋਟਰਸਾਈਕਲਾਂ ਤੇ ਐਕਟਿਵਾ ਉੱਤੇ ਸਵਾਰ ਹੋ ਕੇ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਲਈ 'ਤੋਹਫਾ ਯਾਦ ਦਿਵਾਊ' ਨਾਮ ਹੇਠ ਗੁਰਦੁਆਰਾ ਸ੍ਰੀ ਨਾਨਕੀਆਨਾ ਸਾਹਿਬ ਸੰਗਰੂਰ ਤੋਂ ਮੁੱਖ ਮੰਤਰੀ ਪੰਜਾਬ ਦੇ ਵਿਧਾਨ ਸਭਾ ਹਲਕਾ ਧੂਰੀ ਤੱਕ ਵਿਸ਼ਾਲ ਰੋਸ ਮਾਰਚ ਕੀਤਾ ਗਿਆ। ਇਸ ਰੋਸ ਮਾਰਚ ਵਿੱਚ ਸਮੁੱਚੇ ਸੂਬੇ 'ਚੋਂ ਵੱਖ-ਵੱਖ ਵਿਭਾਗਾਂ ਦੇ ਸਮੂਹ ਕੇਡਰਾਂ ਨਾਲ ਸਬੰਧਤ ਮੁਲਾਜ਼ਮ ਭਾਰੀ ਗਿਣਤੀ 'ਚ ਸ਼ਾਮਲ ਹੋਏ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੂਬਾ ਪ੍ਰਧਾਨ ਸੁਖਜੀਤ ਸਿੰਘ ਨੇ ਕਿਹਾ ਕਿ ਲੰਘੀ ਦਿਵਾਲੀ ਸਮੇਂ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਐਲਾਨ ਕੀਤਾ ਗਿਆ ਸੀ ਕਿ ਸੂਬੇ ਦੇ ਸਮੂਹ ਸਰਕਾਰੀ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰ ਦਿੱਤੀ ਗਈ ਹੈ, ਪਰ ਬੜੇ ਦੁੱਖ ਦੀ ਗੱਲ ਹੈ ਕਿ ਪਿਛਲੀ ਲੰਘੀ ਦਿਵਾਲੀ ਤੋਂ ਹੁਣ ਦੂਜੀ ਦਿਵਾਲੀ ਆਉਣ ਵਾਲੀ ਹੋ ਹੈ, ਪਰ ਪੰਜਾਬ ਸਰਕਾਰ ਵੱਲੋਂ ਪੁਰਾਣੀ ਪੈਨਸ਼ਨ ਸਕੀਮ ਦੀ ਬਹਾਲੀ ਸਬੰਧੀ ਕੋਈ ਵੀ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਗਿਆ।

ਜਥੇਬੰਦੀ ਨੇ ਸਪੱਸ਼ਟ ਕੀਤਾ ਕਿ ਜੇਕਰ ਸਰਕਾਰ ਵੱਲੋਂ 9 ਦਸੰਬਰ 2023 ਤੋਂ ਪਹਿਲਾਂ ਪਹਿਲਾਂ ਪੁਰਾਣੀ ਪੈਨਸ਼ਨ ਸਕੀਮ ਬਹਾਲ ਕਰਨ ਸਬੰਧੀ ਸਪੱਸ਼ਟ ਨੋਟੀਫਿਕੇਸ਼ਨ ਜਾਰੀ ਨਹੀਂ ਕੀਤਾ ਜਾਂਦਾ ਤਾਂ 10 ਦਸੰਬਰ 2023 ਨੂੰ ਸੂਬੇ ਦਾ ਸਮੁੱਚਾ ਮੁਲਾਜ਼ਮ ਵਰਗ ਮੋਹਾਲੀ 'ਚ ਸੂਬਾ ਪੱਧਰੀ ਰੈਲੀ ਕਰਕੇ ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਝੂਠੇ ਵਾਅਦੇ ਦਾ ਪਰਦਾਫਾਸ਼ ਕਰਨ ਲਈ ਮਜਬੂਰ ਹੋਵੇਗਾ।

ਇਸ ਮੌਕੇ ਅਮਨਦੀਪ ਸਿੰਘ ਸੂਬਾ ਖਜ਼ਾਨਚੀ, ਰਾਜਵੀਰ ਬਡਰੁੱਖਾਂ ਪ੍ਰਧਾਨ ਸੰਗਰੂਰ, ਧਰਮਿੰਦਰ ਸਿੰਘ ਹੀਰੇਵਾਲਾ, ਮਾਨਸਾ, ਗੁਰਮੇਲ ਸਿੰਘ ਵਿਰਕ, ਪਟਿਆਲਾ, ਸੰਦੀਪ ਭੰਮਕ ਲੁਧਿਆਣਾ, ਸੰਗਤ ਰਾਮ ਕਪੂਰਥਲਾ, ਦੀਦਾਰ ਸਿੰਘ ਛੋਕਰਾ ਮਲੇਰਕੋਟਲਾ, ਜਗਸੀਰ ਸਿੰਘ, ਫਿਰੋਜ਼ਪੁਰ, ਸੰਜੀਵ ਕੁਮਾਰ, ਰੋਪੜ, ਸੁਰਿੰਦਰਪਾਲ ਸਿੰਘ, ਫਤਹਿਗੜ੍ਹ ਸਾਹਿਬ, ਕਰਨ ਜੈਨ, ਹਰਜਿੰਦਰ ਸਿੰਘ ਪੰਨੂ ਸੂਬਾ ਪ੍ਰਧਾਨ ਈ.ਟੀ.ਯੂ., ਪੰਜਾਬ, ਗੁਰਪ੍ਰੀਤ ਸਿੰਘ ਪਨੇਸਰ ਪਟਿਆਲਾ ਆਦਿ ਸਾਥੀਆਂ ਸਮੇਤ ਸ਼ਾਮਲ ਹੋਏ।

# ਬਿਲਡਿੰਗ ਠੇਕੇਦਾਰ ਐਸੋ. ਵੱਲੋਂ ਵਿਸ਼ਵਕਰਮਾ ਦਿਵਸ ਦੀਆਂ ਤਿਆਰੀਆਂ ਮੁਕੰਮਲ



ਜਗਰਾਓਂ (ਅਮਿਤ ਖੰਨਾ)-ਜਗਤ ਗੁਰੂ ਬਾਬਾ ਵਿਸ਼ਵਕਰਮਾ ਜੀ ਦਾ ਜਨਮ ਦਿਹਾੜਾ ਮਨਾਉਣ ਲਈ ਜਗਰਾਉਂ ਦੀ ਬਿਲਡਿੰਗ ਠੇਕੇਦਾਰ ਐਸੋਸੀਏਸ਼ਨ ਨੇ ਗੁਰਦੁਆਰਾ ਰਾਮਗੜ੍ਹੀਆ ਵਿਖੇ ਇੱਕ ਮੀਟਿੰਗ ਕੀਤੀ ਗਈ। ਇਸ ਮੌਕੇ ਵਿਸ਼ਵਕਰਮਾ ਦਿਹਾੜਾ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਬੜੀ ਸ਼ਰਧਾ ਤੇ ਧੂਮਧਾਮ ਨਾਲ ਮਨਾਉਣ ਲਈ ਤਿਆਰੀਆਂ ਦੇ ਸਮਾਗਮ ਲਈ ਪੂਰਨ ਸਫਲਤਾ ਲਈ ਮੈਂਬਰਾਂ ਦੀਆਂ ਡਿਊਟੀਆਂ ਲਾ ਕੇ ਤਿਆਰੀਆਂ ਮੁਕੰਮਲ ਕਰ ਲਈਆਂ ਹਨ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਜਿੰਦਰਪਾਲ ਧੀਮਾਨ, ਸਰਪ੍ਰਸਤ ਕਸ਼ਮੀਰੀ ਲਾਲ, ਸੀਨੀਅਰ ਮੀਤ ਪ੍ਰਧਾਨ ਮੰਗਲ ਸਿੰਘ ਸਿੱਧੂ, ਗੁਰਮੇਲ ਸਿੰਘ ਢੁੱਡੀਕੇ ਨੇ ਦੱਸਿਆ ਕਿ ਬਾਬਾ ਵਿਸ਼ਵਕਰਮਾ ਜੀ ਦਾ ਆਗਮਨ ਦਿਹਾੜਾ 13 ਨਵੰਬਰ ਨੂੰ ਬੜੀ ਧੂਮਧਾਮ ਨਾਲ ਮਨਾਇਆ ਜਾ ਰਿਹਾ। ਇਸ ਮੌਕੇ ਪ੍ਰਧਾਨ ਜਿੰਦਰਪਾਲ ਧੀਮਾਨ, ਕਸ਼ਮੀਰੀ ਲਾਲ, ਪ੍ਰਿਤਪਾਲ ਸਿੰਘ ਮਾਨਕੂੰ, ਗੁਰਮੇਲ ਸਿੰਘ ਢੁੱਡੀਕੇ, ਕਰਮ ਸਿੰਘ ਜੰਗਦੇ, ਅਮਰਜੀਤ ਸਿੰਘ ਘਟੋੜੇ, ਮੰਗਲ ਸਿੰਘ ਸਿੱਧੂ, ਹਰਨੇਕ ਸਿੰਘ ਸੋਹੀ, ਜਸਪਾਲ ਸਿੰਘ ਕਲਿਆਣ, ਜਗਰੂਪ ਸਿੰਘ ਨੀਟਾ, ਸੁਖਦੇਵ ਸਿੰਘ ਘਟੋੜੇ, ਬਹਾਦੁਰ ਸਿੰਘ, ਜਗਰੂਪ ਸਿੰਘ, ਜਸਪਾਲ ਸਿੰਘ, ਮਨਦੀਪ ਸਿੰਘ ਮਨੀ, ਪ੍ਰੀਤਮ ਸਿੰਘ ਜੰਡੂ, ਸਤਪਾਲ ਸਿੰਘ ਮਲਕ, ਰਾਜਿੰਦਰ ਸਿੰਘ ਮਠਾੜੂ, ਪੱਪੂ ਯਾਦਵ, ਸੰਤੋਸ਼ ਕੁਮਾਰ, ਬਲਜੀਤ ਸਿੰਘ, ਰਾਜਾ ਸਿੰਘ, ਸੋਨੀ ਸਿੰਘ, ਕੁਲਦੀਪ ਸਿੰਘ, ਬੂਟਾ ਸਿੰਘ, ਪਰਮਜੀਤ ਸਿੰਘ, ਕਰਨੈਲ ਸਿੰਘ ਧੰਜਲ, ਹਰਜਿੰਦਰ ਸਿੰਘ, ਜਗਦੀਸ਼ ਸਿੰਘ ਦੀਸ਼ਾ, ਨਿਰਮਲ ਸਿੰਘ ਨਿਮਾ, ਸਤਨਾਮ ਸਿੰਘ, ਸੋਹਣ ਸਿੰਘ ਸੱਗੂ, ਅਮਰਦੀਪ ਸਿੰਘ, ਮਨਦੀਪ ਸਿੰਘ ਮਨੀ, ਤਰਲੋਚਨ ਸਿੰਘ ਸੀਹਰਾ, ਧਰਮ ਸਿੰਘ ਰਾਜੂ ਆਦਿ ਹਾਜ਼ਰ ਸਨ।

# ਭਾਜਪਾ ਦੇ ਰਾਜਕਾਲ 'ਚ ਦੇਸ਼ ਦੇ ਸਵੈਮਾਣ ਨੂੰ ਭਾਰੀ ਸੱਟ ਵੱਜੀ : ਮਹਿਬੂਬ ਅਲੀ



ਸਮਰਾਲਾ (ਸੁਰਜੀਤ ਸਿੰਘ)

ਪੰਜਾਬ ਵਿੱਚ ਰਾਜਨੀਤੀ ਤੇ ਸਮਾਜ ਨੂੰ ਨਵੀਂ ਦਿਸ਼ਾ ਦੇਣ ਹਿੱਤ ਅਤੇ ਸਮਾਜਵਾਦੀ ਪਾਰਟੀ ਦੀਆਂ ਨੀਤੀਆਂ ਨੂੰ ਪੰਜਾਬ ਦੇ ਜਨ-ਜਨ ਤੱਕ ਪਹੁੰਚਾਉਣ ਦੇ ਮਨਸੂਬੇ ਨੂੰ ਲੈ ਕੇ ਇੱਥੇ ਮਾਲਵਾ ਰਿਜ਼ੋਰਟ ਵਿੱਚ ਸਮਾਜਵਾਦੀ ਪਾਰਟੀ ਵੱਲੋਂ ਪਾਰਟੀ ਦੇ ਸੂਬਾ ਪ੍ਰਧਾਨ ਡਾ. ਸੋਹਨ ਲਾਲ ਬਲੱਗਣ ਦੀ ਰਹਿਨੁਮਾਈ ਵਿੱਚ ਪਾਰਟੀ ਦੀ ਸੂਬਾ ਪੱਧਰੀ ਮੀਟਿੰਗ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਵੱਖ ਵੱਖ ਜ਼ਿਲ੍ਹਿਆਂ ਤੋਂ ਪਾਰਟੀ ਵਰਕਰ ਤੇ ਆਗੂ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਉੱਤਰ ਪ੍ਰਦੇਸ ਤੋਂ ਸਮਾਜਵਾਦੀ ਪਾਰਟੀ ਦੇ ਉੱਘੇ ਆਗੂ ਸਾਬਕਾ ਕੈਬਨਿਟ ਮੰਤਰੀ ਤੇ ਮੌਜੂਦਾ ਵਿਧਾਇਕ ਜਨਾਬ ਮਹਿਬੂਬ ਅਲੀ ਉਚੇਚੇ ਤੌਰ 'ਤੇ ਪਹੁੰਚੇ।

ਉਨ੍ਹਾਂ ਹਾਜ਼ਰ ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਵਿੱਚ ਰਾਜਨੀਤੀ ਤੇ ਸਮਾਜ ਨੂੰ ਨਵੀਂ ਸੇਧ ਦੇਣ ਲਈ ਅਤੇ ਅਗਲੇ ਸਾਲ ਹੋਣ ਵਾਲੇ ਲੋਕ ਸਭਾ ਚੋਣਾਂ 'ਚ 'ਇੰਡੀਆ' ਨੂੰ ਮਜ਼ਬੂਤੀ ਦੇਣ ਲਈ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ। ਉਨ੍ਹਾ ਕਿਹਾ ਕਿ ਭਾਰਤੀ ਜਨਤਾ ਪਾਰਟੀ ਦੇ ਦਸ ਸਾਲ ਦੇ ਕਾਰਜਕਾਲ ਵਿੱਚ ਦੇਸ਼ ਦੀ ਰਾਜਨੀਤੀ ਤੇ ਅਰਥਚਾਰੇ ਵਿੱਚ ਭਾਰੀ ਨਿਘਾਰ ਆਇਆ ਹੈ। ਦੇਸ਼ ਦੇ ਵਿਕਾਸ, ਸਵੈਮਾਣ ਤੇ ਧਾਰਮਿਕ ਗਤੀਵਿਧੀਆਂ ਨੂੰ ਚੋਟ ਪਹੁੰਚੀ ਹੈ। ਭਾਜਪਾ ਤੇ ਆਰ ਐੱਸ ਐੱਸ ਨੇ ਦੇਸ਼ ਵਿੱਚ ਨਫਰਤ ਫੈਲਾਉਣ ਦੀ ਰਾਜਨੀਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦਸ ਸਾਲਾਂ ਵਿੱਚ ਛਲ ਤੇ ਬਲ ਦਾ ਨੰਗਾ ਨਾਚ ਦੇਸ਼ ਵਿੱਚ ਦੇਖਣ ਨੂੰ ਮਿਲਿਆ ਹੈ। ਵਿੱਦਿਆ ਦਾ ਬਾਜ਼ਾਰੀਕਰਨ ਕਰਕੇ ਦਲਿਤ ਤੇ ਘੱਟ ਗਿਣਤੀ ਬੱਚਿਆਂ ਤੋਂ ਕਲਮ ਖੋਹ ਲਈ ਹੈ। ਅਸਲ ਮੁੱਦਿਆਂ ਤੋਂ ਜਨਤਾ ਦਾ ਧਿਆਨ ਭਟਕਾਉਣ ਲਈ 'ਗੋਦੀ ਮੀਡੀਆ' ਰਾਹੀਂ ਸਿਰਫ ਹਿੰਦੂ-ਮੁਸਲਿਮ ਵਿਸ਼ੇ 'ਤੇ ਹੀ ਬਹਿਸ ਕਰਾਈ ਜਾਂਦੀ ਹੈ, ਜਿਸ ਨਾਲ ਦੇਸ਼ ਵਿੱਚ ਨਫਰਤ ਦਾ ਮਾਹੌਲ ਬਣ ਗਿਆ ਹੈ। ਉਨ੍ਹਾ ਕਿਹਾ ਕਿ ਸਮਾਜਵਾਦੀ ਪਾਰਟੀ ਸਮਾਜਵਾਦ, ਲੋਕਤੰਤਰ ਤੇ ਧਰਮ ਨਿਰਪੇਖਤਾ ਲਈ ਵਚਨਬੱਧ ਹੈ। ਉਨ੍ਹਾ ਕਿਹਾ ਕਿ ਸਮਾਜਵਾਦੀ ਪਾਰਟੀ ਕਿਸਾਨਾਂ, ਨੌਜਵਾਨਾਂ, ਆਦਿਵਾਸੀ, ਘੱਟ ਗਿਣਤੀ, ਦਲਿਤਾਂ ਦੇ ਭਵਿੱਖ ਲਈ ਵਚਨਬੱਧ ਹੈ। ਭਾਜਪਾ ਸਰਕਾਰ ਸਮਾਨਤਾ ਮੂਲਕ ਸਮਾਜ ਦੀ ਭਾਵਨਾ ਨੂੰ ਖਤਮ ਕਰਕੇ ਸੰਵਿਧਾਨ ਨਿਰਮਾਤਾ ਡਾ. ਭੀਮ ਰਾਓ ਅੰਬੇਡਕਰ ਦਾ ਅਪਮਾਨ ਕਰ ਰਹੀ ਹੈ। ਉਨ੍ਹਾ ਕਿਹਾ ਕਿ ਭਾਰਤ ਵਿੱਚ ਜਾਤੀ ਇੱਕ ਸੱਚਾਈ ਹੈ ਤੇ ਜਾਤੀ ਅਧਾਰ 'ਤੇ ਜਨਗਣਨਾ ਨਾਲ ਹੀ ਓ ਬੀ ਸੀ ਨੂੰ ਉਨ੍ਹਾਂ ਦਾ ਬਣਦਾ ਹੱਕ ਮਿਲ ਸਕਦਾ ਹੈ।

ਉਨ੍ਹਾ ਦੋਸ਼ ਲਾਇਆ ਕਿ ਭਾਜਪਾ ਆਉਣ ਵਾਲੀਆਂ ਚੋਣਾਂ ਵੋਟਰਾਂ ਨੂੰ ਡਰਾ-ਧਮਕਾ ਤੇ ਸਰਕਾਰੀ ਸਾਧਨਾਂ ਦਾ ਦੁਰਉਪਯੋਗ ਕਰਕੇ ਜਿੱਤਣਾ ਚਾਹੁੰਦੀ ਹੈ। ਉਨ੍ਹਾ ਕਿਹਾ ਕਿ ਅੱਜ ਭਾਜਪਾ ਦੇ ਸ਼ਾਸਨ ਕਾਲ ਵਿੱਚ ਦੇਸ਼ ਦਾ ਹਰ ਵਰਗ ਦੁਖੀ ਹੈ। ਇਸ ਮੌਕੇ ਸਮਾਜਵਾਦੀ ਪਾਰਟੀ ਦੇ ਸੂਬਾ ਪ੍ਰਧਾਨ ਡਾ. ਸੋਹਨ ਲਾਲ ਬਲੱਗਣ ਤੇ ਕੁਲਦੀਪ ਭੁੱਲਰ ਨੇ ਵੀ ਪਾਰਟੀ ਕਾਰਜਕਰਤਾਵਾਂ ਨੂੰ ਸੰਬੋਧਨ ਕੀਤਾ।

## ਕਾਤਰਾਂ

### ਮੱਛੀ ਫੜਨ ਦੀ ਬੋਲੀ 7 ਨੂੰ

ਲੁਧਿਆਣਾ (ਰਾਜ ਸਿੰਗਲਾ)-ਉੱਪ ਮੰਡਲ ਅਫ਼ਸਰ ਵੱਲੋਂ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਸਿੱਧਵਾਂ ਨਹਿਰ ਉੱਪ ਮੰਡਲ ਲੁਧਿਆਣਾ ਅਧੀਨ ਪੈਂਦੀ ਸਿੱਧਵਾਂ ਬ੍ਰਾਂਚ ਨਹਿਰ 'ਤੇ ਮੱਛੀ ਫੜਨ ਦੀ ਬੋਲੀ 7 ਨਵੰਬਰ 2023 ਨੂੰ ਸਵੇਰੇ 11:00 ਵਜੇ ਕਰਵਾਈ ਜਾਵੇਗੀ। ਉਨ੍ਹਾ ਦੱਸਿਆ ਕਿ ਇਹ ਬੋਲੀ ਕਾਰਜਕਾਰੀ ਇੰਜੀਨੀਅਰ ਸਿੱਧਵਾਂ ਨਹਿਰ ਵੱਲੋਂ ਗਠਿਤ ਕੀਤੀ ਗਈ ਕਮੇਟੀ ਦੀ ਹਾਜ਼ਰੀ ਵਿੱਚ ਕੀਤੀ ਜਾਵੇਗੀ ਤੇ ਇਸ ਦੀ ਦੀ ਮਿਆਦ 01-11-2023 ਤੋਂ 31-10-2024 ਤੱਕ ਹੋਵੇਗੀ।

### ਸੀ ਪੀ ਆਈ (ਐੱਮ) ਵੱਲੋਂ ਸ਼ਹੀਦੀ ਕਾਨਫਰੰਸ 16 ਨੂੰ

ਰਾਮਪੁਰਾ ਫੂਲ (ਦਰਸ਼ਨ ਜਿੰਦਲ)-ਇਕ ਜਾਰੀ ਪ੍ਰੈੱਸ ਬਿਆਨ ਰਾਹੀਂ ਹਿੰਦ ਕਮਿਊਨਿਸਟ ਪਾਰਟੀ (ਮਾਰਕਸਵਾਦੀ) ਸੀ.ਪੀ.ਆਈ. (ਐੱਮ) ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਮਿੰਦਰ ਸਿੰਘ ਬਾਠ ਤੇ ਕਾਮਰੇਡ ਬਲਕਾਰ ਸਿੰਘ, ਕਾਮਰੇਡ ਦਰਸ਼ਨ ਸਿੰਘ ਪੈਸੀਆ, ਕਾਮਰੇਡ ਬਿੱਕਰ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੀ.ਪੀ.ਆਈ. (ਐੱਮ) ਵੱਲੋਂ ਗਦਰ ਲਹਿਰ ਦੇ ਪਹਿਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਤੇ ਉਸ ਦੇ ਸਾਥੀਆਂ ਦੀ ਸ਼ਹੀਦੀ ਕਾਨਫਰੰਸ 16 ਨਵੰਬਰ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਮਨਾਈ ਜਾ ਰਹੀ ਹੈ। ਇਸ ਕਾਨਫਰੰਸ ਨੂੰ ਸੀ.ਪੀ.ਆਈ. (ਐੱਮ) ਦੇ ਜਨਰਲ ਸਕੱਤਰ ਸੀਤਾ ਰਾਮ ਯੇਚੁਰੀ ਸੰਬੋਧਨ ਕਰਨਗੇ। ਇਸ ਕਾਨਫਰੰਸ ਨੂੰ ਲੈ ਕੇ ਸਾਥੀਆਂ ਵਿੱਚ ਭਾਰੀ ਉਤਸ਼ਾਹ ਹੈ। ਜ਼ਿਲ੍ਹਾ ਬਠਿੰਡਾ ਤੋਂ ਵੱਡੀ ਗਿਣਤੀ 'ਚ ਸਾਥੀ ਸ਼ਾਮਲ ਹੋਣਗੇ।

### ਵੋਟ ਬਣਾਉਣ ਲਈ ਕੈਂਪ ਅੱਜ ਤੇ ਭਲਕੇ

ਬਠਿੰਡਾ/ਸੰਗਤ ਮੰਡੀ (ਰਾਜਦੀਪ ਜੋਸ਼ੀ)-ਡਿਪਟੀ ਕਮਿਸ਼ਨਰ ਸ਼੍ਰੀ ਸ਼ੌਕਤ ਅਹਿਮਦ ਪਰੇ ਨੇ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਪ੍ਰਾਪਤ ਪ੍ਰੋਗਰਾਮ ਅਨੁਸਾਰ ਵੋਟਰ ਸੂਚੀ ਦੀ ਸਰਸਰੀ ਸੁਧਾਈ 1 ਜਨਵਰੀ 2024 ਦਾ ਕੰਮ ਸ਼ੁਰੂ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ 4 ਤੇ 5 ਨਵੰਬਰ 2023 ਅਤੇ 2 ਤੇ 3 ਦਸੰਬਰ 2023 ਨੂੰ ਪੋਲਿੰਗ ਬੂਥਾਂ 'ਤੇ ਸਪੈਸ਼ਲ ਕੈਂਪ ਲਗਾਏ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਲਗਾਏ ਜਾਣ ਵਾਲੇ ਇਨ੍ਹਾਂ ਸਪੈਸ਼ਲ ਕੈਂਪ ਵਾਲੇ ਦਿਨ ਬੀ.ਐਲ.ਓਜ਼ ਆਪਣੇ-ਆਪਣੇ ਬੂਥਾਂ 'ਤੇ ਹਾਜ਼ਰ ਰਹਿ ਕੇ ਦਾਅਵੇ ਤੇ ਇਤਰਾਜ਼ ਪ੍ਰਾਪਤ ਕਰਨਗੇ। ਦਾਅਵੇ/ਇਤਰਾਜ਼ ਭਾਰਤ ਚੋਣ ਕਮਿਸ਼ਨ ਦੇ ਪੋਰਟਲ ਵੋਟਰ ਸਰਵਿਸ ਪੋਰਟਲ ਤੇ ਵੋਟਰ ਹੈਲਪ ਲਾਇਨ ਐਪ ਰਾਹੀਂ ਆਨਲਾਈਨ ਭਰੇ ਜਾ ਸਕਦੇ ਹਨ। ਇਸ ਤੋਂ ਇਲਾਵਾ ਦਾਅਵੇ/ਇਤਰਾਜ਼ ਸਬੰਧਤ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਦੇ ਦਫਤਰ ਵਿਖੇ ਜਾਂ ਜ਼ਿਲ੍ਹਾ ਚੋਣ ਦਫਤਰ, ਬਠਿੰਡਾ ਵਿਖੇ ਦਸਤੀ ਜਾਂ ਡਾਕ ਦੁਆਰਾ ਵੀ ਦਿੱਤੇ ਜਾ ਸਕਦੇ ਹਨ।

### ਅੱਗ ਲਗਾਉਣ ਵਾਲੇ 23 ਕਿਸਾਨਾਂ ਦੀਆਂ ਕੀਤੀਆਂ ਰੈੱਡ ਐਂਟਰੀਆਂ, ਕੱਟੇ ਚਲਾਨ : ਡਿਪਟੀ ਕਮਿਸ਼ਨਰ

ਫਰੀਦਕੋਟ (ਐਲਿਗਜੈਂਡਰ ਡਿਸੂਜਾ)-ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਨਿਯਮਾਂ ਦੀ ਪਾਲਣਾ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਫਰੀਦਕੋਟ ਵੱਲੋਂ ਇਸ ਸਾਲ ਬਹੁਤ ਸਖਤੀ ਕੀਤੀ ਜਾ ਰਹੀ ਹੈ। ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਵਿਨੀਤ ਕੁਮਾਰ ਨੇ ਦੱਸਿਆ ਕਿ ਬਹੁਤ ਕਿਸਾਨ ਇਸ ਵਾਰ ਪਰਾਲੀ ਨੂੰ ਅੱਗ ਨਾ ਲਗਾ ਕੇ ਜ਼ਮੀਨ ਵਿੱਚ ਵਾਹ ਰਹੇ ਹਨ ਜਾਂ ਗੱਠਾਂ ਬਣਾ ਕੇ ਕਣਕ ਦੀ ਬਿਜਾਈ ਕਰ ਰਹੇ ਹਨ। ਪਰ ਕਈ ਕਿਸਾਨ ਅਜੇ ਤੱਕ ਵੀ ਨਹੀਂ ਸਮਝੇ। ਜ਼ਿਲ੍ਹੇ ਵਿੱਚ ਪਰਾਲੀ ਸਾਂਭਣ ਵਾਲੀਆਂ ਮਸ਼ੀਨਾਂ ਦੀ ਉਪਲਬਧਤਾ ਹੋਣ ਦੇ ਬਾਵਜੂਦ ਕੁਝ ਕਿਸਾਨ ਅੱਗ ਲਗਾ ਰਹੇ ਹਨ ਜੋ ਕਿ ਬਹੁਤ ਹੀ ਮਾੜਾ ਅਤੇ ਗੈਰ ਕਾਨੂੰਨੀ ਵਰਤਾਰਾ ਹੈ। ਉਨ੍ਹਾ ਦੱਸਿਆ ਕਿ ਅੱਜ ਤੱਕ ਅੱਗ ਲਗਾਉਣ ਵਾਲੇ 23 ਕਿਸਾਨਾਂ ਖਿਲਾਫ ਕਾਨੂੰਨੀ ਕਾਰਵਾਈ ਕਰਦਿਆਂ ਉਨ੍ਹਾਂ ਦੇ ਜ਼ਮੀਨੀ ਰਿਕਾਰਡ ਵਿੱਚ ਰੈਡ ਐਂਟਰੀ ਲਗਾਈ ਗਈ ਹੈ ਅਤੇ ਉਨ੍ਹਾਂ ਦੇ ਚਲਾਨ ਕੱਟ ਕੇ 2500 ਤੋਂ 25000 ਪ੍ਰਤੀ ਏਕੜ ਜੁਰਮਾਨੇ ਵੀ ਵਸੂਲੇ ਜਾ ਰਹੇ ਹਨ। ਡਿਪਟੀ ਕਮਿਸ਼ਨਰ ਵੱਲੋਂ ਅੱਗ ਲਗਾਉਣ ਵਾਲੇ ਕਿਸਾਨਾਂ ਨੂੰ ਸਖਤ ਹਦਾਇਤ ਕੀਤੀ ਹੈ ਕਿ ਉਹ ਇਹ ਗਲਤੀ ਨਾ ਕਰਨ। ਜ਼ਿਲ੍ਹੇ ਵਿੱਚ 20 ਕਲਸਟਰ ਅਫਸਰ, 70 ਨੋਡਲ ਅਫਸਰ, 35 ਜ਼ਿਲ੍ਹੇ ਦੇ ਪ੍ਰਮੁੱਖ ਅਧਿਕਾਰੀਆਂ ਦੀਆਂ ਡਿਊਟੀਆਂ ਅੱਗ ਲਗਾਉਣ ਵਾਲੇ ਕਿਸਾਨਾਂ ਖਿਲਾਫ ਬਣਦੀ ਕਾਰਵਾਈ ਕਰਨ ਲਈ ਲਗਾਈਆਂ ਗਈਆਂ ਹਨ। ਇਸ ਤੋਂ ਬਿਨਾਂ ਸੈਟੇਲਾਈਟ ਵੀ ਸਵੇਰੇ 9 ਤੋਂ ਸ਼ਾਮ 4 ਵਜੇ ਤੱਕ ਖੇਤਾਂ ਵਿੱਚ ਲੱਗੀ ਅੱਗ ਦੀ ਰਿਪੋਰਟ ਕਰ ਰਿਹਾ ਹੈ।

### ਤਿਉਹਾਰਾਂ ਦੇ ਮੱਦੇਨਜ਼ਰ ਸਰਹਿੰਦ ਤੋਂ ਸਹਾਰਸਾ ਵਿਚਾਲੇ ਚੱਲੇਗੀ ਸਪੈਸ਼ਲ ਰੇਲ ਗੱਡੀ

ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਤਿਉਹਾਰਾਂ ਦੇ ਸੀਜ਼ਨ ਦੇ ਮੱਦੇਨਜ਼ਰ ਰੇਲ ਯਾਤਰੀਆਂ ਦੀ ਸਹੂਲਤ ਲਈ ਉੱਤਰੀ ਰੇਲਵੇ ਵੱਲੋਂ ਇਤਿਹਾਸਕ ਸ਼ਹਿਰ ਸਰਹਿੰਦ ਤੋਂ ਸਹਾਰਸਾ ਵਿਚਾਲੇ ਸਪੈਸ਼ਲ ਰੇਲ ਗੱਡੀ ਚਲਾਉਣ ਦਾ ਫੈਸਲਾ ਲਿਆ ਗਿਆ ਹੈ। ਉੱਤਰੀ ਰੇਲਵੇ ਦੀ ਅੰਬਾਲਾ ਡਵੀਜ਼ਨ ਦੇ ਸੀਨੀਅਰ ਡਵੀਜ਼ਨਲ ਕਮਰਸ਼ੀਅਲ ਮੈਨੇਜਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ 8 ਨਵੰਬਰ, 11 ਨਵੰਬਰ, 14 ਨਵੰਬਰ ਅਤੇ 17 ਨਵੰਬਰ ਨੂੰ ਰਿਜ਼ਰਵਡ ਤਿਉਹਾਰ ਸਪੈਸ਼ਲ ਐਕਸਪ੍ਰੈੱਸ ਰੇਲ ਗੱਡੀ ਨੰਬਰ 04526 ਸਰਹਿੰਦ ਤੋਂ ਸਹਾਰਸਾ ਨੂੰ ਜਾਵੇਗੀ ਤੇ ਇਸੇ ਰੂਟ 'ਤੇ 04525 ਨੰਬਰ ਸਪੈਸ਼ਲ ਰੇਲ ਗੱਡੀ 9 ਨਵੰਬਰ, 12 ਨਵੰਬਰ, 15 ਨਵੰਬਰ ਅਤੇ 18 ਨਵੰਬਰ ਨੂੰ ਸਰਹਿੰਦ ਤੋਂ ਅੰਬਾਲਾ ਕੈਂਟ ਨੂੰ ਜਾਵੇਗੀ।

ਉਨਾਂ ਦੱਸਿਆ ਕਿ ਇਸ ਸਪੈਸ਼ਲ ਰੇਲ ਗੱਡੀ 'ਚ ਨੌਂ ਡੱਬੇ ਸਲੀਪਰ ਕਲਾਸ, ਇੱਕ ਡੱਬਾ ਏ.ਸੀ. 3 ਟਾਇਰ, ਨੌਂ ਡੱਬੇ ਸਾਧਾਰਨ ਸ਼੍ਰੇਣੀ ਅਤੇ ਇੱਕ ਡੱਬਾ ਐਸ.ਐਲ.ਆਰ ਹੋਵੇਗਾ ਤੇ ਇਸ ਰੇਲ ਗੱਡੀ ਵਿੱਚ ਸਫਰ ਕਰਨ ਲਈ ਯਾਤਰੀ ਰਿਜਰਵੇਸ਼ਨ ਰਾਹੀਂ ਵੀ ਆਪਣਾ ਸੀਟ ਬੁੱਕ ਕਰਵਾ ਸਕਦੇ ਹਨ।

# ਪਰਵਿੰਦਰ ਜੌੜਾ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੇ ਜ਼ਿਲ੍ਹਾ ਕਨਵੀਨਰ ਬਣੇ



ਲਹਿਰਾ ਮੁਹੱਬਤ (ਪੱਤਰ ਪ੍ਰੇਰਕ)-ਸੀਨੀਅਰ ਪੱਤਰਕਾਰ ਪਰਵਿੰਦਰ ਸਿੰਘ ਜੌੜਾ ਨੂੰ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਜ਼ਿਲ੍ਹਾ ਬਠਿੰਡਾ ਦਾ ਕਨਵੀਨਰ ਚੁਣਿਆ ਗਿਆ ਹੈ। ਜ਼ਿਲ੍ਹੇ ਨਾਲ ਸਬੰਧਤ ਪੱਤਰਕਾਰਾਂ ਦੀ ਟੋਲ ਪਲਾਜ਼ਾ ਲਹਿਰਾ ਬੇਗਾ ਨਜ਼ਦੀਕ ਇੱਕ ਰੈਸਤਰਾਂ 'ਚ ਹੋਈ ਮੀਟਿੰਗ ਵਿੱਚ ਇੰਡੀਅਨ ਜਰਨਲਿਸਟ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਬਲਵਿੰਦਰ ਸਿੰਘ ਜੰਮੂ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਨਾਲ ਸੂਬਾ ਕਮੇਟੀ ਮੈਂਬਰ ਸੰਤੋਖ ਸਿੰਘ ਗਿੱਲ, ਲੁਧਿਆਣਾ ਜ਼ਿਲ੍ਹੇ ਦੇ ਆਗੂ ਕੰਵਰਪਾਲ ਸਿੰਘ ਅਤੇ ਮਨਦੀਪ ਸਿੰਘ ਹਲਵਾਰਾ ਵੀ ਹਾਜ਼ਰ ਸਨ। ਇਸ ਮੌਕੇ ਕੌਮੀ ਜਨਰਲ ਸਕੱਤਰ ਬਲਵਿੰਦਰ ਸਿੰਘ ਜੰਮੂ ਨੇ ਇੰਡੀਅਨ ਜਰਨਲਿਸਟ ਯੂਨੀਅਨ ਦੀਆ ਗਤੀਵਿਧੀਆਂ, ਕਾਰਗੁਜ਼ਾਰੀਆਂ ਅਤੇ ਪ੍ਰਾਪਤੀਆਂ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਮੀਡੀਆ ਦੇ ਦਮ 'ਤੇ ਆਪਣੀ ਭੱਲ ਬਣਾਉਣ ਵਾਲੀਆਂ ਸੂਬਾਈ ਤੇ ਕੇਂਦਰੀ ਸਰਕਾਰਾਂ ਨੇ ਮੀਡੀਆ ਕਰਮੀਆਂ ਨੂੰ ਅਣਗੌਲਿਆਂ ਕਰੀ ਰੱਖਿਆ ਹੈ। ਉਨ੍ਹਾਂ ਕਿਹਾ ਕਿ ਕੋਰੋਨਾ ਕਾਲ ਦੌਰਾਨ ਕੇਂਦਰ ਦੀ ਮੋਦੀ ਹਕੂਮਤ ਨੇ ਮੀਡੀਆ ਕਰਮੀਆਂ ਨੂੰ ਕੋਰੋਨਾ ਯੋਧੇ ਐਲਾਨਿਆ ਸੀ ਪ੍ਰੰਤੂ ਕੋਰੋਨਾ ਸਮੇਂ ਜਾਨਾਂ ਗੁਆਉਣ ਵਾਲੇ ਕਿਸੇ ਵੀ ਪੱਤਰਕਾਰ ਨੂੰ ਕੋਰੋਨਾ ਯੋਧਿਆਂ ਵਾਂਗ ਕੋਈ ਸਹੂਲਤ ਜਾਂ ਵਿੱਤੀ ਸਹਾਇਤਾ ਨਹੀਂ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਮਾਨਤਾ ਪ੍ਰਾਪਤ ਪੱਤਰਕਾਰਾਂ ਦੇ ਪੀਲੇ ਕਾਰਡ ਖਤਮ ਕਰਨ 'ਤੇ ਤੁਲੀ ਹੋਈ ਹੈ ਅਤੇ ਧਰਾਤਲੀ ਪੱਧਰ 'ਤੇ ਕੰਮ ਕਰਨ ਵਾਲੇ ਪੱਤਰਕਾਰਾਂ ਨੂੰ ਬਣਦੀਆਂ ਸਹੂਲਤਾਂ ਦੇਣ ਤੋਂ ਕੰਨੀ ਕਤਰਾਅ ਰਹੀ ਹੈ। ਜਦੋਂ ਕਿ ਗੁਆਂਢੀ ਰਾਜ ਹਰਿਆਣਾ ਵੱਲੋਂ ਪੱਤਰਕਾਰਾਂ ਨੂੰ 15 ਹਜ਼ਾਰ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਦੇਣ ਦਾ ਐਲਾਨ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਜਲਦੀ ਹੀ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਤੋਂ ਮੀਟਿੰਗ ਦਾ ਸਮਾਂ ਲੈ ਕੇ ਪੱਤਰਕਾਰਾਂ ਦੀਆ ਭਖਦੀਆਂ ਮੰਗਾਂ 'ਤੇ ਵਿਚਾਰ ਚਰਚਾ ਕੀਤੀ ਜਾਵੇਗੀ। ਇਸ ਮੌਕੇ ਸੀਨੀਅਰ ਪੱਤਰਕਾਰ ਸੰਤੋਖ ਗਿੱਲ ਨੇ ਵੀ ਸੰਬੋਧਨ ਕੀਤਾ। ਇਸੇ ਦੌਰਾਨ ਜ਼ਿਲ੍ਹਾ ਬਠਿੰਡਾ ਨਾਲ ਸਬੰਧਤ ਪੰਜਾਬ ਐਂਡ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ 15 ਮੈਂਬਰੀ ਐਡਹਾਕ ਕਮੇਟੀ ਬਣਾਈ ਗਈ, ਜਿਸ ਵਿੱਚ ਕਨਵੀਨਰ ਪਰਵਿੰਦਰ ਸਿੰਘ ਜੌੜਾ ਤੋਂ ਇਲਾਵਾ ਸੁਖਨੈਬ ਸਿੰਘ ਸਿੱਧੂ, ਸੁਰਜੀਤ ਸਿੰਘ ਬੱਜੋਆਣੀਆ, ਮਨੋਜ ਸ਼ਰਮਾ ਬਠਿੰਡਾ, ਕੁਲਦੀਪ ਮਤਵਾਲਾ, ਹਰਬੰਸ ਸਿੰਘ ਭੋਲਾ, ਭੀਮ ਸੈਨ ਹਦਵਾਰੀਆ, ਚਰਨਜੀਤ ਸਿੰਘ, ਹਰਮੇਲ ਸਾਗਰ, ਗੁਰਮੀਤ ਸਿੰਘ ਸੇਮਾ, ਗੁਰਬਿੰਦਰ ਸੋਨੂੰ, ਮੋਹਨ ਸਿੰਘ ਖਾਲਸਾ, ਰਾਜਵਿੰਦਰ ਸਿੰਘ ਰੰਗੀਲਾ, ਮਨਿੰਦਰ ਸਿੰਘ ਸਿੱਧੂ ਅਤੇ ਰਾਮ ਸਿੰਘ ਕਲਿਆਣ ਨੂੰ ਕਾਰਜਕਾਰੀ ਮੈਂਬਰ ਚੁਣਿਆ ਗਿਆ।

# ਐਲਮਕ ਇਲੈਕਟ੍ਰਿਕ ਕੰਪਨੀ ਵੱਲੋਂ ਡੀਲਰ ਮੀਟਿੰਗ



ਮਹਿਲ ਕਲਾਂ (ਬਲਵਿੰਦਰ ਵਜੀਦਕੇ)-ਬੀਤੇ ਦਿਨੀਂ ਐਲਮਕ ਇਲੈਕਟ੍ਰਿਕ ਕੰਪਨੀ ਮੁੰਬਈ ਤੇ ਦਿੱਲੀ ਇਲੈਕਟ੍ਰਿਕ ਸਟੋਰ ਬਰਨਾਲਾ ਦੇ ਸਹਿਯੋਗ ਨਾਲ ਪੰਜਾਬ ਦੇ ਬਿਜਲੀ ਸਾਮਾਨ ਦੇ ਡੀਲਰ ਤੇ ਆਰਕੀਟੈਕਟਾਂ ਨਾਲ ਬਰਨਾਲਾ ਦੇ ਇੱਕ ਨਿੱਜੀ ਹੋਟਲ ਵਿੱਚ ਡੀਲਰ ਮੀਟਿੰਗ ਕਰਾਈ ਗਈ, ਜਿਸ ਵਿੱਚ ਕੰਪਨੀ ਨੇ ਆਪਣੇ ਪ੍ਰੋਡਕਟਾਂ ਬਾਰੇ ਜਾਣਕਾਰੀ ਦਿੱਤੀ। ਇਸ ਮੀਟਿੰਗ ਵਿੱਚ 100 ਤੋਂ ਵੱਧ ਡੀਲਰ ਹਾਜ਼ਰ ਹੋਏ। ਇਸ ਮੀਟਿੰਗ ਵਿੱਚ ਕੰਪਨੀ ਵੱਲੋਂ + ਸਵਿੱਚ ਤੇ ਸਵਿੱਚ ਨੂੰ ਪੇਸ਼ ਕੀਤਾ ਗਿਆ, ਜਿਸ ਦੀ ਕੁਆਲਿਟੀ ਹੈਵੀ ਡਿਊਟੀ ਤੇ ਵਰਲਡ ਕਲਾਸ ਲੈਵਲ ਦੀ ਬਣਾਈ ਗਈ ਹੈ। ਡੀਲਰਾਂ ਨੂੰ ਐਲਮਕ ਦੇ ਪ੍ਰੋਡਕਟ ਬਹੁਤ ਪਸੰਦ ਆਏ।

ਮੀਟਿੰਗ ਤੋਂ ਬਾਅਦ ਸਭ ਨੇ ਡੀ ਜੇ ਤੇ ਡਿੰਨਰ ਦਾ ਆਨੰਦ ਲਿਆ। ਅੰਤ ਵਿੱਚ ਦਿੱਲੀ ਇਲੈਕਟ੍ਰਿਕ ਸਟੋਰ ਬਰਨਾਲਾ ਵੱਲੋਂ ਆਏ ਹੋਏ ਡੀਲਰਾਂ ਤੇ ਆਰਕੀਟੈਕਟਾਂ ਦਾ ਧੰਨਵਾਦ ਕੀਤਾ ਗਿਆ ਤੇ ਦੀਵਾਲੀ ਦੇ ਗਿਫ਼ਟ ਦੇ ਕੇ ਉਨ੍ਹਾਂ ਦਾ ਸਨਮਾਨ ਕੀਤਾ ਗਿਆ।

# ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਨੇ ਪੰਜਾਬ ਡੇਅ ਮਨਾਇਆ

**ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਜ਼ਰੂਰਤਮੰਦਾਂ ਦੀ ਮਦਦ ਲਈ ਅੱਗੇ ਆਉਣਾ ਚਾਹੀਦਾ : ਪ੍ਰੋ. ਬੀਰ**



ਨਾਭਾ (ਵਰਿੰਦਰ ਵਰਮਾ)-ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ ਮੁਨਸ਼ੀਆ ਮੁਹੱਲਾ (ਹਰੀਦਾਸ ਕਲੋਨੀ) ਨਾਭਾ ਵਿਖੇ ਸਕੂਲ ਸਟਾਫ ਦੀ ਮੰਗ ਅਨੁਸਾਰ 200 ਬੱਚਿਆਂ ਨੂੰ ਕਾਪੀਆਂ, ਪੈੱਨ, ਪੈਨਸਲ ਤੇ ਹੋਰ ਪੜ੍ਹਾਈ ਨਾਲ ਸਬੰਧਤ ਸਮੱਗਰੀ ਵੰਡੀ ਗਈ। ਇਸ ਮੌਕੇ ਸੁਸਾਇਟੀ ਦੇ ਸਰਪ੍ਰਸਤ ਪ੍ਰੋ: ਰਵਿੰਦਰ ਸਿੰਘ ਬੀਰ ਨੇ ਅੱਗੇ ਤੋਂ ਵੀ ਹਰ ਸੰਭਵ ਮਦਦ ਦੇਣ ਦੇ ਨਾਲ ਸਕੂਲ ਨੂੰ ਰੈਨੋਵੇਟ ਕਰਨ ਦਾ ਭਰੋਸਾ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਹਰ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਇਸ ਤਰ੍ਹਾਂ ਦੇ ਉਪਰਾਲੇ ਕਰਨੇ ਚਾਹੀਦੇ ਹਨ, ਤਾਂ ਕਿ ਕਿਸੇ ਦੀ ਮਦਦ ਕੀਤੀ ਜਾ ਸਕੇ। ਉਨ੍ਹਾਂ ਪੰਜਾਬ ਡੇਅ ਬਾਰੇ ਬੱਚਿਆਂ ਨੂੰ ਜਾਣਕਾਰੀ ਦਿੱਤੀ। ਇਸ ਸ਼ੁਭ ਮੌਕੇ ਸੁਸਾਇਟੀ ਦੇ ਜਨਰਲ ਸਕੱਤਰ ਸ. ਅਮਰ ਸਿੰਘ ਟੋਡਰਵਾਲ ਨੇ ਸੁਸਾਇਟੀ ਵੱਲੋਂ ਲੋਕ ਭਲਾਈ ਹਿਤ ਕੀਤੇ ਜਾ ਰਹੇ ਕੰਮਾਂ ਬਾਰੇ ਵਿਸਥਾਰ ਨਾਲ ਦੱਸਿਆ। ਇਸ ਮੌਕੇ ਸੁਸਾਇਟੀ ਦੇ ਖਾਸ ਅਹੁਦੇਦਾਰ ਗੁਰਮੁੱਖ ਸਿੰਘ ਤੂੰਗਾਂ ਕੈਸ਼ੀਅਰ, ਦਲਵੀਰ ਸਿੰਘ ਛੀਟਾਂਵਾਲਾ (ਜਸਪਾਲ ਕਲੋਨੀ ਨਾਭਾ) ਸਟੇਜ ਸਕੱਤਰ, ਜਸਵੀਰ ਸਿੰਘ (ਜੈਮਲ ਕਲੋਨੀ) ਸਾਬਕਾ ਫੌਜੀ ਸਕੱਤਰ, ਬਲਕਾਰ ਸਿੰਘ ਰੈਸਲ (ਹਰੀਦਾਸ ਕਲੋਨੀ) ਤੇ ਸਕੂਲ ਦਾ ਸਮੂਹ ਸਟਾਫ, ਇੰਚਾਰਜ ਆਸ਼ਾ ਰਾਣੀ, ਬਲਜਿੰਦਰ ਕੌਰ, ਦਲਜੀਤ ਕੌਰ, ਮਲਕੀਤ ਕੌਰ, ਹਰਮਿਲਨਜੋਤ ਕੌਰ ਆਦਿ ਹਾਜ਼ਰ ਸਨ। ਅੰਤ ਵਿੱਚ ਸਕੂਲ ਦੇ ਇੰਚਾਰਜ ਆਸ਼ਾ ਰਾਣੀ ਨੇ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਨਾਭਾ ਦੇ ਕੰਮਾਂ ਦੀ ਸ਼ਲਾਘਾ ਕੀਤੀ ਤੇ ਪ੍ਰੋ: ਰਵਿੰਦਰ ਸਿੰਘ ਬੀਰ ਤੇ ਸੁਸਾਇਟੀ ਦਾ ਧੰਨਵਾਦ ਕੀਤਾ।

# ਬਹਿਸ ਦੌਰਾਨ ਪੰਜਾਬ 'ਚ ਹੁਣ ਤੀਕ ਚੱਲੇ ਲੁੱਟਤੰਤਰ ਦਾ ਨੰਗਾ ਚਿਹਰਾ ਸਭ ਦੇ ਸਾਹਮਣੇ ਪੇਸ਼ ਕੀਤਾ : ਚੱਠਾ



ਧੂਰੀ (ਰਾਜੇਸ਼ਵਰ ਪਿੰਟੂ, ਬਿੰਨੀ ਗਰਗ)-ਆਮ ਆਦਮੀ ਪਾਰਟੀ ਟਰੇਡ ਵਿੰਗ ਦੇ ਸੂਬਾ ਸਕੱਤਰ ਸਤਿੰਦਰ ਸਿੰਘ ਚੱਠਾ ਨੇ ਐੱਸ.ਵਾਈ.ਐੱਲ. ਦੇ ਸੰਜੀਦਾ ਮਸਲੇ ਉਤੇ 'ਮੈਂ ਪੰਜਾਬ ਬੋਲਦਾ ਹਾਂ' ਦੇ ਬੈਨਰ ਹੇਠ ਕਰਵਾਈ ਬਹਿਸ ਨੂੰ ਸਮੂਹਿਕ ਸੂਝ-ਬੂਝ (ਕੁਲੈਕਟਿਵ ਵਿਜ਼ਡਮ) ਬਣਾਉਣ ਵੱਲ ਵੱਡਾ ਕਦਮ ਦੱਸਿਆ, ਜਿਸ ਨਾਲ ਇਸ ਮਸਲੇ ਉਤੇ ਸੰਜੀਦਾ ਬਹਿਸ ਦੇ ਇਕ ਨਵੇਂ ਦੌਰ ਦੀ ਸ਼ੁਰੂਆਤ ਹੋਈ ਹੈ। ਉਨ੍ਹਾ ਕਿਹਾ ਕਿ ਇਹ ਬਹਿਸ ਐੱਸ.ਵਾਈ.ਐੱਲ. ਵਰਗੇ ਸੂਖਮ ਮਸਲੇ 'ਤੇ ਲੋਕਾਈ ਵਿੱਚ ਗੱਲਬਾਤ ਦੀ ਖੜੋਤ ਨੂੰ ਤੋੜਨ ਦਾ ਸਬੱਬ ਬਣੀ ਹੈ ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੰਜਾਬ 'ਚ ਹੁਣ ਤੀਕ ਚੱਲੇ ਲੁੱਟਤੰਤਰ ਦਾ ਨੰਗਾ ਚਿਹਰਾ ਸਭ ਦੇ ਸਾਹਮਣੇ ਪੇਸ਼ ਕੀਤਾ ਹੈ। ਉਨ੍ਹਾ ਕਿਹਾ ਕਿ ਭਗਵੰਤ ਸਿੰਘ ਮਾਨ ਨੂੰ ਸੁਣਦਿਆਂ ਇੰਝ ਲੱਗ ਰਿਹਾ ਸੀ, ਜਿਵੇਂ ਪੰਜਾਬ ਦੀ ਧਰਤੀ ਆਪਣਾ ਦਰਦ ਸੁਣਾ ਰਹੀ ਹੋਵੇ। ਉਨ੍ਹਾ ਕਿਹਾ ਕਿ ਇਹ ਬਹਿਸ ਇਕ ਸਾਰਥਿਕ ਸ਼ੁਰੂਆਤ ਹੈ, ਜਿਸ ਨੇ ਚਿਰਾਂ ਤੋਂ ਲਟਕ ਰਹੇ ਇਸ ਮਸਲੇ ਦੇ ਅਹਿਮ ਪਹਿਲੂ ਲੋਕਾਂ ਦੀ ਕਚਹਿਰੀ ਵਿੱਚ ਰੱਖੇ ਹਨ। ਉਨ੍ਹਾ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਧੁੰਦਲਾ ਸ਼ੀਸ਼ਾ ਸਾਫ ਕਰ ਵਿਖਾਇਆ ਹੈ। ਉਨ੍ਹਾ ਸਿਆਸੀ ਆਗੂਆਂ ਦੀ ਦੋਗਲੀ ਪਹੁੰਚ ਬਾਰੇ ਤੱਥ ਲੋਕਾਂ ਸਾਹਮਣੇ ਰੱਖੇ ਹਨ, ਜਿਸ ਨਾਲ ਸਾਰੀ ਸਥਿਤੀ ਸਪੱਸ਼ਟ ਹੋਣ ਦੀ ਦਿਸ਼ਾ ਵੱਲ ਗੱਲ ਤੁਰੀ ਹੈ। ਉਨ੍ਹਾ ਕਿਹਾ ਕਿ ਨਵ ਪੰਜਾਬ ਦਿਵਸ ਦੇ ਦਿਹਾੜੇ 'ਤੇ ਸੰਵਾਦ ਦੀ ਗੱਲ ਤੋਰਨੀ ਚੰਗੀ ਸ਼ੁਰੂਆਤ ਹੈ। ਇਹ ਗੱਲ ਅੱਗੇ ਤੁਰਨੀ ਚਾਹੀਦੀ ਹੈ ਤੇ ਵਿਰੋਧੀ ਧਿਰ ਨੂੰ ਟਲਣ ਦੀ ਥਾਂ ਸਹਿਯੋਗੀ ਰੋਲ ਅਦਾ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸਭ ਮਸਲਿਆਂ ਦੇ ਸਰਬਪੱਖੀ ਹੱਲ ਵਾਸਤੇ ਵਿਰੋਧੀ ਪਾਰਟੀਆਂ ਨੂੰ ਸਿਰ ਜੋੜਨਾ ਚਾਹੀਦਾ ਹੈ ਤੇ ਇਸ ਦਿਸ਼ਾ ਵਿੱਚ ਇਹ ਸਾਰਥਿਕ ਉਪਰਾਲਾ ਹੈ, ਜਿਸ ਨੇ ਚਿਰਾਂ ਤੋਂ ਰੁਕੀ ਹੋਈ ਗੱਲਬਾਤ ਨੂੰ ਸਹੀ ਦਿਸ਼ਾ ਵੱਲ ਮੋੜਾ ਦਿੱਤਾ ਹੈ। ਉਨ੍ਹਾ ਕਿਹਾ ਕਿ ਸ੍ਰ. ਮਾਨ ਨੇ ਆਪਣੀ ਪੇਸ਼ਕਾਰੀ ਰਾਹੀਂ ਸਾਬਿਤ ਕਰ ਦਿੱਤਾ ਹੈ ਕਿ ਇਮਾਨ ਨੂੰ ਹਾਜ਼ਰ-ਨਾਜ਼ਰ ਜਾਣ ਕੇ ਸੱਚ ਕਿਵੇਂ ਬੋਲਣਾ ਹੈ। ਮੁੱਖ ਮੰਤਰੀ ਨੇ ਕਈ ਅਹਿਮ ਮਸਲੇ ਲੋਕਾਂ ਦੀ ਕਚਹਿਰੀ ਵਿੱਚ ਰੱਖ ਕੇ ਸਿਆਸੀ ਆਗੂਆਂ ਵੱਲੋਂ ਪੰਜਾਬ ਨਾਲ ਕਮਾਏ ਧ੍ਰੋਹ ਤੋਂ ਜਾਣੂੰ ਕਰਵਾਇਆ ਹੈ।

### ਏ ਟੀ ਐਮ ਕਾਰਡ ਬਦਲ ਦੇ ਧੋਖਾਧੜੀ ਕਰਨ ਦੇ ਮਾਮਲੇ 'ਚ ਕੇਸ ਦਰਜ

ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)-ਫ਼ਤਿਹਗੜ੍ਹ ਸਾਹਿਬ ਵਿਖੇ ਏ.ਟੀ.ਐਮ. ਮਸ਼ੀਨ ਤੋਂ ਕਾਰਡ ਰਾਹੀਂ ਪੈਸੇ ਕਢਵਾਉਣ ਆਈ ਇੱਕ ਔਰਤ ਨਾਲ ਨਾਮਾਲੂਮ ਵਿਅਕਤੀਆਂ ਵੱਲੋਂ 99999 ਰੁਪਏ ਦੀ ਠੱਗੀ ਮਾਰੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਿਸ ਨੂੰ ਦਿੱਤੀ ਸ਼ਿਕਾਇਤ 'ਚ ਬਲਜੀਤ ਸਿੰਘ ਵਾਸੀ ਸਰਹਿੰਦ ਨੇ ਦੱਸਿਆ ਕਿ ਉਹ ਆਪਣੀ ਪਤਨੀ ਅਤੇ ਬੇਟੀ ਸਮੇਤ ਫ਼ਤਿਹਗੜ੍ਹ ਸਾਹਿਬ ਦੇ ਜੋਤੀ ਸਰੂਪ ਮੋੜ ਵਿਖੇ ਸਥਿਤ ਪੀ.ਐਨ.ਬੀ. ਬੈਂਕ ਦੀ ਬ੍ਰਾਂਚ ਵਿਖੇ ਗਿਆ ਸੀ ਜਿੱਥੇ ਲੱਗੀ ਏ.ਟੀ.ਐਮ. ਮਸ਼ੀਨ ਦੇ ਕੈਬਿਨ 'ਚੋਂ ਪੈਸੇ ਕਢਵਾ ਕੇ ਜਦੋਂ ਉਸ ਦੀ ਪਤਨੀ ਅਤੇ ਬੇਟੀ ਬਾਹਰ ਨਿਕਲਣ ਲੱਗੀਆਂ ਤਾਂ ਟਰਾਂਜ਼ੈਕਸ਼ਨ ਕੈਂਸਲ ਨਾ ਹੋਣ ਦੇ ਬਹਾਨੇ ਨਾਲ ਏ.ਟੀ.ਐਮ. ਵਿੱਚ ਖੜ੍ਹੇ 2 ਨਾਮਾਲੂਮ ਨੌਜਵਾਨਾਂ ਨੇ ਉਸ ਦੀ ਪਤਨੀ ਕੋਲੋਂ ਏ.ਟੀ.ਐਮ. ਕਾਰਡ ਲੈ ਕੇ ਚਲਾਕੀ ਨਾਲ ਬਦਲ ਦਿੱਤਾ ਜਿਸ ਤੋਂ ਬਾਅਦ ਉਹ ਆਪਣੇ ਘਰ ਚਲੇ ਗਏ, ਜਿੱਥੇ ਉਸ ਦੀ ਪਤਨੀ ਦੇ ਫੋਨ 'ਤੇ ਆਏ ਮੈਸੇਜਾਂ ਤੋਂ ਪਤਾ ਲੱਗਾ ਕਿ ਨਾਮਾਲੂਮ ਵਿਅਕਤੀਆਂ ਵੱਲੋਂ ਉਸ ਦੀ ਪਤਨੀ ਦੇ ਬੈਂਕ ਖਾਤੇ 'ਚੋਂ 99999 ਰੁਪਏ ਉਡਾ ਲਏ ਗਏ ਹਨ। ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਨਾਮਾਲੂਮ ਵਿਅਕਤੀਆਂ ਵਿਰੁੱਧ ਮੁਕੱਦਮਾ ਦਰਜ ਕਰਕੇ ਥਾਣਾ ਫ਼ਤਿਹਗੜ੍ਹ ਸਾਹਿਬ ਦੀ ਪੁਲਸ ਨੇ ਮਾਮਲੇ ਦੀ ਤਫਤੀਸ਼ ਸ਼ੁਰੂ ਕਰ ਦਿੱਤੀ ਹੈ।

# ਕਲਗੀਧਰ ਸਕੂਲ ਦੇ ਵਿਦਿਆਰਥੀਆਂ ਖੇਡਾਂ 'ਚ ਮਾਰੀਆਂ ਮੱਲਾਂ



ਨਾਭਾ (ਵਰਿੰਦਰ ਵਰਮਾ)-ਕਲਗੀਧਰ ਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਮੂੰਗੋ, ਜਿੱਥੇ ਆਪਣੇ ਸ਼ਾਨਦਾਰ ਨਤੀਜਿਆਂ ਨਾਲ ਇਲਾਕੇ ਦੀਆਂ ਸਿਰਮੌਰ ਸੰਸਥਾਵਾਂ ਵਿੱਚ ਸ਼ਾਮਲ ਹੈ, ਉੱਥੇ ਨਾਲ ਹੀ ਸਕੂਲ ਦੇ ਬੱਚਿਆਂ ਨੇ ਖੇਡਾਂ 'ਚ ਮਾਣਮੱਤੀਆਂ ਪ੍ਰਾਪਤੀਆਂ ਕੀਤੀਆਂ ਹਨ। ਸਕੂਲ ਦੀ ਵਾਲੀਬਾਲ ਟੀਮ ਨੇ ਭਾਦਸੋਂ ਜ਼ੋਨ ਅੰਡਰ-14 'ਚ ਲੜਕਿਆਂ ਤੇ ਲੜਕੀਆਂ ਨੇ ਪਹਿਲਾ ਸਥਾਨ, ਅੰਡਰ-17 'ਚ ਲੜਕਿਆਂ ਨੇ ਦੂਸਰਾ ਤੇ ਲੜਕੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ। ਪਟਿਆਲਾ ਸਹੋਦਿਆ ਸਕੂਲ ਕੰਪਲੈਕਸ ਵਿੱਚ ਅੰਡਰ-14 ਲੜਕਿਆਂ ਤੇ ਲੜਕੀਆਂ ਨੇ ਪਹਿਲਾ ਸਥਾਨ, ਅੰਡਰ-19 ਲੜਕਿਆਂ ਨੇ ਦੂਸਰਾ ਸਥਾਨ ਤੇ ਲੜਕੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ। ਪਟਿਆਲਾ ਜ਼ਿਲ੍ਹਾ ਅਧੀਨ ਅੰਡਰ-14 ਲੜਕਿਆਂ ਤੇ ਲੜਕੀਆਂ ਨੇ ਦੂਸਰਾ, ਅੰਡਰ-17 'ਚ ਲੜਕੀਆਂ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-19 'ਚ ਲੜਕੀਆਂ ਨੇ ਦੂਸਰਾ ਸਥਾਨ ਹਾਸਲ ਕੀਤਾ। ਸਟੇਟ ਲੈਵਲ 'ਚੋਂ ਅੰਡਰ-14 ਲੜਕੀਆਂ ਅਵਨੀਤ ਕੌਰ, ਸੁਖਮਨਪ੍ਰੀਤ ਕੌਰ ਤੇ ਮਹਿਕਪ੍ਰੀਤ ਕੌਰ ਦੇ ਨਾਲ-ਨਾਲ ਲੜਕਿਆਂ ਅਕਾਸ਼ਦੀਪ ਸਿੰਘ ਭੰਦੋਹਲ, ਪੰਕਜਦੀਪ ਸਿੰਘ ਤੇ ਹੀਰਿੰਦਰਵੀਰ ਸਿੰਘ ਨੇ ਤੀਸਰਾ ਸਥਾਨ ਹਾਸਲ ਕੀਤਾ। ਅੰਡਰ-19 ਦੇ ਲੜਕੇ ਮੁਹੰਮਦ ਸਰਫਰਾਜ਼ ਤੇ ਲੜਕੀਆਂ ਗੁਰਸਹਿਜਪ੍ਰੀਤ ਕੌਰ, ਪਰਨੀਤ ਕੌਰ ਤੇ ਮਹਿਕਪ੍ਰੀਤ ਕੌਰ ਨੇ ਦੂਸਰਾ ਸਥਾਨ ਹਾਸਲ ਕੀਤਾ। ਪੰਜਾਬ 'ਚ ਹੋਈਆਂ ਖੇਡਾਂ ਵਤਨ ਪੰਜਾਬ ਦੀਆਂ 'ਚ ਬਲਾਕ ਵਿੱਚੋਂ ਅੰਡਰ-14 ਲੜਕਿਆਂ ਤੇ ਲੜਕੀਆਂ ਨੇ ਪਹਿਲਾ ਸਥਾਨ, ਅੰਡਰ-17 ਲੜਕਿਆਂ ਨੇ ਦੂਸਰਾ ਤੇ ਲੜਕੀਆਂ ਨੇ ਤੀਸਰਾ ਸਥਾਨ ਪ੍ਰਾਪਤ ਕੀਤਾ। ਜ਼ਿਲ੍ਹੇ ਵਿੱਚੋਂ ਅੰਡਰ-14 ਲੜਕਿਆਂ ਨੇ ਤੀਸਰਾ ਤੇ ਲੜਕੀਆਂ ਅਵਨੀਤ ਕੌਰ, ਦਮਨੀਤ ਕੌਰ ਤੇ ਕਾਮਿਨੀ ਰਾਣੀ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ।

ਅੰਡਰ-17 ਲੜਕੇ ਤੇ ਲੜਕੀਆਂ ਨੇ ਵੀ ਖੇਡਾਂ ਵਤਨ ਪੰਜਾਬ ਦੀਆਂ ਵਾਲੀਬਾਲ ਮੁਕਾਬਲਿਆਂ 'ਚ ਭਾਗ ਲਿਆ। ਇਸ ਤੋਂ ਇਲਾਵਾ ਸੀ. ਬੀ. ਐੱਸ. ਈ. ਸਕੂਲਾਂ ਵਿਚਕਾਰ ਹੋਏ ਕਲੱਸਟਰ ਦੇ ਵਾਲੀਬਾਲ ਮੁਕਾਬਲਿਆਂ 'ਚ ਵੀ ਸਕੂਲ ਦੇ ਬੱਚਿਆਂ ਨੇ ਖੂਬ ਮੱਲਾਂ ਮਾਰੀਆਂ। ਇਨ੍ਹਾਂ ਬੱਚਿਆਂ ਦੀ ਜਿੱਤ ਕੇ ਆਉਣ ਦੀ ਖੁਸ਼ੀ ਵਿੱਚ ਪ੍ਰਿੰਸੀਪਲ ਗੁਰਦੀਪ ਕੌਰ ਨੇ ਨਿੱਘਾ ਸੁਆਗਤ ਕੀਤਾ ਤੇ ਨੈਸ਼ਨਲ ਲੈਵਲ 'ਤੇ ਸਿਲੈਕਟ ਹੋਣ ਦੀ ਵਧਾਈ ਵੀ ਦਿੱਤੀ। ਇਸ ਮੌਕੇ ਉਨ੍ਹਾਂ ਨੇ ਟੀਮ ਦੇ ਕੋਚ ਤੇ ਸਕੂਲ ਦੇ ਡੀ. ਪੀ. ਧਨਵੰਤ ਸਿੰਘ ਦੀ ਖੂਬ ਸ਼ਲਾਘਾ ਕੀਤੀ ਤੇ ਆਉਣ ਵਾਲੇ ਸਮੇਂ ਵਿੱਚ ਹੋਰ ਮਿਹਨਤ ਕਰਕੇ ਇਸੇ ਤਰ੍ਹਾਂ ਸਕੂਲ ਦਾ ਨਾਮ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ।

# ਪਰਾਲੀ ਸਾੜਨ ਵਾਲਿਆਂ ਦੇ ਚਲਾਨ ਕਰਕੇ 1.37 ਲੱਖ ਦਾ ਕੀਤਾ ਜੁਰਮਾਨਾ : ਡੀ ਸੀ

**ਪਰਾਲੀ ਨੂੰ ਅੱਗ ਲਾਉਣ ਵਾਲੇ ਕਿਸਾਨਾਂ ਦੀਆਂ ਜ਼ਮੀਨਾਂ ਦੀ ਜਮ੍ਹਾਂਬੰਦੀ 'ਤੇ ਲਾਲ ਐਂਟਰੀ ਕੀਤੀ ਦਰਜ**



ਮਾਨਸਾ (ਅਮਿਤ ਪਮਾਰ)-ਵਾਤਾਵਰਣ ਤੇ ਲੋਕਾਂ ਦੀ ਸਿਹਤ ਨੂੰ ਮੁੱਖ ਰੱਖਦਿਆਂ ਤੇ ਝੋਨੇ ਦੇ ਸੀਜ਼ਨ ਦੇ ਚਲਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕਿਸਾਨਾਂ ਨੂੰ ਜ਼ੀਰੋ ਬਰਨਿੰਗ ਦਾ ਸੱਦਾ ਦਿੱਤਾ ਗਿਆ ਹੈ। ਇਸ ਦੇ ਤਹਿਤ ਸਮੂਹ ਐੱਸ.ਡੀ.ਐਮਜ਼. ਨੂੰ ਨੋਡਲ ਅਫ਼ਸਰ ਨਿਯੁਕਤ ਕੀਤਾ ਗਿਆ ਹੈ, ਜਿਨ੍ਹਾਂ ਅਧੀਨ ਨਿਰੰਤਰ ਚੈਕਿੰਗ ਕੀਤੀ ਜਾ ਰਹੀ ਹੈ ਤੇ ਕਿਤੇ ਵੀ ਪਰਾਲੀ ਨੂੰ ਅੱਗ ਨਾ ਲਗਾਈ ਜਾਵੇ, ਇਸ ਗੱਲ ਨੂੰ ਯਕੀਨੀ ਬਣਾਉਣ 'ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਡਿਪਟੀ ਕਮਿਸ਼ਨਰ ਸ੍ਰੀ ਪਰਮਵੀਰ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਮਾਨਸਾ ਵਿਖੇ ਪਰਾਲੀ ਸਾੜਨ ਵਾਲੇ ਕਿਸਾਨਾਂ ਦੇ 46 ਚਲਾਨ ਕਰਕੇ 1 ਲੱਖ 37 ਹਜ਼ਾਰ ਰੁਪਏ ਦਾ ਜ਼ੁਰਮਾਨਾ ਕੀਤਾ ਗਿਆ ਹੈ ਤੇ ਇਨ੍ਹਾਂ ਕਿਸਾਨਾਂ ਦੀਆਂ ਜ਼ਮੀਨਾਂ ਦੀਆਂ ਜਮ੍ਹਾਂਬੰਦੀਆਂ 'ਚ ਲਾਲ ਐਂਟਰੀ ਵੀ ਦਰਜ ਕੀਤੀ ਗਈ ਹੈ। ਉਨਾ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਹੁਕਮਾਂ ਦੀ ਉਲੰਘਣਾ ਕਰਦਿਆਂ ਪਰਾਲੀ ਨੂੰ ਅੱਗ ਲਗਾਉਣ ਵਾਲਿਆਂ 'ਤੇ ਅੱਗੇ ਵੀ ਇਹ ਕਾਰਵਾਈ ਨਿਰੰਤਰ ਜਾਰੀ ਰਹੇਗੀ। ਡਿਪਟੀ ਕਮਿਸ਼ਨਰ ਨੇ ਪਿੰਡ ਹੀਰੋਂ ਕਲਾਂ ਵਿਖੇ ਪੰਚਾਇਤ ਨੂੰ ਸੰਬੋਧਨ ਕਰਦਿਆਂ ਫ਼ਸਲਾਂ ਦੀ ਰਹਿੰਦ-ਖੂਹੰਦ ਨੂੰ ਨਾ ਸਾੜਨ ਲਈ ਪ੍ਰੇਰਿਤ ਕੀਤਾ। ਉਨ੍ਹਾ ਦੱਸਿਆ ਕਿ ਪਰਾਲੀ ਤੇ ਰਹਿੰਦ-ਖੂਹੰਦ ਨੂੰ ਅੱਗ ਲਗਾਉਣ ਨਾਲ ਵਾਤਾਵਰਨ ਦਾ ਵੱਡੇ ਪੱਧਰ 'ਤੇ ਨੁਕਸਾਨ ਹੁੰਦਾ ਹੈ ਤੇ ਆਲੇ-ਦੁਆਲੇ ਦੇ ਲੋਕਾਂ ਨੂੰ ਮਾਰੂ ਬਿਮਾਰੀਆਂ ਦੇ ਅਸਰ ਹੇਠੋਂ ਲੰਘਣਾ ਪੈਂਦਾ ਹੈ। ਉਨ੍ਹਾ ਦੱਸਿਆ ਕਿ ਅੱਗ ਕਰਕੇ ਪੈਦਾ ਹੋਣ ਵਾਲੇ ਧੂੰਏਂ ਕਾਰਨ ਇੱਕ ਪਾਸੇ ਮਨੁੱਖੀ ਸਰੀਰ ਲਈ ਕਈ ਤਰ੍ਹਾਂ ਦੀਆਂ ਗੰਭੀਰ ਬਿਮਾਰੀਆਂ ਫ਼ੈਲਦੀਆਂ ਹਨ ਤੇ ਸਾਹ ਲੈਣਾ ਵੀ ਔਖਾ ਹੋ ਜਾਂਦਾ, ਜਦਕਿ ਦੂਸਰੇ ਪਾਸੇ ਜ਼ਮੀਨ 'ਚ ਮੌਜੂਦ ਮਿੱਤਰ ਕੀੜੇ ਤੇ ਹੋਰ ਉਪਜਾਊ ਤੱਤ ਵੀ ਨਸ਼ਟ ਹੋ ਜਾਂਦੇ ਹਨ। ਉਨ੍ਹਾ ਕਿਹਾ ਕਿ ਇਨ੍ਹਾਂ ਅਨੇਕ ਕਾਰਨਾਂ ਦੇ ਮੱਦੇਨਜ਼ਰ ਇਸ ਮਾੜੇ ਰੁਝਾਨ ਨੂੰ ਰੋਕਣਾ ਅਤਿ ਜ਼ਰੂਰੀ ਹੈ।

# ਬਾਬਾ ਫ਼ਰੀਦ ਕਾਲਜ ਵੱਲੋਂ ਰੁੱਖ ਲਗਾਉਣ ਤੇ ਸਫਾਈ ਕੈਂਪ



ਬਠਿੰਡਾ (ਪਰਵਿੰਦਰ ਜੀਤ ਸਿੰਘ)

ਬਾਬਾ ਫ਼ਰੀਦ ਕਾਲਜ ਦੇ ਐੱਨ. ਐੱਸ. ਐੱਸ. ਯੂਨਿਟ ਵੱਲੋਂ ਰੈੱਡ ਕਰਾਸ ਤੇ ਸੇਂਟ ਜੌਹਨ ਐਂਬੂਲੈਂਸ ਬਠਿੰਡਾ ਦੇ ਸਹਿਯੋਗ ਨਾਲ ਮਹੰਤ ਗੁਰਬੰਤਾ ਦਾਸ ਸਕੂਲ ਫ਼ਾਰ ਡੈੱਫ ਐਂਡ ਡੰਬ ਬਠਿੰਡਾ ਵਿਖੇ ਇੱਕ ਰੋਜ਼ਾ ਰੁੱਖ ਲਗਾਉਣ ਤੇ ਸਫਾਈ ਕੈਂਪ ਦਾ ਆਯੋਜਨ ਕੀਤਾ ਗਿਆ। ਇਸ ਕੈਂਪ ਵਿੱਚ ਬਾਬਾ ਫ਼ਰੀਦ ਕਾਲਜ ਦੇ ਵੱਖ-ਵੱਖ ਵਿਭਾਗਾਂ ਦੇ 62 ਵਿਦਿਆਰਥੀਆਂ ਨੇ ਵਧ ਚੜ੍ਹ ਕੇ ਭਾਗ ਲਿਆ। ਐੱਨ.ਐੱਸ.ਐੱਸ. ਕੋਆਰਡੀਨੇਟਰ ਮੈਡਮ ਸੁਖਜਿੰਦਰ ਕੌਰ ਨੇ ਸਾਰੇ ਭਾਗੀਦਾਰਾਂ ਨੂੰ ਇੱਕ ਜਗ੍ਹਾ ਇਕੱਠੇ ਕਰਕੇ ਆਮ ਬਿਮਾਰੀਆਂ ਤੇ ਆਮ ਸੁਰੱਖਿਆ ਬਾਰੇ ਸੰਖੇਪ ਭਾਸ਼ਣ ਦਿੱਤਾ ਅਤੇ ਉਨ੍ਹਾਂ ਨੂੰ ਹਦਾਇਤਾਂ ਦਿੱਤੀਆਂ ਕਿ ਬੋਲ਼ੇ ਤੇ ਗੂੰਗੇ ਲੋਕਾਂ ਨਾਲ ਕਿਵੇਂ ਨਜਿੱਠਣਾ ਹੈ।

ਇਸ ਤੋਂ ਬਾਅਦ ਵਲੰਟੀਅਰਾਂ ਨੇ ਅਧਿਆਪਨ ਸ਼ੈਲੀ ਦਾ ਨਿਰੀਖਣ ਕਰਨ ਤੇ ਵਿਦਿਆਰਥੀਆਂ ਨਾਲ ਗੱਲਬਾਤ ਕਰਨ ਲਈ ਕਲਾਸਾਂ ਦਾ ਦੌਰਾ ਕੀਤਾ, ਜਿਸ ਨਾਲ ਵਲੰਟੀਅਰਾਂ ਨੇ ਉਨ੍ਹਾਂ ਲਈ ਪਿਆਰ ਮਹਿਸੂਸ ਕੀਤਾ ਤੇ ਬਹੁਤ ਸਾਰੀਆਂ ਨਵੀਆਂ ਗੱਲਾਂ ਸਿੱਖੀਆਂ। ਸ਼ਹੀਦ ਭਗਤ ਸਿੰਘ, ਸ਼ਹੀਦ ਕਰਤਾਰ ਸਿੰਘ ਸਰਾਭਾ, ਸ਼ਹੀਦ ਊਧਮ ਸਿੰਘ, ਸ਼ਹੀਦ ਰਾਜਗੁਰੂ ਤੇ ਸ਼ਹੀਦ ਸੁਖਦੇਵ ਨਾਮ ਦੇ 5 ਗਰੁੱਪਾਂ ਵਿੱਚ ਸਾਰੇ ਵਲੰਟੀਅਰਾਂ ਨੇ ਵੱਖ-ਵੱਖ ਗਤੀਵਿਧੀਆਂ ਜਿਵੇਂ ਕਿ ਨਦੀਨਾਂ ਨੂੰ ਹਟਾਉਣਾ, ਮੈਦਾਨਾਂ ਦੀ ਸਫਾਈ, ਪੌਦੇ ਲਗਾਉਣਾ ਤੇ ਪੌਦਿਆਂ ਨੂੰ ਪਾਣੀ ਦੇਣਾ ਆਦਿ ਵਿੱਚ ਹਿੱਸਾ ਲਿਆ। ਇਸ ਉਪਰੰਤ ਹਰੇਕ ਗਰੁੱਪ ਨੇ ਸਕੂਲ ਦੇ ਵੱਖ-ਵੱਖ ਖੇਤਰਾਂ ਨੂੰ ਸਾਫ਼ ਕੀਤਾ।

ਐੱਨ.ਐੱਸ.ਐੱਸ. ਕੋਆਰਡੀਨੇਟਰ ਸ਼੍ਰੀਮਤੀ ਸੁਖਜਿੰਦਰ ਕੌਰ ਨੇ ਸਮੂਹ ਵਲੰਟੀਅਰਾਂ ਨੂੰ ਸਮਾਜ ਸੇਵਾ ਤੇ ਐੱਨ.ਐੱਸ.ਐੱਸ. ਦੀਆਂ ਸਾਰੀਆਂ ਗਤੀਵਿਧੀਆਂ 'ਚ ਵਧ ਚੜ੍ਹ ਕੇ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਕੋ-ਕੋਆਰਡੀਨੇਟਰ ਪੁਸ਼ਪਿੰਦਰ ਕੌਰ ਨੇ ਪ੍ਰੋਗਰਾਮ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਪੂਰਾ ਸਹਿਯੋਗ ਦਿੱਤਾ।

ਕੈਂਪ ਦੇ ਅੰਤ ਵਿੱਚ ਬੀ.ਐਫ.ਜੀ.ਆਈ. ਦੇ ਚੇਅਰਮੈਨ ਡਾ. ਗੁਰਮੀਤ ਸਿੰਘ ਧਾਲੀਵਾਲ ਤੇ ਬਾਬਾ ਫ਼ਰੀਦ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਮਨੀਸ਼ ਬਾਂਸਲ ਨੇ ਐੱਨ.ਐੱਸ.ਐੱਸ. ਯੂਨਿਟ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ।

# ਖੁਦ ਨੂੰ ਬਦਲ ਕੇ ਹੀ ਅਸੀਂ ਦੇਸ਼ ਤੇ ਸਮਾਜ ਨੂੰ ਸੇਧ ਦੇ ਸਕਦੇ ਹਾਂ : ਖੁਰਾਣਾ

ਬਠਿੰਡਾ (ਪਰਵਿੰਦਰਜੀਤ ਸਿੰਘ)-ਖੁਦ ਨੂੰ ਬਦਲ ਕੇ ਹੀ ਅਸੀਂ ਦੇਸ਼ ਤੇ ਸਮਾਜ ਨੂੰ ਸਹੀ ਸੇਧ ਦੇਣ ਦੇ ਨਾਲ-ਨਾਲ ਚੰਗੇ ਨਾਗਰਿਕ ਬਣ ਸਕਦੇ ਹਾਂ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾਂ ਐੱਸ ਐੱਸ ਪੀ ਸ੍ਰ. ਗੁਲਨੀਤ ਸਿੰਘ ਖੁਰਾਣਾ ਨੇ ਵਿਜੀਲੈਂਸ ਵਿਭਾਗ ਵੱਲੋਂ ਮਨਾਏ ਜਾ ਰਹੇ ਸਾਲਾਨਾ ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਸਪਤਾਹ ਦੌਰਾਨ ਸਥਾਨਕ ਮਾਲਵਾ ਕਾਲਜ ਵਿਖੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਉਪਰੰਤ ਕੀਤਾ। ਇਸ ਮੌਕੇ ਉਨ੍ਹਾ ਭ੍ਰਿਸ਼ਟਾਚਾਰ ਵਿਰੋਧੀ ਜਾਗਰੂਕਤਾ ਮੁਹਿੰਮ ਦੀ ਮਹੱਤਤਾ 'ਤੇ ਜ਼ੋਰ ਦਿੰਦਿਆਂ ਦੱਸਿਆ ਕਿ ਭ੍ਰਿਸ਼ਟਾਚਾਰ ਨੂੰ ਕਿਵੇਂ ਖਤਮ ਕੀਤਾ ਜਾ ਸਕਦਾ ਹੈ। ਉਨ੍ਹਾ ਕਿਹਾ ਕਿ ਸਾਨੂੰ ਸਭ ਤੋਂ ਪਹਿਲਾਂ ਆਪਣੇ ਆਪ ਬਦਲਣਾ ਤੇ ਆਪਣੀ ਆਤਮਾ ਦੀ ਆਵਾਜ਼ ਨੂੰ ਸੁਣਨਾ ਪਵੇਗਾ।

ਉਨ੍ਹਾ ਵਿਦਿਆਰਥੀਆਂ ਨੂੰ ਸੱਦਾ ਦਿੰਦਿਆਂ ਕਿਹਾ ਕਿ ਦੁਨੀਆ ਦੇਸ਼ ਤੇ ਸਮਾਜ ਵਿੱਚ ਤਬਦੀਲੀ ਲਿਆਉਣ ਲਈ ਉਹ ਆਪਣਾ ਇਸ ਮੁਹਿੰਮ ਵਿੱਚ ਵੱਡਮੁੱਲਾ ਯੋਗਦਾਨ ਪਾ ਸਕਦੇ ਹਨ। ਉਨ੍ਹਾ ਵਿਦਿਆਰਥੀਆਂ ਨੂੰ ਇਹ ਵੀ ਕਿਹਾ ਕਿ ਸਾਨੂੰ ਜ਼ਿੰਦਗੀ ਵਿੱਚ ਕਦੇ ਵੀ ਭ੍ਰਿਸ਼ਟਾਚਾਰ ਸਮੇਤ ਹੋਰ ਗਲਤ ਕੰਮ ਨਹੀਂ ਕਰਨਾ ਚਾਹੀਦਾ। ਉਨ੍ਹਾ ਕਿਹਾ ਕਿ ਸਾਨੂੰ ਆਪਣੇ ਕੰਮ-ਕਾਜ ਕਰਵਾਉਣ ਲਈ ਧੀਰਜ ਰੱਖਦਿਆਂ ਕਦੇ ਕਾਹਲ ਨਹੀਂ ਕਰਨੀ ਚਾਹੀਦੀ। ਇਸ ਤੋਂ ਪਹਿਲਾਂ ਵਿਜੀਲੈਂਸ ਬਠਿੰਡਾ ਰੇਂਜ ਦੇ ਐੱਸ.ਐੱਸ.ਪੀ. ਸ੍ਰ. ਹਰਪਾਲ ਸਿੰਘ ਨੇ ਮਨਾਏ ਜਾ ਰਹੇ ਭ੍ਰਿਸ਼ਟਾਚਾਰ ਵਿਰੋਧੀ ਸਪਤਾਹ ਬਾਰੇ ਚਾਨਣਾ ਪਾਉਂਦਿਆਂ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਯੋਗ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਭ੍ਰਿਸ਼ਟਾਚਾਰ ਖਿਲਾਫ਼ ਜ਼ੀਰੋ ਟਾਲਰੈਂਸ ਤਹਿਤ ਅਪਣਾਈ ਜਾ ਰਹੀ ਨੀਤੀ ਅਧੀਨ ਵਿਜੀਲੈਂਸ ਵਿਭਾਗ ਵੱਲੋਂ ਭ੍ਰਿਸ਼ਟਾਚਾਰ ਖਿਲਾਫ਼ ਵਿਸ਼ੇਸ਼ ਪਹਿਲਕਦਮੀਆਂ ਕੀਤੀਆਂ ਜਾ ਰਹੀਆਂ ਹਨ। ਉਨ੍ਹਾ ਕਿਹਾ ਕਿ ਹੁਣ ਤੱਕ ਵਿਭਾਗ ਵੱਲੋਂ ਬਠਿੰਡਾ ਰੇਂਜ 'ਚ 24 ਕੇਸਾਂ ਨੂੰ ਟਰੈਪ ਕਰਕੇ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾ ਚੁੱਕੀ ਹੈ। ਉਨ੍ਹਾਂ ਖਾਸ ਤੌਰ 'ਤੇ ਕਾਲਜ ਦੇ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਭ੍ਰਿਸ਼ਟਾਚਾਰ ਖਿਲਾਫ਼ ਚਲਾਈ ਮੁਹਿੰਮ ਵਿੱਚ ਆਪਣਾ ਵੱਡਮੁੱਲਾ ਯੋਗਦਾਨ ਪਾ ਕੇ ਭ੍ਰਿਸ਼ਟਾਚਾਰ ਦੇ ਖਾਤਮੇ ਲਈ ਸਹਾਈ ਸਿੱਧ ਹੋ ਸਕਦੇ ਹਨ।

ਇਸ ਤੋਂ ਪਹਿਲਾਂ ਵਧੀਕ ਡਿਪਟੀ ਕਮਿਸ਼ਨਰ ਜਨਰਲ ਮੈਡਮ ਪੂਨਮ ਸਿੰਘ, ਵਧੀਕ ਡਿਪਟੀ ਕਮਿਸ਼ਨਰ ਸ਼ਹਿਰੀ ਵਿਕਾਸ ਡਾ. ਮਨਦੀਪ ਕੌਰ, ਡੀਐੱਸਪੀ ਸੀਆਈਡੀ ਪਰਮਿੰਦਰ ਸਿੰਘ, ਕਾਲਜ ਦੇ ਡਿਪਟੀ ਡਾਇਰੈਕਟਰ ਮੈਡਮ ਸਰਬਜੀਤ ਕੌਰ ਢਿੱਲੋਂ ਨੇ ਵੀ ਭ੍ਰਿਸ਼ਟਾਚਾਰ ਦੀ ਹੋਂਦ ਤੇ ਇਸ ਦੇ ਖਾਤਮੇ ਲਈ ਵੱਡਮੁੱਲੀ ਜਾਣਕਾਰੀ ਸਾਂਝੀ ਕੀਤੀ।

# ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਸਕੂਲਾਂ 'ਚ ਜਾਗਰੂਕਤਾ ਕੈਂਪ



ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)

ਸਿਹਤ ਵਿਭਾਗ ਫਤਿਹਗੜ੍ਹ ਸਾਹਿਬ ਵੱਲੋਂ ਸਿਵਲ ਸਰਜਨ ਦਵਿੰਦਰਜੀਤ ਕੌਰ ਦੇ ਦਿਸ਼ਾ ਨਿਰਦੇਸ਼ਾਂ ਹੇਠ ਸੀਨੀਅਰ ਮੈਡੀਕਲ ਅਫਸਰ ਸੁਰਿੰਦਰ ਸਿੰਘ ਦੀ ਅਗਵਾਈ ਵਿੱਚ ਸੀ ਐਚ ਸੀ ਚਨਾਰਥਲ ਕਲਾਂ ਦੇ ਅਧੀਨ ਹਰ ਸ਼ੁੱਕਰਵਾਰ ਡੇਂਗੂ 'ਤੇ ਵਾਰ ਮੁਹਿੰਮ ਤਹਿਤ ਡੇਂਗੂ, ਮਲੇਰੀਆਂ ਪ੍ਰਤੀ ਸੁਚੇਤਤਾ ਮੁਹਿੰਮ ਵਿੱਢੀ ਗਈ ਹੈ, ਜਿਸ ਤਹਿਤ ਅੱਜ ਸਕੂਲਾਂ ਵਿਚ ਜਾਗਰੂਕਤਾ ਕੈਂਪ ਲਗਾਏ ਗਏ। ਇਸ ਮੌਕੇ ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰ ਸਿੰਘ ਨੇ ਦੱਸਿਆ ਕਿ ਸਿਹਤਕਾਮਿਆਂ ਵੱਲੋਂ ਪ੍ਰਤੀ ਦਿਨ ਆਮ ਲੋਕਾਂ ਨੂੰ ਘਰ ਘਰ ਜਾ ਕੇ ਮੱਛਰਾਂ ਦੀ ਪੈਦਾਵਾਰ ਘਟਾਉਣ ਦੇ ਮੰਤਵ ਨਾਲ ਜਾਗਰੂਕ ਕੀਤਾ ਜਾ ਰਿਹਾ ਹੈ ਤੇ ਮੱਛਰਾਂ ਦੇ ਲਾਰਵੇ ਨੂੰ ਪਹਿਚਾਣਨ ਤੇ ਨਸ਼ਟ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਤਾਂ ਜੋ ਡੇਂਗੂ, ਮਲੇਰੀਆ ਆਦਿ ਮੱਛਰਾਂ ਤੋਂ ਹੋਣ ਵਾਲੀਆਂ ਬਿਮਾਰੀਆਂ ਤੋਂ ਲੋਕਾਂ ਨੂੰ ਬਚਾਇਆ ਜਾ ਸਕੇ। ਇਸ ਮੌਕੇ ਸਿਹਤ ਵਿਭਾਗ ਵੱਲੋਂ ਬਲਾਕ ਐਕਸਟੈਂਸ਼ਨ ਐਜੂਕੇਟਰ ਮਹਾਵੀਰ ਸਿੰਘ ਨੇ ਦੱਸਿਆ ਕਿ ਡੇਂਗੂ ਅਤੇ ਮਲੇਰੀਆ ਤੋਂ ਬਚਣ ਲਈ ਲੋਕਾਂ ਨੂੰ ਸਿਹਤ ਵਿਭਾਗ ਦੀਆਂ ਹਦਾਇਤਾਂ ਦੀ ਪਾਲਣਾ ਕਰਨੀ ਚਾਹੀਦੀ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਘਰਾਂ ਦੇ ਆਲੇ ਦੁਆਲੇ ਪਾਣੀ ਖੜ੍ਹਾ ਨਾ ਹੋਣ ਦੇਣ ਤੇ ਇਸ ਮੌਸਮ ਦੌਰਾਨ ਆਪਣੇ ਕੂਲਰਾਂ ਵਿੱਚ ਪਾਣੀ ਦੀ ਵਰਤੋਂ ਕਰਨੀ ਬੰਦ ਕਰ ਦੇਣ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ, ਸਪਰੇਅ, ਮੱਛਰਦਾਨੀ ਆਦਿ ਦੀ ਵਰਤੋਂ ਕਰਨ ਅਤੇ ਪੂਰੇ ਸਰੀਰ ਨੂੰ ਢਕਣ ਵਾਲੇ ਕੱਪੜੇ ਪਹਿਨਣਾ ਯਕੀਨੀ ਬਣਾਉਣ। ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਕਿਸੇ ਨੂੰ ਬੁਖਾਰ ਹੋ ਜਾਵੇ ਤਾਂ ਉਹ ਨੇੜੇ ਦੀ ਸਿਹਤ ਸੰਸਥਾ ਨਾਲ ਸੰਪਰਕ ਕਰਨ ਕਿਉਂਕਿ ਡੇਂਗੂ ਦਾ ਇਲਾਜ ਅਤੇ ਟੈਸਟ ਸਾਰੀਆਂ ਸਿਹਤ ਸੰਸਥਾਵਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।

4-Nov-PAGE-11.qxd 11/3/2023 10:42 PM Page 1



# 337 ਕਿੱਲੋ ਨਕਲੀ ਖੋਆ ਬਰਾਮਦ

## ਥਾਣਾ ਲੋਪੋਕੇ ਵਿਖੇ ਦੋ ਵਿਅਕਤੀਆਂ ਵਿਰੁੱਧ ਮਾਮਲਾ ਦਰਜ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਤਿਉਹਾਰਾਂ ਦੇ ਦਿਨਾਂ ਵਿਚ ਮਠਿਆਈ ਦੀ ਮੰਗ ਵੱਧ ਜਾਣ ਕਾਰਨ ਇਸ ਵਿਚ ਨਕਲੀ ਦੁੱਧ ਤੇ ਖੋਏ ਦੀ ਹੁੰਦੀ ਵਰਤੋਂ ਨੂੰ ਸਖਤੀ ਨਾਲ ਰੋਕਣ ਦੀਆਂ ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਵੱਲੋਂ ਦਿੱਤੀਆਂ ਹਦਾਇਤਾਂ ਦੇ ਚੱਲਦੇ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਦੀ ਅਗਵਾਈ ਹੇਠ ਕੰਮ ਕਰ ਰਹੀ ਫੂਡ ਸੇਫਟੀ ਟੀਮ ਨੇ ਬੀਤੀ ਰਾਤ ਥਾਣਾ ਲੋਪੋਕੇ ਦੇ ਪਿੰਡ ਮਾਨਾਂਵਾਲਾ ਵਿਖੇ ਦੋ ਘਰਾਂ ਵਿਚ ਛਾਪਾ ਮਾਰਕੇ ਸਪਰੇਟੇ ਦੁੱਧ ਤੇ ਰਿਫਾਇੰਡ ਤੇਲ ਦੀ ਵਰਤੋਂ ਨਾਲ ਤਿਆਰ ਕੀਤਾ 337 ਕਿਲੋਗ੍ਰਾਮ ਖੋਆ ਬਰਾਮਦ ਕੀਤਾ ਅਤੇ ਦੋਵਾਂ ਘਰਾਂ ਦੇ ਮਾਲਕਾਂ ਉਤੇ ਕੇਸ ਦਰਜ ਕਰਵਾਇਆ ਹੈ।

ਸਹਾਇਕ ਕਮਿਸ਼ਨਰ ਫੂਡ ਸੇਫਟੀ ਰਜਿੰਦਰਪਾਲ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਜਦ ਸਾਡੀ ਟੀਮ ਨੇ ਮਾਨਾਂਵਾਲਾ ਵਿਖੇ ਦੇਸਾ ਸਿੰਘ ਪੁੱਤਰ ਰੁਲਦਾ ਸਿੰਘ ਦੇ ਘਰ ਛਾਪਾ ਮਾਰਿਆ ਤਾਂ ਉਥੋਂ ਸਪਰੇਟੇ ਦੁੱਧ ਵਿਚ ਰਿਫਾਇੰਡ ਤੇਲ ਪਾ ਕੇ ਖੋਆ ਬਣਾਉਣ ਦਾ ਕੰਮ ਚੱਲ ਰਿਹਾ ਸੀ।

ਇਸ ਮੌਕੇ ਅਸੀਂ 50 ਕਿਲੋ ਬਣਿਆ ਹੋਇਆ ਖੋਆ, 18 ਕਿਲੋ ਸਪਰੇਟਾ ਦੁੱਧ ਤੇ 10 ਕਿਲੋਗ੍ਰਾਮ ਰਿਫਾਇੰਡ ਤੇਲ ਬਰਾਮਦ ਕੀਤਾ। ਉਨ੍ਹਾਂ ਦੱਸਿਆ ਕਿ ਇਸੇ ਪਿੰਡ ਦੇ ਹੀ ਇਕ ਹੋਰ ਘਰ ਜੋ ਕਿ ਕੁਲਦੀਪ ਸਿੰਘ ਪੁੱਤਰ ਤਰਲੋਕ ਸਿੰਘ ਦਾ ਹੈ, ਵਿਚ ਵੀ ਛਾਪਾ ਮਾਰਨ ਉਤੇ 287 ਕਿਲੋਗ੍ਰਾਮ ਇਸੇ ਤਰ੍ਹਾਂ ਤਿਆਰ ਕੀਤਾ ਖੋਆ, 44 ਕਿਲੋਗ੍ਰਾਮ ਸਪਰੇਟਾ ਦੁੱਧ ਤੇ 105 ਕਿਲੋਗ੍ਰਾਮ ਰਿਫਾਇੰਡ ਤੇਲ ਬਰਾਮਦ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਲੋਕਾਂ ਨੇ ਆਪਣੇ ਘਰਾਂ ਵਿਚ ਗਰਾਇੰਡਰ ਰੱਖੇ ਹੋਏ ਹਨ, ਜੋ ਕਿ ਤੇਲ ਤੇ ਦੁੱਧ ਨੂੰ ਮਿਲਾ ਕੇ ਫਿਰ ਖੋਆ ਬਣਾਉਣ ਦਾ ਕੰਮ ਕਰਦੇ ਸਨ।

ਉਨ੍ਹਾਂ ਦੱਸਿਆ ਕਿ ਟੀਮ ਵਿਚ ਮੌਜੂਦ ਫੂਡ ਸੇਫਟੀ ਅਧਿਕਾਰੀ ਕਮਲਦੀਪ ਕੌਰ, ਸਾਖਸ਼ੀ ਖੋਸਲਾ, ਅਮਨਦੀਪ ਸਿੰਘ ਤੇ ਅਸ਼ਵਨੀ ਕੁਮਾਰ ਨੇ ਮੌਕੇ ਉਤੇ ਕਾਰਵਾਈ ਕਰਦੇ ਹੋਏ ਸਾਰਾ ਖੋਆ ਨਸ਼ਟ ਕਰਵਾਇਆ ਅਤੇ ਖੋਏ ਦੇ 6 ਨਮੂਨੇ ਅਗਲੀ ਜਾਂਚ ਲਈ ਲੈ ਕੇ ਬਾਕੀ ਪਦਾਰਥ ਜ਼ਬਤ ਕਰ ਲਏ।

ਉਨ੍ਹਾਂ ਦੱਸਿਆ ਕਿ ਟੀਮ ਨੇ ਸਾਰਾ ਮਾਮਲਾ ਥਾਣਾ ਲੋਪੋਕੇ ਦੇ ਐੱਸ ਐੱਚ ਓ ਯਾਦਵਿੰਦਰ ਸਿੰਘ ਦੇ ਧਿਆਨ ਵਿਚ ਲਿਆ ਕੇ ਦੋਵਾਂ ਵਿਅਕਤੀਆਂ ਵਿਰੁੱਧ ਆਈਪੀਸੀ ਦੀ ਧਾਰਾ 273-420 ਅਧੀਨ ਕੇਸ ਦਰਜ ਕਰਵਾ ਦਿੱਤਾ ਹੈ।



# ਸੜਕ ਹਾਦਸਿਆਂ 'ਚ ਹਰ ਸਾਲ ਹੁੰਦੀਆਂ ਡੇਢ ਲੱਖ ਤੋਂ ਵੱਧ ਮੌਤਾਂ : ਮਾਹਿਰ

### ਪੰਜਾਬ ਦੀ ਔਸਤ ਦੇਸ਼ ਭਰ ਦੇ ਹਾਦਸਿਆਂ ਤੋਂ ਦੁੱਗਣੀ




**ਅੰਮ੍ਰਿਤਸਰ, (ਨਰਿੰਦਰਜੀਤ ਸਿੰਘ)**-ਟਰਾਂਸਪੋਰਟ ਵਿਭਾਗ ਪੰਜਾਬ ਦੀ ਅਗਵਾਈ ਹੇਠ ਕੰਮ ਕਰ ਰਹੀ ਲੀਡ ਏਜੰਸੀ ਰੋਡ ਸੇਫਟੀ ਦੇ ਮਾਹਿਰਾਂ ਦਾ ਕਹਿਣਾ ਹੈ ਕਿ ਦੇਸ਼ ਭਰ ਵਿਚ ਹਰ ਸਾਲ ਡੇਢ ਲੱਖ ਤੋਂ ਵੱਧ ਮੌਤਾਂ ਸੜਕੀ ਹਾਦਸਿਆਂ ਦੀ ਵਜ੍ਹਾ ਕਾਰਨ ਹੁੰਦੀਆਂ ਹਨ ਅਤੇ ਲੱਖਾਂ ਲੋਕ ਉਮਰ ਭਰ ਲਈ ਅੰਗਹੀਣ ਹੋ ਜਾਂਦੇ ਹਨ, ਜਿਸ ਦਾ ਕੇਵਲ ਉਸਦੇ ਪਰਿਵਾਰ ਨੂੰ ਹੀ ਨਹੀਂ ਬਲਕਿ ਸਮਾਜ ਨੂੰ ਵੀ ਆਰਥਿਕ ਘਾਟਾ ਪੈਂਦਾ ਹੈ। ਜ਼ਿਲ੍ਹਾ ਪ੍ਰੀਸ਼ਦ ਹਾਲ ਵਿਚ ਡਾਇਰੈਕਟਰ ਜਨਰਲ ਆਰ ਵੈਂਕਟਰਤਨਮ ਦੇ ਦਿਸ਼ਾ-ਨਿਰਦੇਸ਼ਾਂ ਹੇਠ ਲੀਡ ਏਜੰਸੀ ਦੇ ਜੁਆਇੰਟ ਡਾਇਰੈਕਟਰ ਰੋਡ ਸੇਫ਼ਟੀ ਦੇਸਰਾਜ ਤੇ ਕੰਵਰਦੀਪ ਸਿੰਘ ਦੀ ਅਗਵਾਈ ਹੇਠ ਕਰਵਾਏ ਗਏ ਸਿਖਲਾਈ ਪ੍ਰੋਗਰਾਮ ਵਿਚ ਮਾਹਿਰਾਂ ਨੇ ਦੱਸਿਆ ਕਿ ਪੰਜਾਬ ਵਿਚ ਕਰੀਬ 5000 ਜਾਨਾਂ ਹਰ ਸਾਲ ਸੜਕੀ ਹਾਦਸਿਆਂ ਨਾਲ ਜਾਂਦੀਆਂ ਹਨ, ਜੋ ਕਿ ਦੇਸ਼ ਦੀ ਔਸਤਨ ਵਸੋਂ ਦਰ ਦੇ ਹਿਸਾਬ ਨਾਲ ਲੱਗਭੱਗ ਦੁੱਗਣਾ ਹੈ। ਮਾਹਿਰਾਂ ਨੇ ਕਿਹਾ ਕਿ ਸੜਕ ਹਾਦਸੇ ਲਈ ਸੜਕ ਦੀਆਂ ਤਕਨੀਕੀ ਖਾਮੀਆਂ, ਟਰੈਫਿਕ ਮੈਨਜਮੈਂਟ ਦੀ ਖਰਾਬੀ ਵੀ ਜ਼ਿੰਮੇਵਾਰ ਹੁੰਦੀ ਹੈ, ਪਰ ਜ਼ਿਆਦਾਤਰ ਹਾਦਸੇ ਤੇਜ਼ ਰਫਤਾਰ ਤੇ ਗਲਤ ਪਾਸੇ ਤੋਂ ਆਉਣ ਕਾਰਨ ਵੱਧ ਹੁੰਦੇ ਹਨ। ਮਾਹਿਰਾਂ ਨੇ ਦੱਸਿਆ ਕਿ ਉਨਾਂ ਦੱਸਿਆ ਕਿ ਹੁਣ ਤੱਕ ਕੀਤੀ ਗਈ ਖੋਜ ਦੱਸਦੀ ਹੈ ਕਿ ਜ਼ਿਆਦਾਤਰ ਹਾਦਸੇ ਸ਼ਾਮ 6 ਵਜੇ ਤੋਂ ਰਾਤ 9 ਵਜੇ ਦਰਮਿਆਨ ਹੁੰਦੇ ਹਨ ਅਤੇ ਦੁੱਖ ਦੀ ਗੱਲ ਇਹ ਹੈ ਕਿ ਹਾਦਸਿਆਂ ਵਿਚ ਮਰਨ ਵਾਲੇ ਲੋਕਾਂ ਵਿਚ 69 ਫੀਸਦੀ ਲੋਕਾਂ ਦੀ ਉਮਰ 18 ਤੋਂ 45 ਸਾਲ ਦਰਮਿਆਨ ਹੁੰਦੀ ਹੈ।

ਅੰਮ੍ਰਿਤਸਰ, ਤਰਨਤਾਰਨ, ਬਟਾਲਾ, ਗੁਰਦਾਸਪੁਰ ਅਤੇ ਪਠਾਨਕੋਟ ਜ਼ਿਲਿਆਂ ਦੇ ਵਿਭਾਗ ਜੋ ਸਿੱਧੇ ਤੌਰ ਉਤੇ ਟਰੈਫਿਕ ਨਾਲ ਸਬੰਧਿਤ ਹਨ, ਦੇ ਮੁਖੀਆਂ ਜਿਨ੍ਹਾਂ ਵਿਚ ਪੁਲਸ, ਟਰੈਫਿਕ ਪੁਲਸ, ਲੋਕ ਨਿਰਮਾਣ ਵਿਭਾਗ, ਮੰਡੀ ਬੋਰਡ, ਨੈਸ਼ਨਲ ਹਾਈਵੇ, ਸਿੱਖਿਆ, ਸਿਹਤ ਤੇ ਟਰਾਂਸਪੋਰਟ ਵਿਭਾਗ ਸ਼ਾਮਿਲ ਹਨ, ਨੂੰ ਦਿੱਤੀ ਦਿਨ ਭਰ ਸਿੱਖਿਆ ਵਿਚ ਮਾਹਿਰਾਂ ਨੇ ਜ਼ੋਰ ਦੇ ਕਿ ਕਿਹਾ ਕਿ ਤੁਹਾਡੇ ਦੁਆਰਾ ਕੀਤੀ ਸੁਹਿਰਦ ਕੋਸ਼ਿਸ਼ ਪੰਜਾਬ ਵਿਚੋਂ ਸੜਕ ਹਾਦਸੇ 50 ਫੀਸਦੀ ਤੱਕ ਘਟਾ ਸਕਦੀ ਹੈ। ਇਸ ਤੋਂ ਇਲਾਵਾ ਸਿਹਤ ਵਿਭਾਗ ਵੱਲੋਂ ਸਮੇਂ ਸਿਰ ਦਿੱਤੀ ਗਈ ਮੁੱਢਲੀ ਸਹਾਇਤਾ ਨਾਲ ਕੀਮਤੀ ਜਾਨ ਜਾਣ ਤੋਂ ਬਚ ਸਕਦੀ ਹੈ। ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਟਰੇਨਿੰਗ ਦੀ ਸ਼ੁਰੂਆਤ ਕਰਦੇ ਕਿਹਾ ਕਿ ਦਿਨ-ਪ੍ਰਤੀ-ਦਿਨ ਟਰੈਫ਼ਿਕ ਦੀ ਵੱਧ ਰਹੀ ਸਮੱਸਿਆ ਤੇ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਸਮਾਜ ਦੇ ਹਰ ਵਰਗ ਵਲੋਂ ਸਾਥ ਦੇਣਾ ਅਤਿ ਜ਼ਰੂਰੀ ਹੈ। ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਸੀਟ ਬੈਲਟ, ਸਪੀਡ ਲਿਮਟ, ਆਪਣੇ ਵਾਹਨਾਂ ਤੇ ਰਿਫਲੈਕਟਰ ਲਗਾਉਣ, ਸਿਰ ਉੱਤੇ ਹੈਲਮਟ ਪਹਿਨਣ ਤੋਂ ਇਲਾਵਾ ਹੋਰ ਆਵਾਜਾਈ ਦੇ ਨਿਯਮਾਂ ਦੀ ਸੁਚੱਜੇ ਢੰਗ ਨਾਲ ਪਾਲਣਾ ਕੀਤੀ ਜਾਵੇ। ਇਸ ਮੌਕੇ ਜੁਆਇੰਟ ਡਾਇਰੈਕਟਰ ਟਰੈਫ਼ਿਕ ਲੀਡ ਏਜੰਸੀ ਰੋਡ ਸੇਫ਼ਟੀ ਦੇਸ ਰਾਜ ਨੇ ਕਿਹਾ ਕਿ ਸੜਕ ਦੁਰਘਟਨਾਵਾਂ ਨੂੰ ਰੋਕਣ ਲਈ ਟਰੈਫਿਕ ਪੁਲਸ ਦੇ ਨੁਮਾਇੰਦੇ ਸਕੂਲਾਂ, ਕਾਲਜਾਂ ਅਤੇ ਹੋਰ ਸਮਾਜਿਕ ਪਲੇਟ ਫਾਰਮਾਂ ਉਤੇ ਜਾ ਕੇ ਆਵਾਜਾਈ ਨਿਯਮਾਂ ਬਾਰੇ ਆਮ ਲੋਕਾਂ ਨੂੰ ਲਗਾਤਾਰ ਜਾਗਰੂਕ ਕਰਨ। ਇਸ ਤੋਂ ਇਲਾਵਾ ਸਿੱਖਿਆ ਵਿਭਾਗ ਵੀ ਬੱਚਿਆਂ ਨੂੰ ਸਕੂਲਾਂ ਵਿਚ ਇਸ ਵਿਸ਼ੇ ਪ੍ਰਤੀ ਸਿੱਖਿਆ ਦੇਵੇ ਤਾਂ ਜੋ ਬੱਚਿਆਂ ਨੂੰ ਵੀ ਆਵਾਜਾਈ ਨਿਯਮਾਂ ਦੀ ਪਾਲਣਾ ਕਰਨ ਲਈ ਪ੍ਰੇਰਿਆ ਜਾ ਸਕੇ। ਇਸ ਮੌਕੇ ਮੈਡਮ ਕੀਰਤੀ ਧਨੋਆ, ਡਾ. ਵਿਨੀਤ ਚਤਰਥ, ਰਜੀਵ ਸ਼ਰਦ ਅਤੇ ਨਵਲ ਕਿਸ਼ੋਰ ਨੇ ਵੱਖ-ਵੱਖ ਵਿਸ਼ਿਆਂ ਉਤੇ ਆਏ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਸਿੱਖਿਅਤ ਕੀਤਾ।

# ਡ੍ਰਾਈ ਡੇ ਮੌਕੇ ਬੱਚਿਆਂ ਨੂੰ ਡੇਂਗੂ ਬਾਰੇ ਕੀਤਾ ਜਾਗਰੂਕ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਮਾਣਯੋਗ ਸਿਵਲ ਸਰਜਨ ਤਰਨ ਤਾਰਨ ਡਾ. ਗੁਰਪ੍ਰੀਤ ਸਿੰਘ ਰਾਏ, ਡਾ. ਸ਼ਾਲਿੰਦਰ ਸਿੰਘ ਐੱਸਐੱਮਓ, ਸੀਐੱਚਸੀ ਮੀਆਂਵਿੰਡ, ਜ਼ਿਲਾ ਐਪੀਡੀਮੋਲੋਜਿਸਟ ਤਰਨ ਤਾਰਨ ਡਾ. ਸਿਮਰਨ ਕੌਰ ਅਤੇ ਡਾ. ਅਮਨਦੀਪ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅਤੇ ਹਰਜੀਤ ਸਿੰਘ ਐੱਸਐੱਮਆਈ ਦੀ ਸੁਪਰਵਿਜ਼ਨ ਹੇਠ ਪਿੰਡ ਨਾਗੋਕੇ ਵਿਖੇ ਗੁਰੂ ਨਾਨਕ ਕਾਨਵੈਂਟ ਸਕੂਲ ਵਿੱਚ ਡ੍ਰਾਈ ਡੇ ਮੌਕੇ ਡੇਂਗੂ ਬਾਰੇ ਜਾਗਰੂਕ ਕੀਤਾ ਗਿਆ। ਇਸ ਮੌਕੇ ਹਰਜੀਤ ਸਿੰਘ ਐੱਸਐੱਮਆਈ, ਪਰਮਪਾਲ ਸਿੰਘ ਮਪਹਵ, ਅਤੇ ਗੁਰਦਰਸ਼ਨ ਸਿੰਘ ਮਪਹਵ (ਮ) ਅਤੇ ਅੰਜੂ ਬਾਲਾ, ਰਾਹੁਲ ਜੁਲਕਾ ਹਾਜ਼ਰ ਸਨ।

# ਭਾਈ ਗੁਰਦਾਸ ਸਕੂਲ ਲੱਖਣ ਕਲਾਂ ਨੇ ਵੱਖ-ਵਖ ਹਾਊਸਾਂ 'ਚ ਮੁਕਾਬਲੇ ਕਰਵਾਏ



**ਕਲਾਨੌਰ (ਮਨਦੀਪ ਕੁਮਾਰ ਕੋਹਲੀ)**-ਸਰਹੱਦੀ ਜ਼ਿਲਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਨਜ਼ਦੀਕ ਭਾਈ ਗੁਰਦਾਸ ਮਾਡਰਨ ਸੀਨੀਅਰ ਸੈਕੰਡਰੀ ਸਕੂਲ ਲੱਖਣ ਕਲਾਂ ਵਿਖੇ ਮੈਨੇਜਿੰਗ ਡਾਇਰੈਕਟਰ ਬਲਬੀਰ ਸਿੰਘ ਕਾਹਲੋਂ ਅਤੇ ਪ੍ਰਿੰ. ਬਲਜਿੰਦਰ ਕੌਰ ਕਾਹਲੋਂ ਦੀ ਸੁਚੱਜੀ ਅਗਵਾਈ ਹੇਠ ਸਕੂਲ ਸਟਾਫ ਦੇ ਸਹਿਯੋਗ ਨਾਲ ਚਾਰ ਹਾਊਸ ਬਣਾ ਕੇ ਵੱਖ-ਵੱਖ ਕੰਪੀਟੀਸ਼ਨ ਕਰਵਾਏ ਗਏ। ਇਨ੍ਹਾਂ ਕੰਪੀਟੀਸ਼ਨਾਂ ਵਿੱਚ ਮਹਿੰਦੀ ਲਗਾਉਣ ਦਾ ਕੰਪੀਟੀਸ਼ਨ, ਨੇਲ ਆਰਟ ਦਾ ਕੰਪਟੀਸ਼ਨ, ਦੀਆ ਮੇਕਿੰਗ ਅਤੇ ਰੰਗੋਲੀ ਬਣਾਉਣ ਦੇ ਕੰਪਟੀਸ਼ਨ ਕਰਵਾਏ ਗਏ। ਸਕੂਲ ਦੇ ਬੱਚਿਆਂ ਵੱਲੋਂ ਬੜੇ ਹੀ ਉਤਸ਼ਾਹ ਨਾਲ ਆਪਣੇ ਆਪਣੇ ਹਾਊਸ ਨੂੰ ਪਹਿਲੇ ਨੰਬਰ 'ਤੇ ਲਿਆਉਣ ਲਈ ਪੂਰਾ ਜ਼ੋਰ ਲਗਾਇਆ ਗਿਆ। ਮਹਿੰਦੀ ਲਗਾਉਣ ਦੇ ਮੁਕਾਬਲਿਆਂ ਵਿੱਚ ਪਹਿਲੇ ਸਥਾਨ ਤੇ ਤਾਨੀਆ, ਦੂਜੇ ਤੇ ਗੁਰਪ੍ਰੀਤ ਕੌਰ, ਤੀਸਰੇ 'ਤੇ ਖੁਸ਼ਦੀਪ ਕੌਰ ਤੇ ਚੌਥੇ ਸਥਾਨ 'ਤੇ ਹਰਪ੍ਰੀਤ ਰਹੀਆਂ। ਇਸੇ ਤਰ੍ਹਾਂ ਨੇਲ ਆਰਟ ਕੰਪਟੀਸ਼ਨ ਵਿੱਚ ਪਹਿਲਾ ਸਥਾਨ ਮਨਪ੍ਰੀਤ, ਦੂਸਰਾ ਮਾਨਸੀ, ਤੀਸਰਾ ਅਸਮੀਤ ਅਤੇ ਚੌਥਾ ਸਥਾਨ ਰਮਨ ਨੇ ਪ੍ਰਾਪਤ ਕੀਤਾ। ਇਸੇ ਲੜੀ ਤਹਿਤ ਦੀਆ ਮੇਕਿੰਗ ਮੁਕਾਬਲਿਆਂ ਵਿੱਚ ਪ੍ਰਭਜੋਤ ਕੌਰ, ਹਰਪ੍ਰੀਤ, ਕਿਰਨ ਅਤੇ ਗੁਰਲੀਨ ਨੇ ਲੜੀਵਾਰ ਸਥਾਨ ਪ੍ਰਾਪਤ ਕੀਤੇ। ਇਸੇ ਤਰ੍ਹਾਂ ਸਕੂਲ ਦੀ ਗਰਾਊਂਡ ਵਿੱਚ ਚਾਰਾਂ ਹਾਊਸਾਂ ਵੱਲੋਂ ਬੜੇ ਹੀ ਸੁਚੱਜੇ ਢੰਗ ਨਾਲ ਰੰਗੋਲੀਆਂ ਪੇਸ਼ ਕੀਤੀਆਂ ਗਈਆਂ। ਰੰਗੋਲੀਆਂ ਜਿਨ੍ਹਾਂ ਵਿੱਚੋਂ ਪੂਰੇ ਪੰਜਾਬ ਦੀ ਝਲਕ ਨਜ਼ਰ ਆ ਰਹੀ ਸੀ ਅਤੇ ਬੱਚਿਆਂ ਵੱਲੋਂ ਰੰਗੋਲੀਆਂ ਦੇ ਜ਼ਰੀਏ ਇੱਕ ਵਧੀਆ ਮੈਸੇਜ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ ਜਿਨਾਂ ਵਿੱਚ ਪੰਜਾਬ ਦੀ ਵਿਰਾਸਤ ਨੂੰ ਸੰਭਾਲਣ ਅਤੇ ਪਟਾਕੇ ਨਾ ਚਲਾ ਕੇ ਗਰੀਨ ਦਿਵਾਲੀ ਮਨਾਉਣ ਦਾ ਸੁਨੇਹਾ ਦਿੱਤਾ ਜਾ ਰਿਹਾ ਸੀ। ਸਾਰੇ ਮੁਕਾਬਲਿਆਂ ਦੀ ਜੱਜਮੈਂਟ ਗੁਰਦਾਸਪੁਰ ਤੋਂ ਆਏ ਸਤਵੰਤ ਕੌਰ ਅਤੇ ਉਨ੍ਹਾਂ ਤੋਂ ਇਲਾਵਾ ਸ਼ਹਿਨਾਜ਼ ਕਾਹਲੋਂ ਅਤੇ ਯਸਲੀਨ ਕੋਹਲੀ ਵੱਲੋਂ ਕੀਤੀ ਗਈ। ਇਸ ਪ੍ਰੋਗਰਾਮ ਵਿੱਚ ਹੋਰਨਾਂ ਤੋਂ ਇਲਾਵਾ ਮੈਡਮ ਜਗਰੂਪ ਕੌਰ, ਮੈਡਮ ਪ੍ਰੀਆ, ਕਿਰਨ, ਹਰਜੀਤ ਕੌਰ, ਪ੍ਰੀਤ, ਨਵਦੀਪ, ਕੁਲਬੀਰ ਕੌਰ, ਪਰਮਜੀਤ, ਰਾਜਬੀਰ ਕੌਰ, ਸ਼ਰਨਦੀਪ ਕੌਰ, ਰਜਿੰਦਰ ਸਿੰਘ, ਮਨਜਿੰਦਰ ਪਾਲ ਸਿੰਘ, ਗੁਰਜੀਤ ਸਿੰਘ, ਸ਼ਿਵ ਪਾਲ ਸਿੰਘ, ਐੱਸਪੀ ਸਿੰਘ ਆਦਿ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਜੂੱਡੋ ਅੰਡਰ-14 'ਚ ਵਿਦਿਆਰਥਣਾਂ ਨੇ ਸੈਕਿੰਡ ਓਵਰਆਲ ਟਰਾਫੀ ਜਿੱਤੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਖੇਡ ਅਤੇ ਯੁਵਾ ਸੇਵਾਵਾਂ ਬਾਰੇ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਤੇ ਸਿੱਖਿਆ ਵਿਭਾਗ ਦੀਆਂ ਹਿਦਾਇਤਾਂ ਅਤੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ: ਸਿੱਖਿਆ ਸਤਨਾਮ ਸਿੰਘ ਬਾਠ ਸਿੰਘ, ਡੀਐੱਮ ਜੁਗਰਾਜ ਸਿੰਘ, ਮਨਿੰਦਰ ਸਿੰਘ, ਅਤੇ ਸਕੂਲ ਪ੍ਰਿੰ. ਰਵਿੰਦਰ ਕੌਰ ਆਹਲੂਵਾਲੀਆ ਸਟੇਟ ਐਵਾਰਡੀ ਦੀ ਅਗਵਾਈ ਵਿੱਚ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਲੜਕੀਆਂ ਦੇ ਅੰਡਰ-14,17 ਅਤੇ 21 ਜੂੱਡੋ ਮੁਕਾਬਲੇ ਗੁਰਦਾਸਪੁਰ ਵਿਖੇ ਕਰਵਾਏ ਗਏ। ਇਸ ਵਿੱਚ ਪੂਰੇ ਪੰਜਾਬ ਦੀਆਂ ਜੂੱਡੋ ਟੀਮਾਂ ਨੇ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚ ਸ੍ਰੀ ਗੁਰੂ ਅਰਜਨ ਦੇਵ ਸੀਨੀਅਰ ਸੈਕੰਡਰੀ ਸਕੂਲ ਲੜਕੀਆਂ ਨੇ ਅੰਡਰ-14 ਵਿੱਚ ਸਭ ਤੋਂ ਵੱਧ ਮੈਡਲ ਜਿੱਤ ਕੇ ਸੈਕਿੰਡ ਓਵਰ ਆਲ ਟਰਾਫੀ ਹਾਸਲ ਕੀਤੀ। ਸਕੂਲ ਦੀਆਂ ਲੜਕੀਆਂ ਨੇ 2 ਗੋਲਡ ਪਲਕਪ੍ਰੀਤ ਕੌਰ ਅਤੇ ਮਨਜੋਤਪ੍ਰੀਤ ਕੌਰ, 1 ਸਿਲਵਰ ਅਰਸ਼ਦੀਪ ਕੌਰ ਨੇ ਤਮਗੇ ਜਿੱਤੇ। ਅੰਡਰ-17 ਵਿੱਚ ਚਾਰ ਕਾਂਸੇ ਅਤੇ ਅੰਡਰ-19 ਵਿੱਚ ਇੱਕ ਮੈਡਲ ਜਿੱਤਿਆ। ਇਸ ਮੌਕੇ ਰਵਿੰਦਰ ਕੌਰ ਆਹਲੂਵਾਲੀਆ ਨੇ ਬੋਲਦਿਆਂ ਹੋਇਆਂ ਆਤਮ ਰੱਖਿਆ ਲਈ ਸਕੂਲੀ ਵਿਦਿਆਰਥਣਾਂ ਦੇ ਜੂੱਡੋ ਕਰਾਟੇ ਸਿੱਖਣ ਦੀ ਲੋੜ ਤੇ ਜ਼ੋਰ ਦਿੱਤਾ। ਇਸ ਮੌਕੇ ਸਕੂਲ ਦੇ ਲੈਕਚਰਾਰ ਤਜਿੰਦਰ ਸਿੰਘ, ਸੁਖਜੀਤ ਕੌਰ, ਹਾਕੀ ਕੋਚ ਨਵਜੀਤ ਕੌਰ, ਲੈਕਚਰਾਰ ਮਲਕੀਤ ਕੌਰ ਅਤੇ ਸਕੂਲ ਦੇ ਹੋਰ ਸਟਾਫ ਮੈਂਬਰ ਸਾਮਲ ਹੋਏ। ਪ੍ਰਿੰ. ਰਵਿੰਦਰ ਕੌਰ ਸਟੇਟ ਐਵਾਰਡੀ ਨੇ ਖੇਡਾਂ ਵਤਨ ਪੰਜਾਬ ਦੀਆਂ ਵਿੱਚ ਮੈਡਲ ਜਿੱਤਣ ਵਾਲੀਆਂ ਵਿਦਿਆਰਥਣਾਂ ਨੂੰ ਇਨਾਮ ਤੇ ਮੈਡਲਾਂ ਨਾਲ ਸਨਮਾਨਿਤ ਵੀ ਕੀਤਾ।

# ਸੁਖਰਾਜ ਇੰਟਰਪ੍ਰਾਈਜ਼ਿਜ਼ ਵਿਖੇ ਕਾਮਰਸ ਵਿਭਾਗ ਦੇ ਵਿਦਿਆਰਥੀਆਂ ਵੱਲੋਂ ਦੌਰਾ



**ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)**-ਬਾਬਾ ਉੱਤਮ ਸਿੰਘ ਜੀ ਵੱਲੋਂ ਸਥਾਪਿਤ ਅਤੇ ਬਾਬਾ ਸੇਵਾ ਸਿੰਘ ਜੀ ਦੀ ਸਰਪ੍ਰਸਤੀ ਹੇਠ ਚੱਲ ਰਹੇ ਸ੍ਰੀ ਗੁਰੂ ਅੰਗਦ ਦੇਵ ਕਾਲਜ, ਖਡੂਰ ਸਾਹਿਬ ਦੇ 'ਕਾਮਰਸ ਵਿਭਾਗ' ਦੁਆਰਾ ਵਿਦਿਆਰਥੀਆਂ ਲਈ ਸੁਖਰਾਜ ਇੰਟਰਪ੍ਰਾਈਜ਼ਿਜ਼ ਵਿਖੇ ਇੰਡਸਟਰੀ ਵਿਜ਼ਿਟ ਦਾ ਆਯੋਜਨ ਕੀਤਾ ਗਿਆ ਜਿਸ ਦਾ ਮੰਤਵ ਵਿਦਿਆਰਥੀਆਂ ਅੰਦਰ ਇੱਕ ਚੰਗੇ ਵਪਾਰ ਦੇ ਢੰਗ, ਤਰੀਕਿਆਂ, ਜੁਗਤਾਂ, ਵਿਧੀਆਂ ਆਦਿ ਬਾਰੇ ਮੁਕੰਮਲ ਜਾਣਕਾਰੀ ਮੁਹੱਈਆ ਕਰਵਾਉਣਾ ਸੀ ਤਾਂ ਜੋ ਵਿੱਦਿਆ ਦੇ ਨਾਲ-ਨਾਲ ਉਨ੍ਹਾਂ ਅੰਦਰ ਇੱਕ ਚੰਗੇ ਵਪਾਰ ਨੂੰ ਕਰਨ ਦਾ ਉਤਸ਼ਾਹ ਪੈਦਾ ਹੋ ਸਕੇ। ਇਸ ਮੌਕੇ ਫੈਕਟਰੀ ਦੇ ਮਾਲਕ ਨਾਲ ਮੁਲਕਾਤ ਕਰਕੇ ਇੱਕ ਚੰਗੇ ਵਪਾਰ ਕਰਨ ਦੇ ਢੰਗਾਂ ਬਾਰੇ ਬਹੁਮੁਲੀ ਜਾਣਕਾਰੀ ਪ੍ਰਾਪਤ ਕੀਤੀ। ਫੈਕਟਰੀ ਦੇ ਐੱਚ ਆਰ ਸ੍ਰ.ਸੁਖਰਾਜ ਸਿੰਘ ਨੇ ਵੀ ਵਿਦਿਆਰਥੀਆਂ ਨਾਲ ਵਪਾਰ ਦੇ ਨੁਕਤਾ ਨਿਗਾਹ ਤੋਂ ਕਈ ਸੂਖਮ ਜੁਗਤਾਂ ਨੂੰ ਸਾਂਝਿਆਂ ਕੀਤਾ। ਕਾਲਜ ਪ੍ਰਿੰ. ਡਾ. ਬਲਵੰਤ ਸਿੰਘ ਸੰਧੂ ਨੇ ਕਿਹਾ ਕਿ ਅਜੋਕਾ ਯੁੱਗ ਮੰਡੀ ਅਤੇ ਵਪਾਰ ਨਾਲ ਸਬੰਧਿਤ ਹੈ। ਇਸ ਲਈ ਸਮਾਜ ਵਿੱਚ ਰਹਿ ਰਹੇ ਹਰੇਕ ਨਾਗਰਿਕ ਦਾ ਫਰਜ਼ ਬਣਦਾ ਹੈ ਕਿ ਉਹ ਇਸ ਬਾਰੇ ਮੁੱਢਲੀ ਜਾਣਕਾਰੀ ਪ੍ਰਾਪਤ ਕਰ ਸਕੇ। ਇਸ ਤੋਂ ਇਲਾਵਾ ਪ੍ਰਿੰ. ਸਾਹਿਬ ਨੇ ਇਸ ਸ਼ਲਾਘਾਯੋਗ ਕਾਰਜ ਲਈ ਕਾਮਰਸ ਵਿਭਾਗ ਦੇ ਮੁਖੀ ਅਤੇ ਅਧਿਆਪਕ ਸਾਹਿਬਾਨ ਦੀ ਖੂਬ ਪ੍ਰਸ਼ੰਸਾ ਕੀਤੀ। ਇਸ ਪ੍ਰੋਗਰਾਮ ਨੂੰ ਉਲੀਕਣ ਵਿੱਚ ਪ੍ਰੋ. ਜਗਜੀਤ ਕੌਰ, ਪ੍ਰੋ. ਹਰਦੀਪ ਸਿੰਘ, ਪ੍ਰੋ. ਰਜਿੰਦਰ ਕੌਰ, ਪ੍ਰੋ. ਰਮਨਦੀਪ ਕੌਰ ਪ੍ਰੋ. ਰਜਿੰਦਰ ਕੌਰ ਆਦਿ ਦਾ ਵਿਸ਼ੇਸ਼ ਯੋਗਦਾਨ ਰਿਹਾ।

# 24 ਨਵ-ਨਿਯੁਕਤ ਯੋਗਾ ਇੰਸਟਰਕਟਰਾਂ ਨੂੰ ਨਿਯੁਕਤੀ ਪੱਤਰ ਵੰਡੇ



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਯੋਗ ਨੂੰ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਪੰਜਾਬ ਸਰਕਾਰ ਵੱਲੋਂ ਨਵ-ਨਿਯੁਕਤ 24 ਯੋਗਾ ਇੰਸਟਰਕਟਰਾਂ ਨੂੰ ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਅਤੇ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਵੱਲੋਂ ਨਿਯੁਕਤੀ ਪੱਤਰ ਵੰਡੇ ਗਏ। ਨਿਯੁਕਤੀ ਪੱਤਰ ਵੰਡਣ ਮੌਕੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਨ੍ਹਾਂ ਨਵ-ਨਿਯੁਕਤ ਯੋਗਾ ਇੰਸਟਰਕਟਰਾਂ ਵੱਲੋਂ ਯੋਗ ਕੈਂਪ ਲਗਾਏ ਜਾਣਗੇ ਅਤੇ ਲੋਕਾਂ ਨੂੰ ਯੋਗ ਕਰਨ ਲਈ ਪ੍ਰੇਰਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਨ੍ਹਾਂ ਯੋਗਾ ਇੰਸਟਰਕਟਰਾਂ ਦੀਆਂ ਸੇਵਾਵਾਂ ਸਦਕਾ ਲੋਕ ਯੋਗ ਨਾਲ ਜੁੜ ਕੇ ਤੰਦਰੁਸਤ ਤੇ ਨਿਰੋਗੀ ਜੀਵਨ ਜਿਉਣ ਦੇ ਕਾਬਲ ਹੋਣਗੇ। ਇਸ ਮੌਕੇ ਬਹਿਲ ਨੇ ਨਵ-ਨਿਯੁਕਤ ਯੋਗਾਂ ਇੰਸਟਰਕਟਰਾਂ ਨੂੰ ਵਧਾਈ ਦਿਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸਿਹਤ ਸਹੂਲਤਾਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ ਅਤੇ ਰਾਜ ਸਰਕਾਰ ਦੀ ਯੋਗ ਨੂੰ ਉਤਸ਼ਾਹਤ ਕਰਨ ਦੀਆਂ ਇਹ ਕੋਸ਼ਿਸ਼ਾਂ ਕਾਬਲੇ ਤਰੀਫ਼ ਹਨ।

ਉਨ੍ਹਾਂ ਕਿਹਾ ਕਿ ਯੋਗ ਭਾਰਤ ਦੀ ਵਿਸ਼ਵ ਨੂੰ ਵਡਮੁੱਲੀ ਦੇਣ ਹੈ ਤੇ ਲਗਾਤਾਰ ਯੋਗ ਕਰਨ ਨਾਲ ਸ਼ਰੀਰ ਨਿਰੋਗ ਰਹਿੰਦਾ ਹੈ। ਇਸ ਦੌਰਾਨ ਜ਼ਿਲ੍ਹਾ ਆਯੂਰਵੈਦਿਕ ਅਫ਼ਸਰ ਡਾ. ਪਰਦੀਪ ਸਿੰਘ ਨੇ ਕਿਹਾ ਕਿ 12 ਹੈਲਥ ਐਂਡ ਵੈੱਲਨੈੱਸ ਕੇਂਦਰਾਂ 'ਤੇ 24 ਯੋਗਾ ਇੰਸਟਰਕਟਰਾਂ ਦੀ ਨਿਯੁਕਤੀ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਲਦ ਹੀ ਹੋਰ ਕੇਂਦਰਾਂ 'ਤੇ ਵੀ ਨਵੀਆਂ ਨਿਯੁਕਤੀਆਂ ਕੀਤੀ ਜਾਣਗੀਆਂ।

# ਸਰਪੰਚ ਰੂੜ੍ਹੀਵਾਲਾ ਨੂੰ ਹਜ਼ਾਰਾਂ ਸੇਜਲ ਅੱਖਾਂ ਨਾਲ ਅੰਤਿਮ ਵਿਦਾਇਗੀ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਮਾਝੇ ਦੇ ਸੀਨੀਅਰ ਕਾਂਗਰਸੀ ਆਗੂ ਤੇ ਪਿੰਡ ਰੂੜ੍ਹੀਵਾਲਾ ਦੇ ਮੌਜੂਦਾ ਸਰਪੰਚ ਰਾਜਵਿੰਦਰ ਸਿੰਘ ਰਾਜੂ (52) ਦਾ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ ਜਿਨ੍ਹਾਂ ਦਾ ਅੰਤਿਮ ਸੰਸਕਾਰ ਪਿੰਡ ਰੂੜ੍ਹੀਵਾਲਾ ਵਿਖੇ ਕੀਤਾ ਗਿਆ। ਅੰਤਿਮ ਸੰਸਕਾਰ ਮੌਕੇ ਹਰਮਿੰਦਰ ਸਿੰਘ ਗਿੱਲ ਸਾਬਕਾ ਵਿਧਾਇਕ ਪੱਟੀ, ਰਮਨਜੀਤ ਸਿੰਘ ਸਿੱਕੀ ਸਾਬਕਾ ਵਿਧਾਇਕ ਹਲਕਾ ਖਡੂਰ ਸਾਹਿਬ, ਚੇਅਰਮੈਨ ਸੁਬੇਗ ਸਿੰਘ ਧੁੰਨ, ਬਾਬਾ ਪ੍ਰਗਟ ਸਿੰਘ ਲੂਆਂ ਸਾਹਿਬ, ਸਰਪੰਚ ਮਹਿੰਦਰ ਸਿੰਘ ਚੰਬਾ, ਸਰਪੰਚ ਲਖਬੀਰ ਸਿੰਘ ਚੋਹਲਾ ਸਾਹਿਬ, ਸਰਪੰਚ ਬਲਰਾਜ ਸਿੰਘ ਭੱਗੂਪੁਰ, ਪ੍ਰੋਫੈਸਰ ਨਵਰੀਤ ਸਿੰਘ ਜਲੇਵਾਲ, ਸਰਪੰਚ ਸੁਖਵਿੰਦਰ ਸਿੰਘ ਨੱਥੂਪੁਰ, ਡਾ. ਮਨਜੀਤ ਸਿੰਘ, ਸਰਪੰਚ ਰਾਜਾ ਸਿੰਘ ਧੱਤਲ, ਸਰਪੰਚ ਬਾਬਾ ਸਵਰਨ ਸਿੰਘ ਖਾਰਾ, ਸਰਪੰਚ ਗੰਡੀਵਿੰਡ, ਕਰਨ ਕੈਨੇਡਾ, ਡਾ. ਦਯਾ ਸਿੰਘ, ਸਰਪੰਚ ਰਸ਼ਪਾਲ ਸਿੰਘ ਧੁੰਨ, ਰੂੜ ਕੁਮਾਰ ਸਾਬਕਾ ਸਰਪੰਚ ਧੁੰਨ, ਹਰਮਨ ਸਿੰਘ ਸੇਖੋਂ, ਸਿਕੰਦਰ ਸਿੰਘ ਗੰਡੀਵਿੰਡ, ਸਰਪੰਚ ਜਗਤਾਰ ਸਿੰਘ ਉੱਪਲ ਆਦਿ ਤੋਂ ਇਲਾਵਾ ਵੱਡੀ ਤਾਦਾਦ 'ਚ ਲੋਕ ਹਾਜ਼ਰ ਸਨ।

# ਲਵਕੇਸ਼ ਦੇਵਗਨ ਆਮ ਆਦਮੀ ਪਾਰਟੀ ਦੇ ਬਲਾਕ ਇੰਚਾਰਜ ਨਿਯੁਕਤ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**-ਕਾਹਨੂੰਵਾਨ.ਆਮ ਆਦਮੀ ਪਾਰਟੀ ਵੱਲੋਂ ਲੋਕੇਸ਼ ਦੇਵਗਣ ਦੀਆਂ ਪਾਰਟੀ ਪ੍ਰਤੀ ਸੇਵਾਵਾਂ ਨੂੰ ਮੁੱਖ ਰੱਖਦਿਆ ਹੋਇਆਂ ਉਨ੍ਹਾਂ ਨੂੰ ਆਮ ਆਦਮੀ ਪਾਰਟੀ ਦਾ ਬਲਾਕ ਕਾਹਨੂੰਵਾਨ ਦਾ ਇੰਚਾਰਜ ਬਣਾਇਆ ਗਿਆ ਹੈ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਮਾਰਕੀਟ ਕਮੇਟੀ ਕਾਹਨੂੰਵਾਨ ਦੇ ਚੇਅਰਮੈਨ ਡਾ. ਜਸਪਾਲ ਸਿੰਘ ਭੰਦੇਰ ਨੇ ਦੱਸਿਆ ਕਿ ਜਦੋਂ ਦੀ ਆਮ ਆਦਮੀ ਪਾਰਟੀ ਹੋਂਦ ਵਿੱਚ ਆਈ, ਉਸ ਵੇਲੇ ਤੋਂ ਹੀ ਲਵਕੇਸ਼ ਦੇਵਗਣ ਪਾਰਟੀ ਦੀਆਂ ਸੇਵਾਵਾਂ ਨੂੰ ਲੋਕਾਂ ਤੱਕ ਪੁੱਜਦਾ ਕਰਨ ਲਈ ਪਾਰਟੀ ਦੀ ਹਿੱਤ ਵਿੱਚ ਪ੍ਰਚਾਰ ਕਰ ਰਹੇ ਹਨ ਜਿਸ ਨੂੰ ਮੁੱਖ ਰੱਖਦਿਆਂ ਹੋਇਆਂ ਪਾਰਟੀ ਨੇ ਉਨ੍ਹਾਂ ਨੂੰ ਬਲਾਕ ਪ੍ਰਧਾਨ ਥਾਪਿਆ।

ਇਸ ਮੌਕੇ ਲਵਕੇਸ਼ ਦੇਵਗਣ ਨੇ ਕਿਹਾ ਕਿ ਜਿਸ ਭਰੋਸੇ ਨੂੰ ਲੈ ਕੇ ਪਾਰਟੀ ਨੇ ਉਸ ਨੂੰ ਬਲਾਕ ਦਾ ਇੰਚਾਰਜ ਥਾਪਿਆ ਹੈ। ਉਹ ਭਰੋਸੇ 'ਤੇ ਖਰਾ ਉਤਰਨ ਦੀ ਹਰ ਕੋਸ਼ਿਸ਼ ਕਰਨਗੇ। ਇਸ ਮੌਕੇ ਚੇਅਰਮੈਨ ਜਸਪਾਲ ਭੰਧੇਰ ਅਤੇ ਸੀਨੀਅਰ ਆਗੂ ਅਨਿਲ ਤਲਵਾੜੀ ਵੱਲੋਂ ਲਵਕੇਸ਼ ਦੇਵਗਨ ਦਾ ਲੱਡੂਆਂ ਨਾਲ ਮੂੰਹ ਵੀ ਮਿੱਠਾ ਕਰਵਾਇਆ।

# ਕੇਂਦਰੀ ਉਦਯੋਗ ਤੇ ਵਣਜ ਰਾਜ ਮੰਤਰੀ ਸੋਮ ਪ੍ਰਕਾਸ਼ ਵੱਲੋਂ ਵੱਖ-ਵੱਖ ਸਕੀਮਾਂ ਦੀ ਸਮੀਖਿਆ

## ਸਕੀਮਾਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਅਧਿਕਾਰੀਆਂ ਨੂੰ ਦਿੱਤੇ ਨਿਰਦੇਸ਼



**ਗੁਰਦਾਸਪੁਰ (ਦਿਨੇਸ਼ ਕੁਮਾਰ)**-ਕੇਂਦਰੀ ਉਦਯੋਗ ਅਤੇ ਵਣਜ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਕਿ ਲੋਕ ਹਿੱਤ ਵਿਚ ਇਹ ਯਕੀਨੀ ਬਣਾਇਆ ਜਾਵੇ ਕਿ ਸਰਕਾਰ ਵੱਲੋਂ ਸ਼ੁਰੂ ਕੀਤੇ ਵਿਕਾਸ ਕਾਰਜ ਤੈਅ ਸਮੇਂ ਵਿਚ ਮੁਕੰਮਲ ਕੀਤੇ ਜਾਣ ਤਾਂ ਜੋ ਲੋਕਾਂ ਨੂੰ ਉਨ੍ਹਾਂ ਦਾ ਲਾਭ ਸਮੇਂ ਸਿਰ ਮਿਲ ਸਕੇ। ਉਹ ਅੱਜ ਸਥਾਨਕ ਪੰਚਾਇਤ ਭਵਨ ਵਿਖੇ ਜ਼ਿਲ੍ਹਾ ਵਿਕਾਸ ਤਾਲਮੇਲ ਅਤੇ ਨਿਗਰਾਨ ਕਮੇਟੀ (ਦਿਸ਼ਾ) ਦੀ ਮੀਟਿੰਗ ਦੌਰਾਨ ਜ਼ਿਲ੍ਹੇ ਵਿਚ ਚੱਲ ਰਹੀਆਂ ਕੇਂਦਰ ਸਰਕਾਰ ਦੀਆਂ ਸਕੀਮਾਂ ਦਾ ਜਾਇਜ਼ਾ ਲੈ ਰਹੇ ਸਨ।

ਇਸ ਦੌਰਾਨ ਉਨ੍ਹਾਂ ਨਾਲ ਵਿਧਾਇਕ ਮੁਕੇਰੀਆਂ ਜੰਗੀ ਲਾਲ ਮਹਾਜਨ, ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ, ਐੱਸਐੱਸਪੀ. ਗੁਰਦਾਸਪੁਰ ਹਰੀਸ਼ ਦਾਯਮਾ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸੁਭਾਸ਼ ਚੰਦਰ, ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਰਵਿੰਦਰਪਾਲ ਸਿੰਘ ਸੰਧੂ, ਐੱਸਡੀਐੱਮ. ਗੁਰਦਾਸਪੁਰ ਅਮਨਦੀਪ ਕੌਰ ਘੁੰਮਣ, ਐੱਸਡੀਐੱਮ ਬਟਾਲਾ ਸ਼ਾਇਰੀ ਭੰਡਾਰੀ ਅਤੇ ਦਿਸ਼ਾ ਕਮੇਟੀ ਦੇ ਮੈਂਬਰਾਂ ਤੋਂ ਇਲਾਵਾ ਹੋਰ ਅਧਿਕਾਰੀ ਵੀ ਹਾਜ਼ਰ ਸਨ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸੋਮ ਪ੍ਰਕਾਸ਼ ਨੇ ਕਿਹਾ ਕਿ ਸਰਕਾਰ ਦੀਆਂ ਵੱਖ-ਵੱਖ ਸਕੀਮਾਂ ਨੂੰ ਸੁਚਾਰੂ ਢੰਗ ਨਾਲ ਲਾਗੂ ਕੀਤਾ ਜਾਵੇ ਤਾਂ ਜੋ ਇਨ੍ਹਾਂ ਸਕੀਮਾਂ ਦਾ ਲਾਭ ਸਬੰਧਤ ਲਾਭਪਾਤਰੀਆਂ ਤੱਕ ਪਹੁੰਚਾਇਆ ਜਾ ਸਕੇ। ਇਸ ਦੌਰਾਨ ਉਨ੍ਹਾਂ ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ ਅਤੇ ਵਿਸ਼ਵਕਰਮਾ ਯੋਜਨਾ 'ਤੇ ਹੋਰ ਗੰਭੀਰਤਾ ਨਾਲ ਕੰਮ ਕਰਨ ਦੀਆਂ ਹਦਾਇਤਾਂ ਦਿੱਤੀਆਂ। ਇਸ ਮੌਕੇ ਉਨ੍ਹਾਂ ਨੇ ਐਮ.ਪੀ ਲੈਡ, ਪ੍ਰਧਾਨ ਮੰਤਰੀ ਆਦਰਸ ਗ੍ਰਾਮ ਯੋਜਨਾ, ਪ੍ਰਧਾਨ ਮੰਤਰੀ ਆਵਾਸ ਯੋਜਨਾ (ਪੇਂਡੂ ਅਤੇ ਸਹਿਰੀ), ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ, ਪ੍ਰਧਾਨ ਮੰਤਰੀ ਖੇਤੀਬਾੜੀ ਸਿੰਚਾਈ ਯੋਜਨਾ, ਸਮੱਗਰ ਸਿੱਖਿਆ ਅਭਿਆਨ, ਨਿਰਮਾਣ ਯੋਜਨਾ, ਮੈਡੀਕਲ ਕਾਲਜ, ਜਨਨੀ ਸੁਰੱਖਿਆ ਯੋਜਨਾ, ਜਲ ਜੀਵਨ ਮਿਸ਼ਨ, ਸਵੱਛ ਭਾਰਤ ਮਿਸਨ, ਰਾਸਟਰੀ ਕ੍ਰਿਸੀ ਵਿਕਾਸ ਯੋਜਨਾ, ਸਮਾਜਿਕ ਸੁਰੱਖਿਆ ਯੋਜਨਾਵਾਂ, ਮਨਰੇਗਾ, ਪੀ.ਐੱਮ.ਕੇ.ਵੀ.ਵਾਈ, ਬੀ.ਐੱਸ.ਐੱਨ.ਐੱਲ. ਅਤੇ ਨੈਸਨਲ ਹਾਈਵੇਅ ਅਥਾਰਟੀ ਦੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਜ਼ਿਲ੍ਹੇ ਦੀਆਂ ਨਗਰ ਕੌਂਸਲਾਂ ਅਤੇ ਨਗਰ ਨਿਗਮ ਬਟਾਲਾ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਪ੍ਰਧਾਨ ਮੰਤਰੀ ਸਵੈਨਿਧੀ ਯੋਜਨਾ ਅਤੇ ਵਿਸ਼ਵਕਰਮਾ ਯੋਜਨਾ ਦਾ ਵੱਧ ਤੋਂ ਵੱਧ ਲਾਭ ਪਹੁੰਚਾਉਣ ਲਈ ਵਿਸ਼ੇਸ਼ ਕੈਂਪ ਲਗਾਉਣ ਤਾਂ ਜੋ ਰੇਹੜੀ, ਫੜ੍ਹੀ ਵਾਲੇ ਅਤੇ ਹੁਨਰਮੰਦ ਵਿਅਕਤੀ ਇਨ੍ਹਾਂ ਯੋਜਨਾਵਾਂ ਦਾ ਲਾਭ ਲੈ ਕੇ ਆਪਣੀ ਰੋਜ਼ੀ-ਰੋਟੀ ਕਮਾ ਸਕਣ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਸਕਿੱਲ ਡਿਵੈਲਪਮੈਂਟ ਦੀ ਸਿਖਲਾਈ ਦੇ ਕੇ ਉਨ੍ਹਾਂ ਨੂੰ ਸਵੈ ਰੁਜ਼ਗਾਰ ਸ਼ੁਰੂ ਕਰਨ ਲਈ ਪ੍ਰਧਾਨ ਮੰਤਰੀ ਸਵੈ ਰੁਜ਼ਗਾਰ ਸਕੀਮ ਤਹਿਤ ਬੈਂਕਾਂ ਤੋਂ ਸਬਸਿਡੀ ਲਈ ਕਰਜ਼ੇ ਦੁਆਏ ਜਾਣ। ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਪ੍ਰਧਾਨ ਮੰਤਰੀ ਗ੍ਰਾਮ ਸੜਕ ਯੋਜਨਾ ਦੇ ਨਿਰਮਾਣ ਕਾਰਜਾਂ ਵਿਚ ਹੋਰ ਵੀ ਗੰਭੀਰਤਾ ਨਾਲ ਕੰਮ ਕਰਨ ਦੀ ਹਦਾਇਤ ਕੀਤੀ। ਉਨ੍ਹਾਂ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਂਦਿਆਂ ਕਿਹਾ ਕਿ ਸ਼ੁਰੂ ਕੀਤੇ ਕੰਮਾਂ ਨੂੰ ਜਲਦੀ ਮੁਕੰਮਲ ਕਰਕੇ ਉਨ੍ਹਾਂ ਦੇ ਵਰਤੋਂ ਸਰਟੀਫਿਕੇਟ ਭੇਜੇ ਜਾਣ।

# ਤੰਬਾਕੂ ਕੰਟਰੋਲ ਪ੍ਰੋਗਰਾਮ ਲਾਗੂ ਕਰਨ 'ਚ ਪੰਜਾਬ ਦੇਸ਼ ਦਾ ਮੋਹਰੀ ਸੂਬਾ: ਬਹਿਲ



**ਗੁਰਦਾਸਪੁਰ, (ਜਨਕ ਮਹਾਜਨ)**-ਤੰਬਾਕੂ ਕੰਟਰੋਲ ਪ੍ਰੋਗਰਾਮ ਲਾਗੂ ਕਰਨ ਵਿੱਚ ਪੰਜਾਬ ਦੇਸ਼ ਦਾ ਮੋਹਰੀ ਸੂਬਾ ਬਣ ਗਿਆ ਹੈ। ਪੰਜਾਬ ਵਿੱਚ ਤੰਬਾਕੂ ਦੀ ਵਰਤੋਂ ਦਾ ਪ੍ਰਚਲਨ 12.9 ਫੀਸਦੀ ਰਹਿ ਗਿਆ ਹੈ। ਇਸ ਸਬੰਧੀ ਭਾਰਤ ਸਰਕਾਰ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਦੇ ਵਧੀਕ ਸਕੱਤਰ ਦੀ ਪ੍ਰਧਾਨਗੀ ਹੇਠ 2023 ਨੂੰ ਹੋਈ ਸਮੀਖਿਆ ਮੀਟਿੰਗ ਵਿੱਚ ਰਾਸ਼ਟਰੀ ਤੰਬਾਕੂ ਕੰਟਰੋਲ ਪ੍ਰੋਗਰਾਮ ਤਹਿਤ ਰਾਜ ਨੂੰ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੇ ਰਾਜ ਵਜੋਂ ਸਨਮਾਨਿਤ ਕੀਤਾ ਗਿਆ ਹੈ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੇ ਚੇਅਰਮੈਨ ਰਮਨ ਬਹਿਲ ਨੇ ਦੱਸਿਆ ਕਿ ਸੂਬੇ ਨੂੰ ਤੰਬਾਕੂ ਮੁਕਤ ਕਰਨ ਅਤੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਤੋਂ ਜਾਗਰੂਕ ਕਰਨ ਲਈ ਸਿਹਤ ਵਿਭਾਗ ਵਲੋਂ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਰਾਜ ਦੇ ਸਾਰੇ ਜ਼ਿਲ੍ਹਿਆਂ ਵਿੱਚ ਤੰਬਾਕੂ ਛੁਡਾਊ ਕੇਂਦਰ ਸਥਾਪਤ ਕੀਤੇ ਗਏ ਹਨ ਅਤੇ ਈ ਸਿਗਰਟ ਨੂੰ ਗੈਰ-ਮਨਜ਼ੂਰਸ਼ੁਦਾ ਡਰੱਗ ਘੋਸ਼ਿਤ ਕਰਨ ਵਾਲਾ ਪੰਜਾਬ ਪਹਿਲਾ ਸੂਬਾ ਹੈ। ਇਸ ਤੋਂ ਇਲਾਵਾ ਹੁੱਕਾਬਾਰਾਂ ਉਪਰ ਸਥਾਈ ਤੌਰ 'ਤੇ ਪਾਬੰਦੀ ਲਗਾਉਣ ਵਾਲਾ ਪੰਜਾਬ ਦੇਸ਼ ਦਾ ਦੂਜਾ ਰਾਜ ਹੈ। ਉਨ੍ਹਾਂ ਦੱਸਿਆ ਕਿ ਹੁਣ ਤੱਕ ਪੰਜਾਬ ਦੇ ਲਗਭਗ 800 ਤੋਂ ਵੱਧ ਪਿੰਡਾਂ ਨੇ ਖੁਦ ਨੂੰ ਤੰਬਾਕੂ ਮੁਕਤ ਐਲਾਨਿਆ ਹੋਇਆ ਹੈ। ਇਸੇ ਤਰ੍ਹਾਂ ਸੂਬੇ ਦੀਆਂ 98 ਫੀਸਦੀ ਵਿੱਦਿਅਕ ਸੰਸਥਾਵਾਂ ਨੂੰ ਵੀ ਤੰਬਾਕੂ ਮੁਕਤ ਕੀਤਾ ਜਾ ਚੁੱਕਾ ਹੈ, ਜਿਥੇ ਨਾ ਤਾਂ ਤੰਬਾਕੂ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਨਾ ਹੀ ਆਲੇ-ਦੁਆਲੇ ਦੇ 100 ਗਜ਼ ਏਰੀਏ ਵਿਚ ਤੰਬਾਕੂ ਦੀ ਵਿਕਰੀ ਕੀਤੀ ਜਾਂਦੀ ਹੈ। ਜਦਕਿ ਸਿਹਤ ਸੰਸਥਾਵਾਂ ਵਿਚ ਪਹਿਲਾਂ ਤੋਂ ਹੀ ਤੰਬਾਕੂ ਦੀ ਵਰਤੋਂ ਦੀ ਪਾਬੰਦੀ ਲਗਾਈ ਹੋਈ ਹੈ। ਚੇਅਰਮੈਨ ਬਹਿਲ ਨੇ ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਤੰਬਾਕੂ ਦੇ ਸੇਵਨ ਨਾਲ ਮੂੰਹ, ਫੇਫੜਿਆਂ ਅਤੇ ਅੰਤੜੀਆਂ ਦਾ ਕੈਂਸਰ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ। ਇਸੇ ਤਰ੍ਹਾਂ ਹਾਰਟ ਅਟੈਕ ਅਤੇ ਸਟਰੋਕ ਵਰਗੀਆਂ ਬਿਮਾਰੀਆਂ ਵੀ ਹੁੰਦੀਆਂ ਹਨ। ਸਿਗਰਟ ਦੇ ਧੂੰਏਂ ਵਿਚ ਲਗਭਗ 1000 ਕਿਸਮ ਦੇ ਕੈਂਸਰ ਪੈਦਾ ਕਰਨ ਵਾਲੇ ਤੱਤ ਹੁੰਦੇ ਹਨ। ਪੈਸਿਵ ਸਮੋਕਿੰਗ ਦੇ ਖਤਰੇ ਤੋਂ ਸਾਵਧਾਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਜਿਉਂਦੇ ਰਹਿਣ ਲਈ ਹਵਾ ਬਹੁਤ ਜਰੂਰੀ ਹੈ ਅਤੇ ਸਿਗਰਟਨੋਸ਼ੀ ਕਰਨ ਵਾਲਾ ਵਿਅਕਤੀ ਸਿਗਰਟ ਦੇ ਧੂੰਏਂ ਰਾਹੀਂ ਇਸ ਹਵਾ ਵਿਚ ਹੀ ਜ਼ਹਿਰ ਘੋਲ ਰਿਹਾ ਹੈ ਜਿਸ ਕਾਰਨ ਉਸ ਦੇ ਆਲੇ-ਦੁਆਲੇ ਅਤੇ ਘਰ ਦੇ 'ਚ ਮੌਜੂਦ ਬਜ਼ੁਰਗ ਮਾਤਾ-ਪਿਤਾ, ਘਰਵਾਲੀ ਅਤੇ ਮਾਸੂਮ ਬੱਚਿਆਂ ਨੂੰ ਸਮੋਕਿੰਗ ਜ਼ਰੀਏ ਆਪਣੇ ਸਾਰੇ ਪਰਿਵਾਰ ਨੂੰ ਜ਼ਹਿਰ ਵੰਡਦੇ ਹਨ।

# ਖਿੜਕੀ ਤੋੜ ਕੇ ਹਸਪਤਾਲ 'ਚੋਂ ਸਾਮਾਨ ਚੋਰੀ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਚੋਰੀਆਂ ਦਾ ਸਿਲਸਿਲਾ ਲਗਾਤਾਰ ਹੋ ਰਿਹਾ ਹੈ ਅਤੇ ਰੁਕਣ ਦਾ ਨਾਮ ਨਹੀਂ ਲੈ ਰਿਹਾ। ਆਏ ਦਿਨ ਕਿਤੇ ਨਾ ਕਿਤੇ ਚੋਰੀ ਹੋ ਰਹੀ ਹੈ ਅਤੇ ਇਸੇ ਤਰ੍ਹਾਂ ਕੰਮਿਊਨਿਟੀ ਹੈਲਥ ਸੈਂਟਰ ਸਰਹਾਲੀ ਕਲਾਂ ਵਿੱਚ ਚੋਰਾਂ ਵੱਲੋਂ ਦਲੇਰਾਨਾ ਢੰਗ ਨਾਲ ਛੱਤ ਵਾਲੀ ਖਿੜਕੀ ਤੋੜ ਕੇ ਲਗਾਤਾਰ ਦੋ ਦਿਨ ਸਾਮਾਨ ਚੋਰੀ ਕੀਤਾ ਗਿਆ ਹੈ।

ਇਹ ਜਾਣਕਾਰੀ ਫਾਰਮੇਸੀ ਅਫਸਰ ਜਸਕੀਰਤ ਸਿੰਘ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਦਿੱਤੀ। ਜਸਕੀਰਤ ਸਿੰਘ ਨੇ ਦੱਸਿਆ ਕਿ ਪਰਸੋਂ ਦੀ ਰਾਤ ਚੋਰ ਦਵਾਈਆਂ ਦੇ ਸਟੋਰ ਦੀ ਛੱਤ ਵਾਲੀ ਖਿੜਕੀ ਤੋੜ ਕੇ ਅੰਦਰ ਦਾਖਲ ਹੋਏ ਅਤੇ ਅੰਦਰ ਪਿਆ ਗੈਸ ਚੁੱਲ੍ਹਾ, ਸਿਲੰਡਰ ਅਤੇ ਕੁਝ ਦਵਾਈਆਂ ਚੋਰੀ ਕਰਕੇ ਲੈ ਗਏ ਜਿਸ ਸਬੰਧੀ ਪੁਲਸ ਥਾਣਾ ਸਰਹਾਲੀ ਕਲਾਂ ਨੂੰ ਸੂਚਿਤ ਕਰ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਚੋਰਾਂ ਵੱਲੋਂ ਕੱਲ ਰਾਤ ਵੀ ਖਿੜਕੀ ਵਿਚੋਂ ਦੀ ਦਾਖਲ ਹੋ ਕੇ ਅੰਦਰ ਪਿਆ ਇਨਵਰਟਰ ਅਤੇ ਹੋਰ ਸਾਮਾਨ ਚੋਰੀ ਕਰ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਚੋਰਾਂ ਵੱਲੋਂ ਬੜੇ ਦਲੇਰਾਨਾ ਢੰਗ ਨਾਲ ਛੱਤ ਵਾਲੀ ਖਿੜਕੀ ਭੰਨ ਕੇ ਦੋ ਦਿਨ ਲਗਾਤਾਰ ਚੋਰੀ ਨੂੰ ਅੰਜਾਮ ਦਿੱਤਾ ਗਿਆ ਹੈ। ਉਨ੍ਹਾਂ ਪ੍ਰਸ਼ਾਸਨ ਅੱਗੇ ਗੁਹਾਰ ਲਗਾਈ ਕਿ ਚੋਰਾਂ ਦੀ ਜਲਦ ਤੋਂ ਜਲਦ ਭਾਲ ਕਰਕੇ ਸਾਮਾਨ ਵਾਪਿਸ ਕਰਵਾਇਆ ਜਾਵੇ।

ਜ਼ਿਕਰਯੋਗ ਹੈ ਕਿ ਕੁਝ ਮਹੀਨੇ ਪਹਿਲਾਂ ਵੀ ਐੱਮਸੀਐੱਚ ਵਿਚੋਂ ਚੋਰਾਂ ਵੱਲੋਂ ਸਿਲੰਡਰ, ਚੁੱਲ੍ਹਾ ਅਤੇ ਛੱਤ ਵਾਲੇ ਪੱਖੇ ਚੋਰੀ ਹੋ ਚੁੱਕੇ ਹਨ ਅਤੇ ਖੰਡਰ ਹੋਏ ਕੁਆਰਟਰਾਂ ਦੇ ਬੂਹੇ ਬਾਰੀਆਂ ਵੀ ਚੋਰਾਂ ਵੱਲੋਂ ਚੋਰੀ ਕੀਤੇ ਜਾ ਚੁੱਕੇ ਹਨ। ਇਸ ਸਮੇਂ ਨਰਿੰਦਰ ਸਿੰਘ ਸੀਨੀਅਰ ਸਹਾਇਕ, ਵਿਸ਼ਾਲ ਕੁਮਾਰ ਬੀਐੱਸਏ, ਕਰਨਬੀਰ ਸਿੰਘ ਕਲਰਕ, ਮਹਿੰਦਰ ਸਿੰਘ, ਅਮ੍ਰਿਤ ਲਾਲ ਆਦਿ ਹਾਜ਼ਰ ਸਨ।

# ਧਾਲੀਵਾਲ ਨੇ ਅਜਨਾਲਾ ਵਾਸੀਆਂ ਨੂੰ ਦਿੱਤੀ ਵੱਡੀ ਸੌਗਾਤ



**ਅਜਨਾਲਾ, (ਸੁਖਤਿੰਦਰ ਸਿੰਘ ਰਾਜੂ)**-ਮਾਨ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣਾ ਸਾਡਾ ਪਹਿਲਾ ਕੰਮ ਹੈ। ਅਜਨਾਲਾ ਹਲਕੇ ਨੂੰ ਵਿਕਾਸ ਪੱਖੋਂ ਇੱਕ ਨੰਬਰ ਬਣਾਉਣਾ ਮੇਰਾ ਸੁਪਨਾ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਦੱਸਿਆ ਕਿ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਅਜਨਾਲਾ ਵਾਸੀਆਂ ਨੂੰ ਅਜਨਾਲੇ ਤੋਂ ਰਮਦਾਸ-ਫਤਿਹਗੜ੍ਹ ਚੂੜੀਆਂ ਤੱਕ 35 ਕਿਲੋਮੀਟਰ ਲੰਬੀ ਨਵੀਂ ਸੜਕ ਦੀ ਸੌਗਾਤ ਦਿੱਤੀ ਹੈ ਅਤੇ ਮੌਜੂਦਾ ਸੜਕ ਨੂੰ ਚੌੜਾ ਵੀ ਕੀਤਾ ਜਾਵੇਗਾ। ਇਸ ਮੌਕੇ ਧਾਲੀਵਾਲ ਨੇ ਦੱਸਿਆ ਕਿ ਇਸ ਕੰਮ 'ਤੇ 50 ਕਰੋੜ ਰੁਪਏ ਖਰਚ ਹੋਣਗੇ ਅਤੇ ਸਰਕਾਰ ਵਲੋਂ ਇਸਦੇ ਫੰਡ ਵੀ ਰਿਲੀਜ਼ ਕਰ ਦਿੱਤੇ ਗਏ ਹਨ। ਉਨ੍ਹਾਂ ਦੱਸਿਆ ਕਿ ਇਸ ਕੰਮ ਦੇ ਟੈਂਡਰ ਵੀ ਲੱਗ ਚੁੱਕੇ ਹਨ ਜੋ ਕਿ 20 ਨਵੰਬਰ ਨੂੰ ਖੋਲ੍ਹੇ ਜਾਣਗੇ ਅਤੇ ਆਉਂਦੇ ਛੇ ਮਹੀਨਿਆਂ ਦੇ ਅੰਦਰ-ਅੰਦਰ ਇਸਦਾ ਨਿਰਮਾਣ ਪੂਰਾ ਹੋ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਸੜਕ ਦੇ ਬਣਨ ਨਾਲ ਪਿੰਡਾਂ ਦੇ ਲੋਕਾਂ ਨੂੰ ਕਾਫ਼ੀ ਸਹੂਲਤ ਮਿਲੇਗੀ। ਕੈਬਨਿਟ ਮੰਤਰੀ ਧਾਲੀਵਾਲ ਨੇ ਕਿਹਾ ਕਿ ਇਸ ਸੜਕ ਦਾ ਉਦਘਾਟਨ ਮੁੱਖ ਮੰਤਰੀ ਪੰਜਾਬ ਛੇਤੀ ਹੀ ਕਰਨਗੇ। ਉਨ੍ਹਾਂ ਨੇ ਮੁੱਖ ਮੰਤਰੀ ਪੰਜਾਬ ਅਤੇ ਵਿੱਤ ਮੰਤਰੀ ਪੰਜਾਬ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਹੀ ਬਦੌਲਤ ਇਸ ਸੜਕ ਦਾ ਨਿਰਮਾਣ ਹੋ ਰਿਹਾ ਹੈ ਅਤੇ ਇੰਨੀ ਛੇਤੀ ਇਸ ਸੜਕ ਲਈ ਫੰਡ ਦੇਣੇ ਵੀ ਉਨ੍ਹਾਂ ਦੀ ਦੇਣ ਹੈ। ਇਸ ਮੌਕੇ ਐੱਸ. ਡੀ. ਐੱਮ. ਅਰਵਿੰਦਰਪਾਲ ਸਿੰਘ, ਬੀਡੀਪੀਓ ਸੁਖਦੀਪ ਸਿੰਘ, ਐੱਸਐੱਚਓ ਸੁਖਜਿੰਦਰ ਸਿੰਘ ਖਹਿਰਾ ਆਦਿ ਹਾਜ਼ਰ ਸਨ।

4--Nov-PAGE- 12 qxd.qxd 11/3/2023 10:10 PM Page 1



# ਭਰੋਮਜਾਰਾ ਵਿਖੇ ਮਹਾਨ ਸੰਤ ਸਮਾਗਮ ਕਰਵਾਇਆ



**ਬਹਿਰਾਮ (ਅਵਤਾਰ ਕਲੇਰ)** ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਨੂੰ ਸਮਰਪਿਤ ਮਹਾਨ ਸੰਤ ਸਮਾਗਮ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀ ਪਾਵਨ ਅਮ੍ਰਿਤ ਬਾਣੀ ਦੀ ਛਤਰ ਛਾਇਆ ਅਤੇ 108 ਸੰਤ ਨਿਰੰਜਣ ਦਾਸ ਜੀ ਗੱਦੀਨਸ਼ੀਨ ਸੱਚਖੰਡ ਬੱਲਾਂ ਦੀ ਸਰਪ੍ਰਸਤੀ ਹੇਠ, ਸਾਈਂ ਪੱਪਲ ਸ਼ਾਹ ਭਰੋਮਜਾਰਾ, ਸਮੂਹ ਸੰਗਤਾਂ ਤੇ ਟਰੱਸਟਾਂ ਦੇ ਸਹਿਯੋਗ ਨਾਲ ਪਿੰਡ ਭਰੋਮਜਾਰਾ ਰਾਣੂੰਆ ਵਿਖੇ ਕਰਵਾਇਆ ਗਿਆ। ਅੰਮ੍ਰਿਤ ਬਾਣੀ ਦੇ ਜਾਪ ਅਤੇ ਭੋਗ ਪਾਏ ਗਏ। ਸੰਤ ਕੁਲਵੰਤ ਰਾਮ ਭਰੋਮਜਾਰਾ, ਸੁਆਮੀ ਗੁਰਦੀਪ ਗਿਰੀ ਪਠਾਨਕੋਟ, ਸੰਤ ਪ੍ਰੀਤਮ ਦਾਸ ਸੰਗਤਪੁਰ, ਸੰਤ ਲੇਖ ਰਾਜ ਨੂਰਪੁਰ ਵਾਲੇ, ਸੰਤ ਹਰਵਿੰਦਰ ਦਾਸ ਈਸਪੁਰ ਤੇ ਸੰਤ ਸੁਖਵਿੰਦਰ ਦਾਸ ਢੱਡੇ ਆਦਿ ਸੰਤ ਮਹਾਂਪੁਰਸ਼ਾਂ ਨੇ ਸੰਗਤਾਂ ਨੂੰ ਪ੍ਰਵਚਨਾਂ ਅਤੇ ਕੀਰਤਨ ਨਾਲ ਨਿਹਾਲ ਕੀਤਾ। ਪੜ੍ਹਾਈ ਵਿੱਚ ਚੰਗੀਆਂ ਪੁਜੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ। ਡਾ. ਸੁਖਵਿੰਦਰ ਕੁਮਾਰ ਸੁੱਖੀ ਵਿਧਾਇਕ ਬੰਗਾ, ਕਮਲਜੀਤ ਬੰਗਾ ਮੈਂਬਰ ਜ਼ਿਲ੍ਹਾ ਪ੍ਰੀਸ਼ਦ, ਪ੍ਰਵੀਨ ਬੰਗਾ, ਦਿਨੇਸ਼ ਕੁਮਾਰ ਕਰੀਹਾ, ਹਰਜਿੰਦਰ ਜੰਡਿਆਲੀ ਮੈਂਬਰ ਬਲਾਕ ਸੰਮਤੀ, ਹਰਭਜਨ ਸਿੰਘ ਸਿੱਧੂ, ਰੋਸ਼ਨ ਲਾਲ ਜੱਸਲ, ਡਾ. ਸਤੀਸ਼ ਸੁਮਨ, ਬੀਬੀ ਭੋਲੀ ਰੰਧਾਵਾ, ਮਹਿੰਦਰ ਸੰਧੂ, ਮਲਕੀਤ ਮੰਢਾਲੀ, ਮਲਕੀਤ ਬੰਬੇਲੀ ਤੋਂ ਇਲਾਵਾ ਭਾਰੀ ਗਿਣਤੀ 'ਚ ਸੰਗਤਾਂ ਹਾਜਰ ਸਨ। ਸਾਈਂ ਪੱਪਲ ਸ਼ਾਹ ਭਰੋਮਜਾਰਾ ਅਤੇ ਪ੍ਰਬੰਧਕਾਂ ਵਲੋਂ ਪਹੁੰਚੇ ਹੋਏ ਮਹਾਂਪੁਰਸ਼ਾਂ, ਮਹਿਮਾਨਾਂ ਅਤੇ ਸੇਵਾਦਾਰਾਂ ਨੂੰ ਸਿਰਪਾਓ ਨਾਲ ਸਨਮਾਨਿਤ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਮਾਸਟਰ ਸੱਤਪਾਲ ਸਾਹਲੋਂ ਤੇ ਮਾਸਟਰ ਸੋਮਰਾਜ ਨੇ ਨਿਭਾਈ। ਗੁਰੂ ਦਾ ਲੰਗਰ ਅਤੁੱਟ ਵਰਤਾਇਆ ਗਿਆ।

# ਲੜਾਈ-ਝਗੜੇ ਦੇ ਕੇਸ 'ਚ ਦੋ ਗ੍ਰਿਫ਼ਤਾਰ



**ਟਾਂਡਾ ਉੜਮੁੜ (ਜਸਵਿੰਦਰ ਸੰਧੂ ਉਂਕਾਰ ਸਿੰਘ)**-ਇੰਸਪੈਕਟਰ ਉਂਕਾਰ ਸਿੰਘ ਬਰਾੜ ਮੁੱਖ ਅਫਸਰ ਥਾਣਾ ਟਾਂਡਾ ਨੇ ਦੱਸਿਆ ਕਿ ਐਸ.ਆਈ ਦਲਜੀਤ ਸਿੰਘ ਸਮੇਤ ਪੁਲਸ ਪਾਰਟੀ ਨੇ ਵੱਖ-ਵੱਖ ਧਾਰਾਵਾਂ ਹੇਠ ਕਾਸ਼ੂ ਪੁੱਤਰ ਸ਼ਿੰਦਾ ਵਾਸੀ ਬਾਲਮੀਕ ਮਹੱਲਾ ਉੜਮੁੜ ਟਾਂਡਾ, ਨੀਤੀਸ਼ ਪੁੱਤਰ ਜਸਪਾਲ ਸਿੰਘ ਵਾਸੀ ਬਾਲਮੀਕ ਮਹੱਲਾ ਉੜਮੁੜ ਟਾਂਡਾ ਨੂੰ ਗ੍ਰਿਫਤਾਰ ਕੀਤਾ ਹੈ। ਭੁਪਿੰਦਰ ਸਿੰਘ ਉਰਫ ਭਿੰਦਰ ਪੁੱਤਰ ਸੁਖਵਿੰਦਰ ਸਿੰਘ ਵਾਸੀ ਵਾਰਡ ਨੰਬਰ 3 ਉੜਮੁੜ ਥਾਣਾ ਟਾਂਡਾ ਨੂੰ ਭੀੜੇ ਬਜਾਰ ਵਿਚ ਮੋਟਰਸਾਇਕਲ ਸਵਾਰਾਂ ਨੇ ਮਾਰ ਦੇਣ ਦੀ ਨੀਅਤ ਨਾਲ ਸੱਟਾਂ ਮਰਵਾਈਆਂ ਸਨ। ਪੁਲਸ ਵੱਲੋਂ ਬਾਕੀ ਮੁਲਜ਼ਮਾਂ ਦੀ ਭਾਲ ਜਾਰੀ ਹੈ।

# ਕੁਦਰਤ ਨਾਲ ਖਿਲਵਾੜ ਸਿਹਤ ਲਈ ਖਤਰਨਾਕ : ਡਾ. ਬਲਦੇਵ ਸਿੰਘ




**ਬੁੱਲ੍ਹੋਵਾਲ, (ਵਿਰਦੀ)** "ਮਨੁੱਖ ਕੁਦਰਤ ਨਾਲ ਖਿਲਵਾੜ ਕਰ ਰਿਹਾ ਹੈ ਜਿਸ ਕਾਰਨ ਬਿਮਾਰੀਆਂ ਵਿਚ ਵਾਧਾ ਹੋ ਰਿਹਾ ਹੈ। ਫਸਲਾਂ ਰਹਿੰਦ ਖੂੰਦ ਨੂੰ ਅੱਗ ਲਗਾਉਣਾ ਇੱਕ ਅਜਿਹਾ ਹੀ ਕੁਦਰਤ ਨਾਲ ਖਿਲਵਾੜ ਹੈ ਜਿਸ ਨਾਲ ਬਹੁਤ ਸਾਰੀਆਂ ਸਿਹਤ ਸੰਬੰਧੀ ਸਮੱਸਿਆਵਾਂ ਪੈਦਾ ਹੁੰਦੀਆਂ ਹਨ।" ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸੀਨੀਅਰ ਮੈਡੀਕਲ ਅਫਸਰ ਡਾ. ਬਲਦੇਵ ਸਿੰਘ ਨੇ ਪੀ.ਐਚ.ਸੀ. ਚੱਕੋਵਾਲ ਵਿਖੇ ਹੋਈ ਆਸ਼ਾ ਵਰਕਰਾਂ ਦੀ ਮੀਟਿੰਗ ਦੌਰਾਨ ਕੀਤਾ। ਉਨ੍ਹਾਂ ਨੇ ਦੱਸਿਆ ਕਿ ਧੂੰਏਂ ਕਾਰਨ ਲੋਕਾਂ ਵਿਚ ਸਾਹ ਨਾਲ ਸੰਬੰਧਤ ਸ਼ਿਕਾਇਤਾਂ ਵਧਣ ਲੱਗਦੀਆਂ ਹਨ। ਇਸ ਲਈ ਅੱਗ ਦੇ ਨੁਕਸਾਨ ਪ੍ਰਤੀ ਆਸ਼ਾ ਵਰਕਰ ਪਿੰਡਾਂ ਵਿਚ ਲੋਕਾਂ ਨੂੰ ਜਾਗਰੂਕ ਕਰ ਸਕਦੀ ਹੈ। ਇਸ ਮੌਕੇ ਖੇਤੀਬਾੜੀ ਵਿਭਾਗ ਵੱਲੋਂ ਅਮਨਦੀਪ ਸਿੰਘ ਏ.ਈ.ਓ. ਨੇ ਖਾਸ ਤੌਰ 'ਤੇ ਸ਼ਿਰਕਤ ਕੀਤੀ। ਉਹਨਾਂ ਦੱਸਿਆ ਕਿ ਖੇਤੀਬਾੜੀ ਵਿਚ ਫਸਲਾਂ ਦੀ ਰਹਿੰਦ ਖੂੰਦ ਨੂੰ ਅੱਗ ਲੱਗਣ ਤੋਂ ਰੋਕਣ ਲਈ ਪੰਜਾਬ ਸਰਕਾਰ ਤੇ ਖੇਤੀਬਾੜੀ ਵਿਭਾਗ ਵੱਡੇ ਪੱਧਰ ਤੇ ਕੋਸ਼ਿਸ਼ ਕਰ ਰਿਹਾ ਹੈ। ਅੱਗ ਲਗਾਉਣ ਨਾਲ ਸਿਹਤ ਦੇ ਨੁਕਸਾਨ ਦੇ ਨਾਲ ਨਾਲ ਵਾਤਾਵਰਨ ਵੀ ਦੂਸ਼ਿਤ ਹੁੰਦਾ ਹੈ ਤੇ ਨਾਲ ਹੀ ਮਿੱਟੀ ਵਿਚ ਮਿਲਣ ਵਾਲੇ ਮਿੱਤਰ ਕੀੜੇ ਵੀ ਮਾਰ ਜਾਂਦੇ ਹਨ। ਇਸ ਲਈ ਆਸ਼ਾ ਵਰਕਰਾਂ ਆਪਣੇ ਪੱਧਰ 'ਤੇ ਲੋਕਾਂ ਨੂੰ ਸਮਝਾ ਸਕਦੀਆਂ ਹਨ। ਵਿਭਾਗ ਵੱਲੋਂ ਪਰਾਲੀ ਦੇ ਨਿਪਟਾਰੇ ਲਈ ਮਸ਼ੀਨਾਂ ਵੀ ਉਪਲਬੱਧ ਕਰਵਾਈਆਂ ਜਾਂਦੀਆਂ ਹਨ। ਇਸ ਮੌਕੇ ਹਰਦੀਪ ਸਿੰਘ ਬੀ.ਈ.ਈ. ਵੀ ਹਾਜ਼ਰ ਸਨ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ 'ਚ ਮਹਿੰਦੀ ਪ੍ਰਤੀਯੋਗਤਾ

**ਕਪੂਰਥਲਾ, ( ਹਨੀ )** ਰੇਲ ਕੋਚ ਫੈਕਟਰੀ ਸਾਹਮਣੇ ਸਥਿਤ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿੱਚ ਪ੍ਰਿੰਸੀਪਲ ਪ੍ਰਬਦੀਪ ਕੌਰ ਮੋਂਗਾ ਦੀ ਅਗਵਾਈ ਵਿਚ ਕਰਵਾ ਚੌਥ ਸਬੰਧੀ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਦੌਰਾਨ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਡਾਇਰੈਕਟਰ ਸਕੂਲ ਇੰਜੀਨੀਅਰ ਹਰਨਿਆਮਤ ਕੌਰ ਅਤੇ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ ਸਮਾਗਮ ਵਿੱਚ ਵਿਸੇਸ ਤੌਰ 'ਤੇ ਸ਼ਾਮਲ ਹੋਏ। ਵਿਦਿਆਰਥਣਾਂ ਵੱਲੋਂ ਇੱਕ ਦੂਜੇ ਦੀ ਹੱਥਾਂ 'ਤੇ ਬਹੁਤ ਹੀ ਸੁੰਦਰ ਮਹਿੰਦੀ ਲਗਾ ਕੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਗਿਆ, ਜੋ ਕਿ ਸਮਾਗਮ ਦਾ ਮੁੱਖ ਆਕਰਸ਼ਣ ਵੀ ਰਿਹਾ। ਪ੍ਰਤੀਯੋਗਤਾ ਦੌਰਾਨ ਵਿਦਿਆਰਥਣਾਂ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਗਿਆਰਵੀਂ ਜਮਾਤ ਦੀ ਇੰਦਰਪ੍ਰੀਤ ਕੌਰ ਪਹਿਲੇ ਅਤੇ ਨੇਹਾ ਦੂਜੇ ਸਥਾਨ 'ਤੇ ਕਬਜਾ ਕਰਨ ਵਿੱਚ ਸਫਲ ਰਹੀ, ਜਦਕਿ 12ਵੀਂ ਜਮਾਤ ਦੀ ਭਵਨਪ੍ਰੀਤ ਕੌਰ ਤੀਜੇ ਸਥਾਨ 'ਤੇ ਰਹੀ। ਸਮਾਗਮ ਦੇ ਅੰਤ ਵਿੱਚ ਪਹੁੰਚੇ ਮਹਿਮਾਨਾਂ ਅਤੇ ਸਟਾਫ਼ ਮੈਂਬਰਾਂ ਵੱਲੋਂ ਜੇਤੂ ਰਹੀਆਂ ਵਿਦਿਆਰਥਣਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।



# ਇਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸ਼ਨਜ਼ ਵੱਲੋਂ ਉਦਯੋਗਿਕ ਦੌਰਾ



**ਜਲੰਧਰ - (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ ਗਰੁੱਪ ਆਫ ਇੰਸਟੀਚਿਊਸਨਜ ਲੋਹਾਰਾਂ ਦੇ ਮੈਡੀਕਲ ਸਾਇੰਸ ਅਤੇ ਐਗਰੀਕਲਚਰ ਵਿਭਾਗ ਦੇ ਵਿਦਿਆਰਥੀਆਂ ਨੇ ਉਦਯੋਗਿਕ ਦੌਰਾ ਕੀਤਾ। ਵਿਦਿਆਰਥੀਆਂ ਨੂੰ ਨੈਸ਼ਨਲ ਐਗਰੀ-ਬਾਇਓਟੈਕਨਾਲੋਜੀ ਇੰਸਟੀਚਿਊਟ, ਮੋਹਾਲੀ ਦਾ ਦੌਰਾ ਕਰਨ ਦਾ ਮੌਕਾ ਮਿਲਿਆ। 2010 ਵਿੱਚ ਸਥਾਪਿਤ, , ਭਾਰਤ ਸਰਕਾਰ ਦੁਆਰਾ ਇੱਕ ਖੁਦਮੁਖਤਿਆਰ ਸੰਸਥਾ, ਖੇਤੀਬਾੜੀ ਅਤੇ ਭੋਜਨ ਬਾਇਓਟੈਕਨਾਲੋਜੀ ਖੋਜ 'ਤੇ ਕੇਂਦਰਿਤ ਹੈ। ਇਸਦਾ ਮੁੱਖ ਟੀਚਾ ਟਿਕਾਊ ਖੇਤੀਬਾੜੀ ਉਤਪਾਦਕਤਾ ਅਤੇ ਭੋਜਨ ਸੁਰੱਖਿਆ ਲਈ ਬਾਇਓਟੈਕਨਾਲੋਜੀਕਲ ਸਾਧਨਾਂ ਦੀ ਵਰਤੋਂ ਕਰਨਾ ਹੈ। ਖੋਜਕਰਤਾਵਾਂ ਦੇ ਮਾਰਗਦਰਸ਼ਨ ਅਤੇ ਦਿਸ਼ਾ-ਨਿਰਦੇਸ਼ ਤਹਿਤ ਵਿਦਿਆਰਥੀਆਂ ਨੂੰ ਬਾਇਓਟੈਕਨਾਲੋਜੀ, ਮਾਈਕ੍ਰੋਬਾਇਓਲੋਜੀ, ਐਗਰੀਕਲਚਰ, ਫੂਡ ਬਾਇਓਟੈਕਨਾਲੋਜੀ ਅਤੇ ਜੀਨੋਮਿਕਸ ਲੈਬਾਰਟਰੀਆਂ ਬਾਰੇ ਜਾਣਕਾਰੀ ਦਿੱਤੀ ਗਈ। ਉਨ੍ਹਾਂ ਨੇ ਪਲਾਂਟ ਟਿਸ਼ੂ ਕਲਚਰ, ਐਡਵਾਂਸਡ ਮਾਈਕ੍ਰੋਸਕੋਪੀ-ਫੀਲਡ ਐਮੀਸਨ ਸਕੈਨਿੰਗ ਇਲੈਕਟ੍ਰੋਨ ਮਾਈਕ੍ਰੋਸਕੋਪੀ (ਐਫਈਐਸਈਐਮ), ਤਰਲ ਕ੍ਰੋਮੈਟੋਗ੍ਰਾਫੀ ਅਤੇ ਮਾਲਡੀ-ਟੌਫ ਮਾਸ ਸਪੈਕਟ੍ਰੋਮੈਟਰੀ ਬਾਰੇ ਸਿੱਖਿਆ। ਵਿਦਿਆਰਥੀਆਂ ਨੇ ਵੱਖ-ਵੱਖ ਪ੍ਰਯੋਗਸ਼ਾਲਾਵਾਂ ਅਤੇ ਪੌਦਿਆਂ ਦੇ ਖੇਤਰਾਂ ਦਾ ਦੌਰਾ ਕਰਕੇ ਸੀਆਰਆਈਐਸਪੀ, ਡੀਐਨਏ ਸੀਕਵੈਂਸਿੰਗ, ਫੂਡ ਫਰਮੈਂਟੇਸਨ, ਬਾਇਓ-ਕੋਲ ਉਤਪਾਦਨ ਬਾਰੇ ਵੀ ਸਿੱਖਿਆ। ਟੀਚਿੰਗ ਫੈਕਲਿਟੀ, ਸ੍ਰੀਮਤੀ ਨਿਧੀ ਸਰਮਾ, ਸ੍ਰੀਮਤੀ ਮਿਥਿਲੇਸ ਪਾਂਡੇ, ਸ੍ਰੀਮਤੀ ਕਵਿਤਾ ਚੌਹਾਨ ਅਤੇ ਸ੍ਰੀਮਤੀ ਮੁਸਕਾਨ ਗਾਬਾ ਨੇ ਵਿਦਿਆਰਥੀਆਂ ਦਾ ਧਿਆਨ ਵੱਖ-ਵੱਖ ਤਕਨੀਕਾਂ ਅਤੇ ਆਧੁਨਿਕ ਪ੍ਰਯੋਗਸ਼ਾਲਾ ਉਪਕਰਣਾਂ ਵੱਲ ਲਿਆਂਦਾ। ਉੱਨਤ ਮਸ਼ੀਨਾਂ ਅਤੇ ਖੋਜ ਪ੍ਰੋਜੈਕਟਾਂ ਨੇ ਵਿਦਿਆਰਥੀਆਂ ਨੂੰ ਪੂਰੀ ਤਰ੍ਹਾਂ ਨਾਲ ਜੋੜਿਆ। ਕੁੱਲ ਮਿਲਾ ਕੇ, ਇਹ ਦੌਰਾ ਗਿਆਨ ਭਰਪੂਰ ਅਤੇ ਲਾਭਦਾਇਕ ਅਨੁਭਵ ਸੀ।

# ਐਨ ਆਰ ਆਈ 10 ਤੱਕ ਪੇਸ਼ ਕਰ ਸਕਦੇ ਹਨ ਦਾਅਵੇ ਤੇ ਇਤਰਾਜ਼

**ਜਲੰਧਰ, (ਸ਼ੈਲੀ ਐਲਬਰਟ)** ਐਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨ ਦੀ ਚੋਣ ਲਈ ਐਨ.ਆਰ.ਆਈ. ਸੈਂਟਰਲ ਸਭਾ ਅਤੇ ਸਾਰੇ ਜ਼ਿਲ੍ਹਿਆਂ ਦੇ ਐਨ.ਆਰ.ਆਈ. ਮੈਂਬਰਾਂ ਦੀ ਡਰਾਫ਼ਟ ਵੋਟਰ ਸੂਚੀ ਐਨ.ਆਰ.ਆਈ. ਸਭਾ ਪੰਜਾਬ ਦੀ ਵੈਬਸਾਈਟ www.nrisabhapunjab.in 'ਤੇ ਉਪਲਬੱਧ ਹਨ। ਐਨ.ਆਰ.ਆਈ.ਸਭਾ ਪੰਜਾਬ ਦੇ ਕਾਰਜਕਾਰੀ ਡਾਇਰੈਕਟਰ-ਕਮ-ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਵਰਿੰਦਰਪਾਲ ਸਿੰਘ ਬਾਜਵਾ ਨੇ ਦੱਸਿਆ ਕਿ ਜੇਕਰ ਕਿਸੇ ਮੈਂਬਰ ਨੂੰ ਵੋਟਰ ਸੂਚੀਆਂ 'ਤੇ ਕੋਈ ਇਤਰਾਜ਼ ਹੈ ਤਾਂ ਉਹ ਇਸ ਸਬੰਧੀ ਸਬੰਧਿਤ ਜ਼ਿਲ੍ਹੇ ਦੇ ਵਧੀਕ ਡਿਪਟੀ ਕਮਿਸ਼ਨਰ (ਜਨਰਲ)-ਕਮ- ਚੋਣਕਾਰ ਰਜਿਸਟਰੇਸ਼ਨ ਅਫ਼ਸਰ ਪਾਸ ਨਿਰਧਾਰਿਤ ਮਿਤੀ ਤੱਕ ਫਾਰਮ ਏ, ਬੀ ਅਤੇ ਸੀ ਵਿੱਚ ਆਪਣੇ ਦਾਅਵੇ ਅਤੇ ਇਤਰਾਜ਼ ਪੇਸ਼ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਯੂਨਿਟ ਜਲੰਧਰ/ ਜਲੰਧਰ ਦੀਆਂ ਸਾਰੀਆਂ ਸਬ ਡਵੀਜ਼ਨਾਂ ਅਤੇ ਸੈਂਟਰਲ ਸਭਾ ਜਲੰਧਰ ਦੇ ਮੈਂਬਰ ਆਪਣੇ ਦਾਅਵੇ ਅਤੇ ਇਤਰਾਜ਼ ਦਫ਼ਤਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਚੋਣਕਾਰ ਰਜਿਸਟਰੇਸ਼ਨ ਅਫ਼ਸਰ ਜਲੰਧਰ ਦੇ ਦਫ਼ਤਰ ਵਿਖੇ ਦੇ ਸਕਦੇ ਹਨ। ਬਾਜਵਾ ਨੇ ਦੱਸਿਆ ਕਿ ਸਾਰੇ ਦਾਅਵੇ ਅਤੇ ਇਤਰਾਜ਼ਾਂ ਦਾ ਨਿਪਟਾਰਾ 10 ਨਵੰਬਰ ਨੂੰ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿ ਫਾਰਮ ਸਾਰੇ ਈ.ਆਰ.ਓ/ਏ.ਈ.ਆਰ.ਓ ਦੇ ਦਫ਼ਤਰਾਂ ਵਿੱਚ ਅਤੇ ਐਨ.ਆਰ.ਆਈ.ਸਭਾ ਪੰਜਾਬ ਦੀ ਵੈਬਸਾਈਟ www.nrisabhapunjab.in 'ਤੇ ਉਪਲਬੱਧ ਹਨ।

# ਐੱਮ ਐੱਸ ਕੇ ਸਕੂਲ ਨੇ ਮਾਤਾ ਸਾਹਿਬ ਕੌਰ ਦਾ ਜਨਮ ਦਿਵਸ ਮਨਾਇਆ



**ਟਾਂਡਾ ਉੜਮੜ ( ਓਂਕਾਰ ਸਿੰਘ, ਜਸਵਿੰਦਰ ਸੰਧੂ )**- ਇਲਾਕੇ ਦੀ ਨਾਮਵਰ ਵਿਦਿਅਕ ਸੰਸਥਾ ਐਮ ਐਸ ਕੇ ਡੇ ਬੋਰਡਿੰਗ ਸੀਬੀਐਸਈ ਸੈਕੰਡਰੀ ਸਕੂਲ ਕੋਟਲੀ ਜੰਡ ਵਿਖੇ ਖਾਲਸਾ ਪੰਥ ਦੀ ਮਾਤਾ ਸਾਹਿਬ ਕੌਰ ਜੀ ਦਾ ਜਨਮ ਦਿਵਸ ਸਕੂਲ ਸਟਾਫ ਅਤੇ ਵਿਦਿਆਰਥੀਆਂ ਵੱਲੋਂ ਮਿਲ ਕੇ ਮਨਾਇਆ ਗਿਆ। ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਅਤੇ ਪ੍ਰਿੰਸੀਪਲ ਪਰਵਿੰਦਰ ਕੌਰ ਦੀ ਦੇਖ ਦੇਖ ਹੇਠ ਵਿਦਿਆਰਥੀਆਂ ਅਤੇ ਅਧਿਆਪਕਾਂ ਵੱਲੋਂ ਮਿਲ ਕੇ 'ਸੁਖਮਨੀ ਸਾਹਿਬ' ਜੀ ਦੇ ਪਾਠ ਕੀਤੇ ਗਏ ਜਿਸ ਉਪਰੰਤ ਸਕੂਲ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ ਕੀਤਾ ਗਿਆ ਅਤੇ ਅਧਿਆਪਕ ਅਮਨਪ੍ਰੀਤ ਸਿੰਘ ਵੱਲੋਂ ਮਾਤਾ ਸਾਹਿਬ ਕੌਰ ਜੀ ਦੇ ਜੀਵਨ ਵੇਰਵਿਆਂ ਨੂੰ ਵਿਦਿਆਰਥੀਆਂ ਨਾਲ ਸਾਂਝਾ ਕੀਤਾ ਗਿਆ।

ਉਨਾਂ ਵਿਦਿਆਰਥੀਆਂ ਨੂੰ ਦੱਸਿਆ ਕਿ ਅਨੰਦਪੁਰ ਸਾਹਿਬ ਛੱਡਣ ਉਪਰੰਤ ਗੁਰੂ ਸਾਹਿਬ ਜੀ ਦੇ ਨਾਲ ਨਾਲ ਮਾਤਾ ਸਾਹਿਬ ਕੌਰ ਨੂੰ ਵੀ ਬੜੀਆਂ ਕਠਿਨਾਈਆਂ ਦਾ ਸਾਹਮਣਾ ਕਰਨਾ ਪਿਆ।

ਸਮਾਰੋਹ ਦੇ ਅੰਤ 'ਤੇ ਖਾਲਸਾ ਪੰਥ ਦੀ ਚੜ੍ਹਦੀ ਕਲਾ ਅਤੇ ਇਲਾਕੇ ਦੀ ਸੁੱਖ ਸ਼ਾਂਤੀ ਲਈ ਅਰਦਾਸ ਕੀਤੀ ਗਈ। ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ। ਇਸ ਮੌਕੇ ਮੈਡਮ ਨਰਿੰਦਰ ਕੌਰ, ਗੁਰਸਰਨ ਕੌਰ, ਆਗਿਆ ਕੌਰ, ਗੁਰਪ੍ਰੀਤ ਕੌਰ, ਪ੍ਰਭਜੋਤ ਕੌਰ, ਸੁਖਵਿੰਦਰ ਕੌਰ ਅਤੇ ਹੋਰ ਹਾਜਰ ਸਨ।

# ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਪੰਜਾਬੀ ਸਾਹਿਤ ਸਭਾ ਦਾ ਗਠਨ



**ਕਰਤਾਰਪੁਰ (ਹਰਮੇਸ਼ ਦੱਤ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚਲਾਏ ਜਾ ਰਹੇ ਮਾਤਾ ਗੁਜਰੀ ਖ਼ਾਲਸਾ ਕਾਲਜ ਵਿਖੇ ਕਾਲਜ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਦੀ ਅਗਵਾਈ ਹੇਠ ਪੰਜਾਬੀ ਵਿਭਾਗ ਵੱਲੋਂ ਸੈਸ਼ਨ 2023-24 ਦੀ 'ਪੰਜਾਬੀ ਸਾਹਿਤ ਸਭਾ' ਦਾ ਗਠਨ ਕੀਤਾ ਗਿਆ। ਜਿਸਦਾ ਉਦੇਸ਼ ਸਮੂਹ ਵਿਦਿਆਰਥੀਆਂ ਅੰਦਰ ਪੰਜਾਬੀ ਭਾਸ਼ਾ ਅਤੇ ਸਾਹਿਤ ਪ੍ਰਤੀ ਰੁਚੀ ਪੈਦਾ ਕਰਦੇ ਹੋਏ ਉਹਨਾਂ ਦੀ ਅੰਦਰੂਨੀ ਪ੍ਰਤਿਭਾ ਨੂੰ ਉਜਾਗਰ ਕਰਨਾ ਹੈ। ਇਸ ਸਭਾ ਦੇ ਮੈਂਬਰਾਂ ਦੀ ਨਿਯੁਕਤੀ ਕਰਨ ਲਈ ਸਮੂਹ ਵਿਦਿਆਰਥੀਆਂ ਵੱਲੋਂ ਆਪਣੇ ਪਸੰਦੀਦਾ ਉਮੀਦਵਾਰਾਂ ਦੇ ਹੱਕ ਵਿੱਚ ਵੋਟਾਂ ਪਾਈਆਂ ਗਈਆਂ ਅਤੇ ਸਭ ਤੋਂ ਵੱਧ ਵੋਟਾਂ ਹਾਸਿਲ ਕਰਨ ਵਾਲੇ ਉਮੀਦਵਾਰਾਂ ਵਿਚੋਂ ਸਲਮਾ ਬੀ.ਏ ਭਾਗ ਤੀਜਾ ਦੀ ਵਿਦਿਆਰਥਣ ਸਭਾ ਦੀ ਪ੍ਰਧਾਨ,ਸਿਮਰਪ੍ਰੀਤ ਸਿੰਘ ਬੀ.ਏ ਭਾਗ ਤੀਜਾ ਅਤੇ ਪ੍ਰਭਜੋਤ ਬੀ.ਕਾਮ ਭਾਗ ਤੀਜਾ ਨੂੰ ਉਪ-ਪ੍ਰਧਾਨ, ਕਰਮਪ੍ਰੀਤ ਕੌਰ ਬੀ.ਕਾਮ ਭਾਗ ਦੂਜਾ ਨੂੰ ਮੁੱਖ ਸਕੱਤਰ ਅਤੇ ਰੀਆ ਬੀ.ਕਾਮ ਭਾਗ ਦੂਜਾ ਨੂੰ ਸਕੱਤਰ,ਨਵਜੋਤ ਕੌਰ ਬੀ.ਏ ਭਾਗ ਤੀਜਾ ਨੂੰ ਖਜ਼ਾਨਚੀ ਚੁਣਿਆ ਗਿਆ। ਇਸ ਤੋਂ ਇਲਾਵਾ 25 ਵਿਦਿਆਰਥੀ ਕਾਰਜਕਾਰੀ ਮੈਂਬਰ ਚੁਣੇ ਗਏ। ਇਸ ਮੌਕੇ ਕਾਲਜ ਦੇ ਪ੍ਰਿੰਸੀਪਲ ਡਾ. ਹਰਮਨਦੀਪ ਸਿੰਘ ਗਿੱਲ ਨੇ ਚੁਣੇ ਗਏ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਅਤੇ ਸਾਹਿਤ ਦੇ ਮਹੱਤਵ ਨੂੰ ਉਜਾਗਰ ਕਰਦਿਆਂ ਸਮੂਹ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਪੰਜਾਬੀ ਭਾਸ਼ਾ ਪ੍ਰਤੀ ਲਗਾਓ ਅਤੇ ਇਸਨੂੰ ਹੋਰ ਪ੍ਰਫੁੱਲਿਤ ਕਰਨ ਲਈ ਪ੍ਰੇਰਿਆ। ਇਸ ਮੌਕੇ ਪੰਜਾਬੀ ਵਿਭਾਗ ਦੇ ਸਮੂਹ ਅਧਿਆਪਕ ਹਾਜ਼ਰ ਸਨ।

# ਸ਼ਹੀਦ ਏ ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਫੁੱਟਬਾਲ ਟੂਰਨਾਮੈਂਟ 17 ਤੋਂ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)** ਸ਼ਹੀਦ ਏ ਆਜ਼ਮ ਭਗਤ ਸਿੰਘ ਸਪੋਰਟਸ ਕਲੱਬ ਗੜ੍ਹਸ਼ੰਕਰ ਵਲੋਂ 14ਵਾਂ ਸਾਲਾਨਾ ਫੁੱਟਬਾਲ ਟੂਰਨਾਮੈਂਟ ਸਵ. ਸਰਦਾਰ ਦਿਲਪ੍ਰੀਤ ਸਿੰਘ ਢਿੱਲੋਂ ਦੀ ਨਿੱਘੀ ਯਾਦ ਨੂੰ ਸਮਰਪਿਤ 17 ਨਵੰਬਰ ਤੋਂ 21 ਨਵੰਬਰ ਤੱਕ ਉਲੀਪਅਨ ਸਰਦਾਰ ਜਰਨੈਲ ਸਿੰਘ ਸਟੇਡੀਅਮ ਸੀਨੀਅਰ ਸੈਕੰਡਰੀ ਸਕੂਲ ਗੜ੍ਹਸ਼ੰਕਰ ਦੀ ਗਰਾਊਂਡ ਵਿਖੇ ਕਰਵਾਇਆ ਜਾ ਰਿਹਾ ਹੈ। ਕਲੱਬ ਦੇ ਪ੍ਰਧਾਨ ਜਸਵੀਰ ਸਿੰਘ ਰਾਏ ਨੇ ਦੱਸਿਆ ਕਿ ਫੁੱਟਬਾਲ ਟੂਰਨਾਮੈਂਟ ਮੌਕੇ ਪਿੰਡ ਪੱਧਰ ਅਤੇ ਸਕੂਲ ਪੱਧਰ ਦੀਆਂ ਫੁੱਟਬਾਲ ਟੀਮਾਂ ਦੇ ਮੈਚ ਕਰਵਾਏ ਜਾਣਗੇ . ਪਹਿਲਾਂ ਸਥਾਨ ਪ੍ਰਾਪਤ ਕਰਨ ਵਾਲੀ ਟੀਮ ਨੂੰ 31000 ਅਤੇ ਦੂਸਰੇ ਸਥਾਨ 'ਤੇ ਆਉਣ ਵਾਲੀ ਟੀਮ ਨੂੰ 25000 ਹਜਾਰ ਦਾ ਇਨਾਮ ਦਿੱਤਾ ਜਾਵੇਗਾ। ਟੂਰਨਾਮੈਂਟ ਦੌਰਾਨ ਇੰਟਰਸਟੇਟ ਅਥਲੈਟਿਕ ਮੀਟ ਮੁਕਾਬਲੇ 21 ਨਵੰਬਰ ਨੂੰ ਕਰਵਾਏ ਜਾਣਗੇ, ਜਿਸ ਵਿੱਚ ਲੰਬੀ ਛਾਲ,ਗੋਲਾ ਸੁੱਟਣਾ ਅਤੇ ਰੱਸਾਕਸੀ ਮੁਕਾਬਲੇ ਵੀ ਕਰਵਾਏ ਜਾਣਗੇ।

# ਐੱਸ ਟੀ ਐੱਸ ਵਰਲਡ ਸਕੂਲ ਨੇ ਪਹਿਲਾ ਕੀਤਾ ਸਥਾਨ ਪ੍ਰਾਪਤ




**ਗੁਰਾਇਆ (ਬਿੰਦਰ ਸੁਮਨ)**-ਸੈਫਰਨ ਪਬਲਿਕ ਸਕੂਲ( ਫਗਵਾੜਾ) ਵਿਖੇ ਸਹੋਦਿਆ ਇੰਟਰ ਸਕੂਲ ਰੈਪ ਸੌਂਗ ਕੰਪੀਟੀਸ਼ਨ ਆਯੋਜਿਤ ਕੀਤਾ ਗਿਆ। ਜਿਸ ਵਿੱਚ ਐੱਸ.ਟੀ.ਐੱਸ. ਵਰਲਡ ਸਕੂਲ ਦੇ ਹੋਣਹਾਰ ਵਿਦਿਆਰਥੀ ਅਭੈ ਰਾਜਾ ਨੇ ਸਤਾਰਾਂ ਸਕੂਲਾਂ ਦੇ ਵਿਦਿਆਰਥੀਆਂ ਨੂੰ ਪਛਾੜਦੇ ਹੋਏ ਪਹਿਲਾ ਸਥਾਨ ਪ੍ਰਾਪਤ ਕਰਕੇ ਸ਼ਾਨਦਾਰ ਸਫਲਤਾ ਹਾਸਲ ਕੀਤੀ। ਰੈਪ ਸੌਂਗ ਅਸਲ ਵਿੱਚ ਅਫਰੀਕੀ ਅਮਰੀਕੀ ਮੂਲ ਦਾ ਇੱਕ ਕਿਸਮ ਦਾ ਸੰਗੀਤ ਹੈ ,ਜਿਸ ਵਿੱਚ ਤਾਲਬੱਧ ਅਤੇ ਆਮ ਤੌਰ 'ਤੇ ਤੁਕਬੰਦੀ ਵਾਲੀ ਭਾਸ਼ਾ ਨੂੰ ਸੰਗੀਤਕ ਢੰਗ ਨਾਲ ਉਚਾਰਿਆ ਜਾਂਦਾ ਹੈ। ਸਕੂਲ ਦੇ ਪ੍ਰਿੰਸੀਪਲ ਪ੍ਰਭਜੀਤ ਗਿੱਲ ਨੇ ਅਭੈ ਰਾਜਾ ਨੂੰ ਵਧਾਈ ਦਿੱਤੀ। ਉਹਨਾਂ ਸਾਰੇ ਵਿਦਿਆਰਥੀਆਂ ਨੂੰ ਇਸੇ ਤਰ੍ਹਾਂ ਹੀ ਆਉਣ ਵਾਲੀਆਂ ਨਵੀਨ ਅਤੇ ਅਗਾਂਹ ਵਧੂ ਪ੍ਰਤੀਯੋਗਿਤਾਵਾਂ ਵਿੱਚ ਹਿੱਸਾ ਲੈਣ ਲਈ ਕਿਹਾ।

# ਇਤਿਹਾਸਕ ਰੌਸ਼ਨੀ ਮੇਲਾ ਬੀਰਮਪੁਰ ਦਾ ਪੋਸਟਰ ਰਿਲੀਜ਼

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**— ਦਰਬਾਰ ਮੀਆਂ ਬਾਬਾ ਕਾਦਰ ਬਖਸ਼ ਜੀ ਪਿੰਡ ਬੀਰਮਪੁਰ ਵਿਖੇ ਰੌਸ਼ਨੀ ਮੇਲੇ ਦਾ ਪੋਸਟਰ ਪ੍ਰਬੰਧਕ ਕਮੇਟੀ ਵਲੋਂ ਰਿਲੀਜ਼ ਕੀਤਾ ਗਿਆ।

ਇਹ ਮੇਲਾ ਹਰ ਸਾਲ 5 ਨਵੰਬਰ ਤੋਂ 8 ਨਵੰਬਰ ਤੱਕ ਬਹੁਤ ਹੀ ਸ਼ਰਧਾ ਨਾਲ ਕਰਵਾਇਆ ਜਾਂਦਾ ਹ। ਮੇਲੇ ਦੀ ਸ਼ੁਰੂਆਤ 5 ਨਵੰਬਰ ਨੂੰ ਸ਼ਾਮ 4 ਵਜੇ ਦਰਬਾਰ ਤੇ ਚਿਰਾਗ ਰੌਸ਼ਨ ਕਰਕੇ ਕੀਤੀ ਜਾਵੇਗੀ ਉਪਰੰਤ ਕਰਾਮਤ ਫਕੀਰ ਕਵਾਲ ਐਂਡ ਪਾਰਟੀ ਮਲੇਰਕੋਟਲਾ ਵਾਲਿਆਂ ਵੱਲੋਂ ਕਵਾਲੀਆਂ ਦੀ ਮਹਿਫਲ ਸਜਾਈ ਜਾਵੇਗੀ। ਛੇ ਨਵੰਬਰ ਨੂੰ ਪੰਜਾਬ ਦੀ ਮਸ਼ਹੂਰ ਜੋੜੀ ਹਰਮਨ ਜਰਮਨ ਐਂਡ ਪਾਰਟੀ ਪ੍ਰੋਗਰਾਮ ਪੇਸ਼ ਕਰੇਗੀ ਅਤੇ 7 ਨਵੰਬਰ ਨੂੰ ਫਤਿਹ ਸ਼ੇਰਗਿੱਲ ਹਾਜਰੀ ਲਗਵਾਉਣਗੇ। ਮੇਲੇ ਦੇ ਅਖੀਰਲੇ ਦਿਨ 8 ਨਵੰਬਰ ਨੂੰ ਨਛੱਤਰ ਗਿੱਲ ਦਰਬਾਰ ਪ੍ਰੋਗਰਾਮ ਪੇਸ਼ ਕਰਨਗੇ ਉਪਰੰਤ ਦੇਰ ਰਾਤ ਤੱਕ ਧਰਮਵੀਰ ਪਰਦੇਸੀ ਵੱਲੋਂ ਧਾਰਮਿਕ ਡਰਾਮਾ ਖੇਡਿਆ ਜਾਵੇਗਾ।



# 4 ਮਹੀਨਿਆਂ ਦੌਰਾਨ 316 ਕਰੋੜ ਰੁਪਏ ਦੇ ਨਿਵੇਸ਼ ਨੂੰ ਪ੍ਰਵਾਨਗੀ : ਸਾਰੰਗਲ



**ਜਲੰਧਰ ( ਸ਼ੈਲੀ ਐਲਬਰਟ)**

ਪੰਜਾਬ ਸਰਕਾਰ ਵਲੋਂ ਉਦਯੋਗਾਂ ਨੂੰ ਮੁਹੱਈਆ ਕਰਵਾਏ ਜਾ ਰਹੇ ਸਾਜਗਾਰ ਮਾਹੌਲ, ਬਿਹਤਰੀਨ ਬੁਨਿਆਦੀ ਢਾਂਚਾ, ਪਾਰਦਰਸ਼ੀ ਪ੍ਰਸ਼ਾਸਨ, ਜਲਦ ਪ੍ਰਵਾਨਗੀ ਅਤੇ ਸਰਕਾਰ ਦੀਆਂ ਉਦਯੋਗ ਪੱਖੀ ਨੀਤੀਆਂ ਸਦਕਾ ਜਲੰਧਰ ਵਿੱਚ ਬੀਤੇ 4 ਮਹੀਨੇ ਦੌਰਾਨ 316 ਕਰੋੜ ਰੁਪਏ ਦਾ ਨਿਵੇਸ਼ ਪ੍ਰਵਾਨ ਕੀਤਾ ਗਿਆ ਹੈ। 23 ਮਈ ਤੋਂ 30 ਸਤੰਬਰ ਤੱਕ 316.12 ਕਰੋੜ ਰੁਪਏ ਦੇ ਨਿਵੇਸ਼ ਤਜਵੀਜ਼ਾਂ ਨੂੰ ਆਕਰਸ਼ਿਕ ਕੀਤਾ ਗਿਆ ਹੈ। ਡਿਪਟੀ ਕਮਿਸ਼ਨਰ ਵਿਸ਼ੇਸ਼ ਸਾਰੰਗਲ ਜੋ ਕਿ ਜ਼ਿਲ੍ਹਾ ਬਿਊਰੋ ਆਫ਼ ਇੰਡਸਟਰੀ ਅਤੇ ਇੰਨਵੈਸਟਮੈਂਟ ਪ੍ਰਮੋਸ਼ਨ (ਡੀ.ਬੀ.ਆਈ.ਆਈ.ਪੀ) ਦੇ ਮੁੱਖ ਕਾਰਜਕਾਰੀ ਅਧਿਕਾਰੀ ਵੀ ਹਨ , ਨੇ ਦੱਸਿਆ ਕਿ 70 ਪ੍ਰੋਜੈਕਟਾਂ ਜਿਨ੍ਹਾਂ ਵਿੱਚ ਰੀਅਲ ਅਸਟੇਟ, ਸਿਹਤ, ਫੂਡ, ਮਿਨਰਲ ਵਾਟਰ, ਹੈਂਡ ਟੂਲਜ਼, ਰਬੜ, ਹਾਰਡਵੇਅਰ, ਆਟੋ ਪਾਰਟਸ, ਟਾਇਰ ਅਤੇ ਮਿਲਿੰਗ ਉਦਯੋਗ ਆਦਿ ਸ਼ਾਮਿਲ ਹਨ ਨੂੰ ਪ੍ਰਵਾਨਗੀਆਂ ਦਿੱਤੀਆਂ ਗਈਆਂ ਹਨ। ਮੁੱਖ ਕਾਰਜਕਾਰੀ ਅਧਿਕਾਰੀ ਨੇ ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਨਵੇਂ ਉਦਯੋਗਾਂ ਲਈ ਜਲੰਧਰ ਸਭ ਤੋਂ ਵੱਡੀ ਪਸੰਦੀਦਾ ਥਾਂ ਬਣ ਕੇ ਉਭਰਿਆ ਹੈ ਅਤੇ ਇਨਾਂ ਉਦਯੋਗਿਕ ਯੂਨਿਟਾਂ ਨਾਲ ਹਜ਼ਾਰਾਂ ਨੌਜਵਾਨਾਂ ਲਈ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਹੋਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀ ਅਸਾਨੀ ਨਾਲ ਆਪਣਾ ਵਪਾਰ ਕਰਨ ਦੀ ਵਚਨਬੱਧਤਾ, ਪਾਰਦਰਸ਼ੀ ਅਤੇ ਜਿੰਮੇਵਾਰ ਪ੍ਰਸ਼ਾਸਨ, ਵਧੀਆ ਬੁਨਿਆਦੀ ਢਾਂਚਾ ਅਤੇ ਜਲਦ ਪ੍ਰਵਾਨਗੀਆਂ ਸਦਕਾ ਉਦਯੋਗਾਂ ਲਈ ਸਾਜ਼ਗਾਰ ਤੇ ਢੁੱਕਵਾਂ ਮਾਹੌਲ ਬਣ ਸਕਿਆ ਹੈ। ਉਨ੍ਹਾਂ ਦੱਸਿਆ ਕਿ ਵੱਖ-ਵੱਖ ਵਿਭਾਗਾਂ ਜਿਵੇਂ ਉਦਯੋਗ ਅਤੇ ਵਪਾਰ, ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ, ਸਥਾਨਕ ਸਰਕਾਰਾਂ, ਕਿਰਤ, ਫੈਕਟਰੀਜ਼, ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ, ਜੰਗਲਾਤ, ਲੋਕ ਨਿਰਮਾਣ, ਟੈਕਟੇਸ਼ਨ, ਪੰਜਾਬ ਸਮਾਲ ਇੰਡਸਟਰੀਜ਼ ਐਕਸਪੋਰਟ ਕਾਰਪੋਰੇਸ਼ਨ ਦੇ ਅਧਿਕਾਰੀਆਂ ਵਲੋਂ ਉਦਯੋਗਿਕ ਯੂਨਿਟਾਂ ਨੂੰ ਇਨਵੈਸਟ ਪੰਜਾਬ ਬਿਜਨਸ ਫਸਟ ਪੋਰਟਲ ਰਾਹੀਂ ਆਨਲਾਈਨ ਕਲੀਅਰੈਂਸ / ਪ੍ਰਵਾਨਗੀਆਂ/ ਐਨ.ਓ.ਸੀਜ਼ ਸਮੇਂ ਸਿਰ ਜਾਰੀ ਕਰਨ ਲਈ ਹਰ ਹਫ਼ਤੇ ਮੰਗਲਵਾਰ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਮੀਟਿੰਗ ਕੀਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਬੰਧਿਤ ਨੋਡਲ ਅਫ਼ਸਰ ਵਲੋਂ ਰੈਗੂਲੇਟਰੀ ਕਲੀਅਰੈਂਸਸ ਵੱਲ ਪੂਰੀ ਤਵੱਜੋਂ ਦੇਣ ਦੇ ਨਾਲ ਨਾਲ ਸਰਕਾਰ-ਉਦਯੋਗਾਂ ਦੀ ਫੀਡਬੈਕ ਨੂੰ ਨਿਯਮਤ ਤੌਰ 'ਤੇ ਯਕੀਨੀ ਬਣਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵਲੋਂ 14 ਸਤੰਬਰ ਨੂੰ ਸਰਕਾਰ-ਸਨਅਤਕਾਰ ਮਿਲਣੀ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਦੋਆਬਾ ਖੇਤਰ ਦੇ ਉਘੇ ਉਦਯੋਗਿਕ ਘਰਾਣਿਆਂ ਵਲੋਂ ਸ਼ਿਰਕਤ ਕੀਤੀ ਗਈ ਅਤੇ ਸਰਕਾਰ ਵਲੋਂ ਉਦਯੋਗਾਂ ਲਈ ਢੁੱਕਵਾਂ ਮਾਹੌਲ ਸਿਰਜਣ ਲਈ ਭਰਪੂਰ ਸ਼ਲਾਘਾ ਕੀਤੀ ਗਈ। ਸਾਰੰਗਲ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਨਿਵੇਸ਼ਕਾਂ ਨੂੰ ਆਪਣਾ ਉਦਯੋਗਿਕ ਯੂਨਿਟ ਸਥਾਪਿਤ ਕਰਨ ਲਈ ਹਰ ਸੰਭਵ ਮਦਦ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਉਦਯੋਗਪਤੀਆਂ ਨੂੰ ਹਰ ਸਹੂਲਤ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ ਅਤੇ ਇਨ੍ਹਾਂ ਦੀ ਸਹਾਇਤਾ ਲਈ ਪੁਖ਼ਤਾ ਢਾਂਚਾ ਪਹਿਲਾਂ ਹੀ ਤਿਆਰ ਕੀਤਾ ਜਾ ਚੁੱਕਾ ਹੈ ਜਿਸ ਤਹਿਤ ਨਵਾਂ ਯੂਨਿਟ ਸਥਾਪਿਤ ਕਰਨ ਲਈ ਤੁਰੰਤ ਪ੍ਰਵਾਨਗੀਆਂ ਦਿੱਤੀਆਂ ਜਾ ਰਹੀਆਂ ਹਨ ਤਾਂ ਜੋ ਉਹ ਜਲਦ ਤੋਂ ਜਲਦ ਆਪਣੇ ਉਦਯੋਗ ਸ਼ੁਰੂ ਕਰ ਸਕਣ। ਉਨ੍ਹਾਂ ਉਦਯੋਗਿਕ ਘਰਾਣਿਆਂ ਨੂੰ ਸੱਦਾ ਦਿੱਤਾ ਕਿ ਜ਼ਿਲ੍ਹੇ ਵਿੱਚ ਵੱਧ ਤੋਂ ਵੱਧ ਨਿਵੇਸ਼ ਕੀਤਾ ਜਾਵੇ ਕਿਉਂਕਿ ਜ਼ਿਲ੍ਹਾ ਪ੍ਰਸ਼ਾਸਨ ਵਲੋਂ ਜ਼ਿਲ੍ਹੇ ਵਿੱਚ ਉਦਯੋਗਿਕ ਪੱਖੀ ਮਾਹੌਲ ਸਿਰਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਉਨਾਂ ਦੇ ਨਿਵੇਸ਼ ਨਾਲ ਜਲੰਧਰ ਨਾ ਕੇਵਲ ਤਰੱਕੀ ਦੀਆਂ ਨਵੀਆਂ ਉਚਾਈਆਂ ਨੂੰ ਛੂਹੇਗਾ ਬਲਕਿ ਰੋਜ਼ਗਾਰ ਦੇ ਨਵੇਂ ਰਾਹ ਵੀ ਖੁੱਲਣਗੇ।


# Chaman Lal Setia Exports Ltd.

Delivers Stellar Performance During the Quarter Q2 FY24

Revenue up 16% YoY and EBITDA up 37% YoY




## 30 ਸਤੰਬਰ 2023 ਨੂੰ ਖਤਮ ਹੋਈ ਤਿਮਾਹੀ ਤੇ ਸਾਲ ਲਈ ਸਟੈਂਡਲੋਨ ਅਣ-ਆਡਿਟਸੁਦਾ ਮਾਲੀ ਨਤੀਜਿਆਂ ਦਾ ਸਾਰ

(ਰਕਮ ਲੱਖਾਂ 'ਚ ਸਿਵਾਏ ਈ ਪੀ ਐੱਸ ਡਾਟਾ)

| ਲੜੀ ਨੰ: | ਵੇਰਵੇ | ਤਿਮਾਹੀ ਖਤਮ | ਤਿਮਾਹੀ ਖਤਮ | ਤਿਮਾਹੀ ਖਤਮ | ਅੱਧਾ ਸਾਲ ਖਤਮ | ਸਾਲ ਖਤਮ |
|---|---|---|---|---|---|---|
| | | 30.09.2023 | 30.06.2023 | 30.09.2022 | 30.09.2023 | 31.03.2023 |
| | | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਅਣ-ਪੜਤਾਲੇ) | (ਪੜਤਾਲੇ) |
| 1. | ਕਾਰੋਬਾਰਾਂ (ਨੈੱਟ) ਤੋਂ ਕੁੱਲ ਆਮਦਨ | 30867.68 | 26335.27 | 26645.68 | 57202.95 | 138734.63 |
| 2. | ਸਮੇਂ ਲਈ ਸ਼ੁੱਧ ਲਾਭ (ਟੈਕਸ ਤੋਂ ਪਹਿਲਾਂ, ਅਸਧਾਰਨ ਅਤੇ/ਜਾਂ ਗੈਰ ਸਧਾਰਨ ਆਈਟਮਾਂ) | 3511.74 | 3681.16 | 2630.71 | 7192.90 | 15720.04 |
| 3. | ਟੈਕਸ ਤੋਂ ਪਹਿਲਾਂ ਸਮੇਂ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ) | 3511.74 | 3681.16 | 2630.71 | 7192.90 | 15720.04 |
| 4. | ਟੈਕਸ ਮਗਰੋਂ ਸਮੇਂ ਲਈ ਸ਼ੁੱਧ ਲਾਭ (ਖਾਸ ਅਤੇ/ਜਾਂ ਅਸਧਾਰਨ ਆਈਟਮਾਂ ਮਗਰੋਂ) | 2622.90 | 2746.90 | 2019.59 | 5369.80 | 11766.79 |
| 5. | ਸਮੇਂ ਲਈ ਕੁੱਲ ਵਿਆਪਕ ਆਮਦਨ | 2622.90 | 2746.90 | 2019.59 | 5369.80 | 11766.79 |
| 6. | ਇਕੁਇਟੀ ਸ਼ੇਅਰ ਕੈਪੀਟਲ | 1034.67 | 1034.67 | 1034.67 | 1034.67 | 1034.67 |
| 7. | ਰਿਜ਼ਰਵਜ਼ ( ਰੀਵੈਲੂਏਸ਼ਨ ਰਿਜ਼ਰਵ ਤੋਂ ਬਗੈਰ) | | | | | 59811.01 |
| 8. | ਕਮਾਈ ਪ੍ਰਤੀ ਸ਼ੇਅਰ (ਰੁ: 2/- ਹਰੇਕ) (ਚਾਲੂ ਕੀਤੇ ਅਤੇ ਬੰਦ ਕੀਤੇ ਕਾਰੋਬਾਰਾਂ ਲਈ) * | | | | | |
| | ਬੇਸਿਕ | 5.07 | 5.31 | 3.90 | 10.38 | 22.76 |
| | ਡਿਲਿਊਟਡ | 5.07 | 5.31 | 3.90 | 10.38 | 22.76 |
| | * ਸਾਲਾਨਾ ਨਹੀਂ | | | | | |

ਉਪਰੋਕਤ, ਨਤੀਜੇ ਸੇਬੀ (ਲਿਸਟਿੰਗ ਆਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੈਗੂਲੇਸ਼ਨਜ਼ 2015 ਦੇ ਰੈਗੂਲੇਸ਼ਨ 33 ਤਹਿਤ 30.09.2023 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਸਟੈਂਡਲੋਨ ਆਡਿਟਸ਼ੁਦਾ ਵਿੱਤੀ ਨਤੀਜਿਆਂ ਦੀ ਸਟਾਕ ਐਕਸਚੇਂਜਜ਼ ਨੂੰ ਫਾਈਲ ਕੀਤਾ ਸਟੇਟਮੈਂਟ ਦੇ ਵਿਸਥਾਰਤ ਫਾਰਮਟ ਦਾ ਸਾਰ ਹੈ। 30.09.2023 ਨੂੰ ਖਤਮ ਹੋਈ ਤਿਮਾਹੀ ਅਤੇ ਅੱਧੇ ਸਾਲ ਦੇ ਸਟੈਂਡਲੋਨ ਅਣ-ਆਡਿਟਸ਼ੁਦਾ ਵਿੱਤੀ ਨਤੀਜਿਆਂ ਦੀ ਸਟੇਟਮੈਂਟ ਦਾ ਪੂਰਾ ਫਾਰਮਟ, ਸਟਾਕ ਐਕਸਚੇਂਜ ਵੈੱਬਸਾਈਟ www.bseindia.com ਅਤੇ www.nseindia.com ਨਾਲ ਹੀ ਕੰਪਨੀ ਦੀ ਵੈੱਬਸਾਈਟ (www.clsel.in) 'ਤੇ ਉਪਲੱਬਧ ਹੈ।

ਸਥਾਨ : ਗੁਰੂਗ੍ਰਾਮ
ਮਿਤੀ : 2.11.2023

ਵਾਸਤੇ ਚਮਨ ਲਾਲ ਸੇਤੀਆ ਐਕਸਪੋਰਟਸ ਲਿਮ:
(ਰਾਜੀਵ ਸੇਤੀਆ)
ਜਾਇੰਟ ਮੈਨੇਜਿੰਗ ਡਾਇਰੈਕਟਰ ਅਤੇ ਸੀ ਐੱਫ ਓ
(ਡੀ ਆਈ ਐੱਨ 01125921)

## ਚਮਨ ਲਾਲ ਸੇਤੀਆ ਐਕਸਪੋਰਟਸ ਲਿਮ:

(ਸਰਕਾਰ ਵੱਲੋਂ ਮਾਨਤਾ ਪ੍ਰਾਪਤ ਸਟਾਰ ਐਕਸਪੋਰਟ ਹਾਊਸ) ਸੀ ਆਈ ਐੱਨ : L51909PB 1994 PLC015083

Maharani Basmati Rice | Zafar | GREEN World | Mithas Reserve Basmati Rice | Roopalee | Begum

Regd. Office: Meerankot Road, P.O. Central Jail, Ajnala Road, AMRITSAR-143002 (INDIA)
Corpt. Office: 472, Udyog Vihar Phase 3, Gurugram RICE MILLS: Karnal - Kaithal Road| Gujarat - Gandhidham
Ph: +91 124 4745900 E-mail: clsetia@rediffmail.com Website: www.clsel.in, www.maharanirice.in